
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



11ਵੇਂ ਸਾਲ 'ਚ ਪ੍ਰਵੇਸ਼ — ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE -1
April 13, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਅਦਾਰਾ 'ਦੇਸ਼ ਦੁਆਬਾ' ਵੱਲੋਂ ਆਪ ਸਭ ਨੂੰ ਵਿਸਾਖ, ਵਿਸਾਖੀ, ਖਾਲਸਾ ਜੀ ਦੇ ਸਾਜਨਾ ਦਿਵਸ, ਵਿਸਾਖੀ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗੁਰਗੱਦੀ ਦਿਵਸ ਦੀਆਂ ਬਹੁਤ ਬਹੁਤ ਮੁਬਾਰਕਾਂ ਹੋਵਣ ਜੀ। ਅਦਾਰਾ 'ਦੇਸ਼ ਦੁਆਬਾ' ਜਲਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਨਿੱਘੀ ਸ਼ਰਧਾਂਜਲੀ ਦਿੰਦਾ ਹੈ।



ਅਦਾਰਾ 'ਦੇਸ਼ ਦੁਆਬਾ' ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 131ਵੇਂ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ। (ਸਬੰਧਿਤ ਸੰਪਾਦਕੀ, ਲੇਖ ਅਤੇ ਇਸ਼ਤਿਹਾਰ ਅੰਦਰ ਦੇਖੋ)

# ਮੁੱਖ ਮੰਤਰੀ ਭਗਵੰਤ ਮਾਨ ਰਾਸ਼ਟਰਪਤੀ ਅਤੇ ਉਪਰਾਸ਼ਟਰਪਤੀ ਨੂੰ ਮਿਲੇ

## ਪੰਜਾਬ ਦੇ ਅਫਸਰਾਂ ਨੂੰ ਕੇਜਰੀਵਾਲ ਟੀਮ ਵੱਲੋਂ ਦਿੱਲੀ ਸੱਦੇ ਜਾਣ ਨਾਲ ਵਿਵਾਦ ਛਿੜਿਆ

**ਨਵੀਂ ਦਿੱਲੀ (ਬਿਊਰੋ)–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਥੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਅਤੇ ਉਪ ਰਾਸ਼ਟਰਪਤੀ ਐੱਮ ਵੈਂਕਈਆ ਨਾਇਡੂ ਨਾਲ ਵੱਖ-ਵੱਖ ਮੀਟਿੰਗਾਂ ਕੀਤੀਆਂ। ਪੰਜਾਬ ਦਾ ਮੁੱਖ ਮੰਤਰੀ ਬਣਨ ਤੋਂ ਬਾਅਦ ਭਗਵੰਤ ਮਾਨ ਦੀ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਨਾਲ ਇਹ ਪਹਿਲੀ ਮੁਲਾਕਾਤ ਹੈ। ਇਸ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਅਤੇ ਉਪ ਰਾਸ਼ਟਰਪਤੀ ਵੈਂਕਈਆ ਨਾਇਡੂ ਨਾਲ ਮੁਲਾਕਾਤ ਲਈ ਦਿੱਲੀ ਪਹੁੰਚੇ।

ਇੱਧਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਦੇ ਅਫਸਰਾਂ ਨੂੰ ਓਥੇ ਸੱਦ ਕਰ ਕੇ ਮੀਟਿੰਗਾਂ ਕਰਨ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਚਰਚਾ ਵਿੱਚ ਆ ਗਈ ਹੈ। ਵਿਰੋਧੀ ਧਿਰਾਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੂੰ ਅਸਲ ਸੁਪਰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਚਲਾ ਰਹੇ ਹਨ।



ਅਕਾਲੀ ਦਲ, ਭਾਜਪਾਅਤੇ ਕਾਂਗਰਸ ਨੇ ਇਸ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਜਵਾਬ ਮੰਗਿਆ ਹੈ।

ਅਸਲ ਵਿੱਚ ਪੰਜਾਬ ਦੇ ਲੋਕਾਂ ਨੂੰ ਮੁਫਤ ਬਿਜਲੀ ਦੇਣ ਦੇ ਮੁੱਦੇ ਉੱਤੇ ਆਮ ਆਦਮੀ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਅਧਿਕਾਰੀਆਂ ਨਾਲ ਦਿੱਲੀ ਵਿੱਚ ਮੀਟਿੰਗ ਕੀਤੀ ਹੈ, ਜਿਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜਾਂ ਪੰਜਾਬ ਦੇ ਬਿਜਲੀ ਮੰਤਰੀ ਮੌਜੂਦ ਨਹੀਂ ਸਨ। ਇਸ ਕਾਰਨ ਵਿਰੋਧੀ ਧਿਰਾਂ ਨੂੰ ਮੌਕਾ ਮਿਲ ਗਿਆ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਫਿਰ ਵਿਰੋਧੀ ਧਿਰ ਦੇ ਨਿਸ਼ਾਨੇ ਉੱਤੇ ਆ ਗਈ ਹੈ।

ਬੀਤੇ ਸੋਮਵਾਰ ਦਿੱਲੀ ਵਿੱਚ ਹੋਈ ਮੀਟਿੰਗ ਮੌਕੇ ਪੰਜਾਬ ਦੇ ਚੀਫ ਸੈਕ-ਟਰੀ ਅਨਿਰੁਧ ਤਿਵਾੜੀ, ਪਾਵਰ ਸੈਕਟਰੀ ਦਲੀਪ ਕੁਮਾਰ ਅਤੇ ਪੰਜਾਬ ਪਾਵਰਕਾਮ (ਪੀਐੱਸਪੀਸੀਐੱਲ) ਦੇ ਚੇਅਰਮੈਨ ਬਲਦੇਵ ਸਿੰਘ ਸਰਾਂ ਨਾਲ ਪੰਜਾਬ ਦੇ ਲੋਕਾਂ ਨੂੰ ਮੁਫ਼ਤ

**(ਬਾਕੀ ਸਫਾ 3 'ਤੇ)**

# A MATTER OF GREAT PRIDE

It is a matter of great pride and honor to share with our esteemed readers, contributors and sympathizers that Ambedkar Times has successfully touched its 14th year (on March 15, 2022) of continuous onwards journey in the service of society, and Desh Doaba has begun its 11th year of uninterrupted journey of publication on April 13, 2022. Once again our sincere thanks for your cooperation and blessings for the continuous publication of these two English and Punjabi Weeklies respectively.

**Prem Kumar Chumber**

**Editor-in-Chief: Desh Doaba & Ambedkar Times**



SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996 jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਗੁਰੂ ਪਿਆਰੀ ਸਾਧ ਸੰਗਤ ਨੂੰ ਵਿਸਾਖ, ਵਿਸਾਖੀ, ਖਾਲਸਾ ਜੀ ਦੇ ਸਥਾਪਨਾ ਦਿਵਸ ਅਤੇ ਡਾ. ਅੰਬੇਡਕਰ ਦੇ 131ਵੇਂ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ







**April 15-16-17, 2022**

**Vaisakhi Festival by Bhai Kashmiri Bhatia and Bibi Kamaljit Bhatia**

Akhand Path Sahib and Langar Sewa will be hosted by Bhai Kashmiri Bhatia, Bibi Kamaljit Bhatia and family for this celebration. Vaisakhi is a harvest festival and commemoration of the founding of the Khalsa Panth by Guru Gobind Singh Ji. Akhand Path will start on Friday April 15, 2022 at 10:00 AM and will conclude with Bhog ceremony on Sunday April 17, 2022.

**April 22-23-24, 2022**

**131st Birth Anniversary of Babasaheb Dr. B.R. Ambedkar**

131st Birth anniversary of Bharat Rattan Dr. B.R. Ambedkar, father of the Indian Constitution, will be celebrated on April 24, 2022 in the Gurughar by entire Sangat. Akhand Path will start on Friday April 22, 2022 at 10:00 AM and will conclude with Bhog ceremony on Sunday April 24, 2022.

He was jurist, economist, visionary a humanitarian, great leader and renowned social reformer. Babasahib spoke unequivocally against the inequality, injustice and discrimination. Sukhmani Sahib Path and langar Sewa will be hosed by the Sangat

**"NANAK NAM CHARDI KALA TERE BHANE SARBAT DA BHALA"**

**www.sriguru╌ravidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Jagtar Singh Bhatia | Abhishek Pal Narabut | Sunita Singh |

# ਬਹਿਬਲ ਕਲਾਂ ਦੇ ਸ਼ਹੀਦਾਂ ਸਣੇ ਸੱਤ ਹਸਤੀਆਂ ਦੇ ਫੋਟੋ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਾਏ ਗਏ

**ਅੰਮ੍ਰਿਤਸਰ–** ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਕੇਂਦਰੀ ਸਿੱਖ ਅਜ-ਾਇਬ ਘਰ ਵਿੱਚ ਕੱਲ੍ਹ ਸੱਤ ਸ਼ਖ਼ਸੀਅਤਾਂ ਦੀਆਂ ਫੋਟੋ ਲਾਈਆਂ ਗਈਆਂ, ਜਿਨ੍ਹਾਂ ਵਿਚ ਬਹਿਬਲ ਕਲਾਂ ਦੇ ਸ਼ਹੀਦ ਭਾਈ ਕ੍ਰਿਸ਼ਨ ਭਗਵਾਨ ਸਿੰਘ ਅਤੇ ਭਾਈ ਗੁਰਜੀਤ ਸਿੰਘ ਸਰਾਵਾਂ, ਜੋਧਪੁਰ ਬੰਦੀ ਸਿੰਘਾਂ ਦੀ ਰਿਹਾਈ ਦੇ ਯਤਨ ਕਰਨ ਵਾਲੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਹਰਬੰਸ ਸਿੰਘ ਘੁੰਮਣ, ਸ੍ਰੀ ਹਰਿਮੰਦਰ ਸਾਹਿਬ ਦੀ ਨੱਕਾਸ਼ੀ ਵਿੱਚ ਯੋਗਦਾਨ ਵਾਲੇ ਜੀ ਐਸ ਸੋਹਨ ਸਿੰਘ, ਸੰਤ ਪ੍ਰਿਥੀਪਾਲ ਸਿੰਘ ਸੱਯਦ, ਇੰਜੀਨੀਅਰ ਡਾ। ਜਸਵੰਤ ਸਿੰਘ ਗਿੱਲ, ਬ੍ਰਿਗੇਡੀਅਰ ਪ੍ਰੀਤਮ ਸਿੰਘ ਸ਼ਾਮਲ ਹਨ। ਇਨ੍ਹਾਂ ਦੀਆਂ ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ਼੍ਰੋਮਣੀ



ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਹਰਮਿੰਦਰ ਸਾਹਿਬ ਦੇ ਐਡੀਸ਼ਨਲ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਨਿਭਾਈ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਜਿਨ੍ਹਾਂ ਲੋਕਾਂ ਨੇ ਗੁਰਮਤਿ ਦੀਆਂ ਪੈੜਾਂ ਉੱਤੇ ਚੱਲ ਕੇ ਪੰਥਕ ਸੇਵਾ ਨਿਭਾਈ ਹੈ, ਉਹ ਕੌਮ ਲਈ ਸਤਿਕਾਰਯੋਗ ਹਨ ਅਤੇ ਪੰਥਕ ਸਨਮਾਨ ਵੱਜੋਂ ਉਨ੍ਹਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬਘਰ ਵਿੱਚ ਲਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਸ਼ਖ਼ਸੀਅਤਾਂ ਕੌਮ ਲਈ ਪ੍ਰੇਰਣਾ ਸਰੋਤ ਹਨ, ਜਿਨ੍ਹਾਂ ਬਾਰੇ ਕੇਂਦਰੀ ਸਿੱਖ ਅਜਾਇਬਘਰ ਵਿੱਚ ਆਈਆਂ ਸੰਗਤਾਂ ਨੂੰ ਜਾਣਕਾਰੀ ਮਿਲੇਗੀ। ਇਸ ਮੌਕੇ ਇਨ੍ਹਾਂ ਸ਼ਖ਼ਸੀਅਤਾਂ ਦੇ ਪਰਵਾਰਕ ਮੈਂਬਰ ਨੂੰ ਸਿਰੋਪਾਓ ਵੀ ਦਿੱਤੇ ਗਏ।

# ਪ੍ਰਧਾਨ ਮੰਤਰੀ ਵੱਲੋਂ ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ



**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ 1919 ਦੇ ਜਲ੍ਹਿਆਂਵਾਲਾ ਕਤਲੇਆਮ ਵਿਚ ਜਾਨ ਗਵਾਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀ ਲਾਸਾਨੀ ਹਿੰਮਤ ਅਤੇ ਕੁਰਬਾਨੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਨਾ ਦਿੰਦੀ ਰਹੇਗੀ।

# ਸ਼ਾਹਬਾਜ਼ ਸ਼ਰੀਫ਼ ਨੇ ਮੋਦੀ ਦਾ ਕੀਤਾ ਧੰਨਵਾਦ, ਕਿਹਾ- ਭਾਰਤ ਨਾਲ ਬਿਹਤਰ ਸਬੰਧ ਤੇ ਵਿਵਾਦਾਂ ਨੂੰ ਚਾਹੁੰਦੇ ਹਨ ਸੁਲਝਾਉਣਾ

**ਇਸਲਾਮਾਬਾਦ** – ਪਾਕਿਸਤਾਨ ਦੇ ਨਵ-ਨਿਯੁਕਤ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਸ਼ੁਭਕਾਮਨਾਵਾਂ ਦੇ ਬਦਲੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਆਪਣੇ ਸੰਦੇਸ਼ ਵਿੱਚ ਕਿਹਾ ਹੈ ਕਿ ਉਹ ਭਾਰਤ ਨਾਲ ਸ਼ਾਂਤੀਪੂਰਨ ਅਤੇ ਮਜ਼ਬੂਤ ਸਬੰਧ ਬਣਾਉਣ ਦੇ ਇੱਛੁਕ ਹਨ। ਉਸ ਨੇ ਇਹ ਵੀ ਕਿਹਾ ਹੈ ਕਿ ਉਹ ਭਾਰਤ ਨਾਲ ਜੰਮੂ-ਕਸ਼ਮੀਰ ਸਮੇਤ ਸਾਰੇ ਮੁੱਦਿਆਂ ਨੂੰ ਹੱਲ ਕਰਨਾ ਚਾਹੁੰਦਾ ਹੈ। ਸ਼ਾਹਬਾਜ਼ ਨੇ ਕਿਹਾ ਕਿ ਪਾਕਿਸਤਾਨ ਵੀ ਅੱਤਵਾਦ ਦੀ ਅੱਗ 'ਚ ਬਹੁਤ ਕੁਝ ਗੁਆ ਚੁੱਕਾ ਹੈ, ਹੁਣ ਉਹ ਸ਼ਾਂਤੀ ਸਥਾਪਿਤ ਕਰਨਾ ਚਾਹੁੰਦਾ ਹੈ। ਨਵੇਂ ਪ੍ਰਧਾਨ ਸ਼ਾਹਬਾਜ਼ ਸ਼ਰੀਫ ਨੇ ਸੋਮਵਾਰ ਨੂੰ ਦੇਸ਼ ਦੇ 23ਵੇਂ ਪ੍ਰਧਾਨ ਮੰਤਰੀ ਦੇ ਰੂਪ 'ਚ ਕਾਰਜਕਾਰੀ ਪ੍ਰਧਾਨ ਸ਼ਾਹਬਾਜ਼ ਸ਼ਰੀਫ ਨੂੰ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁਕਾਈ। ਇਸ ਤੋਂ ਬਾਅਦ ਆਪਣੇ ਪਹਿਲੇ ਸੰਬੋਧਨ ਵਿੱਚ ਭਾਰਤ ਨਾਲ ਸਬੰਧ ਸੁਧਾਰਨ ਦੇ ਨਾਲ-ਨਾਲ ਕਸ਼ਮੀਰ ਦਾ ਰਾਗ ਵੀ ਉਭਾਰਿਆ। ਉਨ੍ਹਾਂ ਨੇ ਕਿਹਾ ਸੀ ਕਿ ਸ਼ਰੀਫ ਸਰਕਾਰ 'ਚ ਭਾਰਤ ਨਾਲ ਰਿਸ਼ਤੇ ਬਿਹਤਰ ਹੋਏ ਹਨ।



ਭਾਰਤ ਦੀ ਤਰਫ਼ੋਂ ਉਨ੍ਹਾਂ ਨੂੰ ਵਧਾਈ ਦਿੰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕੀਤਾ ਕਿ ਸ਼ਾਹਬਾਜ਼ ਸ਼ਰੀਫ ਨੂੰ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਬਣਨ 'ਤੇ ਵਧਾਈ। ਭਾਰਤ ਪੂਰੇ ਖੇਤਰ ਵਿੱਚ ਸ਼ਾਂਤੀ ਅਤੇ ਸਥਿਰਤਾ ਚਾਹੁੰਦਾ ਹੈ। ਇਸ ਦੇ ਨਾਲ ਹੀ ਪੂਰੇ ਖੇਤਰ ਨੂੰ ਅੱਤਵਾਦ ਮੁਕਤ ਬਣਾਉਣਾ ਭਾਰਤ ਦੀ ਤਰਜੀਹ ਹੈ। ਇਸ ਲਈ, ਸਾਡੀ ਤਰਜੀਹ ਆਰਥਿਕ ਵਿਕਾਸ ਦੀਆਂ ਚੁਣੌਤੀਆਂ ਨਾਲ ਨਜਿੱਠਣਾ ਅਤੇ ਆਪਣੇ ਲੋਕਾਂ ਦੇ ਵਿਕਾਸ ਨੂੰ ਯਕੀਨੀ ਬਣਾਉਣਾ ਹੈ। ਧਿਆਨ ਯੋਗ ਹੈ ਕਿ ਪਾਕਿਸਤਾਨ 'ਚ ਲੰਬੇ ਸਿਆਸੀ ਰੁਕਾਵਟ ਤੋਂ ਬਾਅਦ ਸ਼ਾਹਬਾਜ਼ ਦੇ ਹੱਥਾਂ 'ਚ ਸੱਤਾ ਆ ਗਈ ਹੈ। ਸ਼ਾਹਬਾਜ਼ ਸ਼ਰੀਫ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਭਰਾ ਹਨ। ਉਨ੍ਹਾਂ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਪੰਜਾਬ ਵਿਧਾਨ ਸਭਾ ਤੋਂ ਕੀਤੀ ਸੀ। ਇਸ ਤੋਂ ਬਾਅਦ ਉਹ ਪੰਜਾਬ ਦੇ ਸੀਐਮ ਵੀ ਰਹੇ। ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਉਹ ਇੱਕ ਵਪਾਰੀ ਸਨ। ਉਸਦਾ ਇੱਕ ਪੁੱਤਰ ਹਮਜ਼ਾ ਰਾਜਨੀਤੀ ਵਿੱਚ ਉਸਦਾ ਸਮਰਥਨ ਕਰਦਾ ਹੈ ਅਤੇ ਦੂਜਾ ਪੁੱਤਰ ਉਸਦਾ ਕਾਰੋਬਾਰ ਸੰਭਾਲਦਾ ਹੈ। ਸ਼ਾਹਬਾਜ਼ 'ਤੇ ਕਈ ਤਰ੍ਹਾਂ ਦੇ ਦੋਸ਼ ਵੀ ਲਗਾਏ ਗਏ ਸਨ।

# ਮੁੱਖ ਮੰਤਰੀ ਭਗਵੰਤ ਮਾਨ ਰਾਸ਼ਟਰਪਤੀ ਅਤੇ ਉਪਰਾਸ਼ਟਰਪਤੀ ਨੂੰ ਮਿਲੇ

(ਸਫਾ 1 ਦੀ ਬਾਕੀ)

ਬਿਜਲੀ ਬਾਰੇਵਿਚਾਰ ਹੋਈ ਸੀ। ਮੀਟਿੰਗ ਦੀ ਪ੍ਰਧਾਨਗੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕੀਤੀ ਤੇ ਉਨ੍ਹਾਂ ਨਾਲ ਦਿੱਲੀ ਦੇ ਮੰਤਰੀ ਸਤੇਂਦਰ ਜੈਨ ਅਤੇਪੰਜਾਬ ਤੋਂ ਰਾਜ ਸਭਾਮੈਂਬਰ ਰਾਘਵ ਚੱਢਾ ਵੀ ਸਨ, ਪਰ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਜਾਂ ਕੋਈ ਮੰਤਰੀ ਜਾਂ ਵੱਡਾ ਆਗੂ ਉਥੇ ਹਾਜ਼ਰ ਨਹੀਂ ਸੀ। ਅਕਾਲੀ ਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਕਿ ਉਹ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਯਕੀਨੀ ਕਰਨ ਕਿ ਇਸ ਰਾਜ ਦੀ ਸਰਕਾਰ ਨੂੰ ਦਿੱਲੀ ਦੀ ਆਮ ਆਦਮੀ ਪਾਰਟੀ ਸਰਕਾਰ ਨਾ ਚਲਾਵੇ ਅਤੇ ਨਾ ਇਸ ਨੂੰ ਕੇਂਦਰ ਸਰਕਾਰ ਆਪਣੇ ਅਧੀਨ ਸਮਝੇ। ਉਨ੍ਹਾ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਕਣਕ ਦਾ ਝਾੜ ਘੱਟ ਨਿਕਲਣ ਕਾਰਨ ਕਿਸਾਨਾਂ ਦੀ ਚਿੰਤਾ ਦੂਰ ਕਰਨ ਲਈ ਕੇਂਦਰ ਤੋਂ ਮੁਆਵਜ਼ਾ ਮੰਗਣ। ਇਸ ਵਿੱਚਮੁੱਖ ਮੰਤਰੀ ਭਗਵੰਤ ਮਾਨ ਤੋਂ ਦਖ਼ਲ ਦੀ ਮੰਗ ਕਰਦੇ ਹੋਏ ਸੀਨੀਅਰ ਅਕਾਲੀ ਆਗੂ ਡਾ। ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪੰਜਾਬੀ ਇਹ ਵੇਖ ਕੇ ਹੈਰਾਨ ਹਨ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਦੇ ਚੀਫ ਸੈਕਟਰੀਅਤੇ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਦੇ ਚੇਅਰਮੈਨ ਨਾਲ ਕਿਵੇਂ ਮੀਟਿੰਗਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੇ ਮਨਾਂ ਵਿੱਚ ਸ਼ੱਕ ਸੀ ਕਿ ਪੰਜਾਬ ਸਰਕਾਰ ਨੂੰ ਦਿੱਲੀ ਤੋਂ ਰਿਮੋਟ ਨਾਲ ਚਲਾਇਆ ਜਾਵੇਗਾਅਤੇ ਆਮ ਆਦਮੀ ਪਾਰਟੀ ਦੇ ਰਾਜਵਿੱਚ ਇਹ ਹੀ ਹੋ ਰਿਹਾ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਨੂੰ ਸੋਚਣਾ ਚਾਹੀਦਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਉਹ ਖੁਦ ਚੁਣੇ ਗਏ ਹਨ ਤੇ ਸਿਰਫ ਉਹੀ ਇਹ ਬੈਠਕਾਂ ਕਰ ਸਕਦੇ ਹਨ, ਇਹ ਹੱਕ ਦਿੱਲੀ ਦੇ ਮੁੱਖ ਮੰਤਰੀ ਨੂੰ ਨਾ ਦੇਣ। ਡਾ। ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦਿੱਲੀ ਰੁੱਝੇ ਰਹਿੰਦੇ ਹਨ ਤੇ ਪੰਜਾਬ ਦੇ ਗਵਰਨਰ ਇਸ ਰਾਜ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਮੀਟਿੰਗਾਂ ਕਰੀ ਜਾਂਦੇ ਹਨ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਸਿਆਟਲ ਵਿਚ ਗੁਰਦੁਆਰਾ ਰੈਨਟਨ ਦੇ ਗੁਰਮਤਿ ਖਾਲਸਾ ਸਕੂਲ ਵੱਲੋਂ ਦਸਤਾਰ ਮੁਕਾਬਲੇ







**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਗੁਰਦੁਆਰਾ ਸਿੰਘ ਸਭਾ ਰੈਨਟਨ ਵਿਚ ਗੁਰਮਤਿ ਖਾਲਸਾ ਸਕੂਲ ਵੱਲੋਂ ਦਸਤਾਰ ਮੁਕਾਬਲੇ ਕਰਵਾਏ, ਜਿੱਥੇ 4 ਤੋਂ 7 ਸਾਲ, 8 ਤੋਂ 12 ਸਾਲ ਅਤੇ 13 ਤੋਂ ਉਪਰ ਦੇ ਵਿਦਿਆਰਥੀਆਂ ਦੇ ਦਸਤਾਰ ਮੁਕਾਬਲੇ ਕਰਵਾਏ ਅਤੇ ਜੇਤੂਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ। ਪ੍ਰਿੰਸੀਪਲ ਈਸ਼ਰ ਸਿੰਘ ਗਰਚਾ ਨੇ ਆਪਣੇ ਭਾਸ਼ਣ ਵਿਚ ਆਪਣੇ ਵਾਲਾਂ ਦੀ ਸੰਭਾਲ ਦੇ ਦਸਤਾਰ ਸਜਾਉਣ ਤੇ ਜ਼ੋਰ ਦਿੱਤਾ। ਬੱਚਿਆਂ ਤੇ ਉਹਨਾਂ ਦੇ ਮਾਪਿਆਂ ਨੇ ਭਾਰੀ ਉਤਸ਼ਾਹ ਵਿਖਾਇਆ ਅਤੇ ਸੰਗਤ ਨੇ ਸ਼ਲਾਘਾ ਕੀਤੀ।

# ਸਿੱਧੂ ਦੀ ਛੁੱਟੀ, ਰਾਜਾ ਵੜਿੰਗ ਬਣੇ ਪੰਜਾਬ ਕਾਂਗਰਸ ਦੇ ਪ੍ਰਧਾਨ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਧਾਨ ਸਭਾ ਵਿੱਚ ਮਿਲੀ ਹਾਰ ਤੋਂ ਬਾਅਦ ਕਾਂਗਰਸ ਪਾਰਟੀ ਨੇ ਪਾਰਟੀ ਦੀ ਮੁੜ ਉਸਾਰੀ ਲਈ ਪਾਰਟੀ ਦੀ ਕਮਾਨ ਨੌਜਵਾਨਾਂ ਦੇ ਹੱਥਾਂ ਵਿੱਚ ਸੌਂਪ ਦਿੱਤੀ ਹੈ। ਪਾਰਟੀ ਵੱਲੋਂ ਗਿੱਦੜਬਾਹਾ ਤੋਂ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦਾ ਪ੍ਰਧਾਨ ਬਣਾਇਆ ਗਿਆ ਹੈ, ਜਦੋਂਕਿ ਪ੍ਰਤਾਪ ਸਿੰਘ ਬਾਜਵਾ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹੋਣਗੇ। ਇਸ ਸਮੇਂ ਬਾਜਵਾ ਵਿਧਾਨ ਸਭਾ ਦੇ ਸਭ ਤੋਂ ਸੀਨੀਅਰ ਵਿਧਾਇਕ ਹਨ, ਜੋ ਚਾਰ ਵਾਰ ਵਿਧਾਨ ਸਭਾ ਦੇ ਮੈਂਬਰ ਹੋਣ ਦੇ ਨਾਲ-ਨਾਲ ਲੋਕ ਸਭਾ ਅਤੇ ਦੋ ਵਾਰ ਰਾਜ ਸਭਾ ਦੇ ਮੈਂਬਰ ਵੀ ਰਹਿ ਚੁੱਕੇ ਹਨ।

ਕਾਂਗਰਸ ਪਾਰਟੀ ਦੀ ਇਸ ਹਰਕਤ ਕਾਰਨ ਮਾਝਾ ਬ੍ਰਿਗੇਡ ਨੂੰ ਝਟਕਾ ਲੱਗਾ ਹੈ। ਮਾਝਾ ਬ੍ਰਿਗੇਡ ਦੇ ਸੁਖਜਿੰਦਰ ਸਿੰਘ ਰੰਧਾਵਾ, ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਸੁਖਵਿੰਦਰ ਸਿੰਘ ਸਰਕਾਰੀਆ ਵਿਰੋਧੀ ਧਿਰ ਦੇ ਨੇਤਾ ਅਤੇ ਪਾਰਟੀ ਪ੍ਰਧਾਨ ਦੀ ਦੌੜ ਵਿੱਚ ਸਨ, ਪਰ ਪਾਰਟੀ ਨੇ ਮਾਲਵੇ ਨੂੰ ਸੂਬੇ ਦੀ ਕਮਾਨ ਸੌਂਪ ਕੇ ਸਥਿਤੀ ਨੂੰ ਸਪੱਸ਼ਟ ਕਰ ਦਿੱਤੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਪਾਰਟੀ ਕਿਸੇ ਤੇਜ਼ ਤਰਾਰਆਗੂ ਦੇ ਹੱਥਾਂ ਵਿੱਚ ਕਮਾਂਡ ਦੇ ਕੇ ਮੁੜ ਤੋਂ ਉਛਾਲ ਲੈਣਾ ਚਾਹੁੰਦੀ ਹੈ। ਅਮਰਿੰਦਰ ਸਿੰਘ ਰਾਜਾ ਵੜਿੰਗ, ਜੋ ਕਿ ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ, ਪਿਛਲੇ ਲਗਾਤਾਰ ਤਿੰਨ ਵਾਰ ਹਲਕਾ ਗਿੱਦੜਬਾਹਾ ਤੋਂ ਚੋਣ ਜਿੱਤਦੇ ਆ ਰਹੇ ਹਨ। ਭਾਵੇਂ ਇਸ ਵਾਰ ਉਹ ਪਾਰਟੀ ਦੇ ਸੀਨੀਅਰ ਆਗੂ ਅਤੇ ਵਿੱਤ ਮੰਤਰੀ ਮਨਪ੍ਰੀਤ ਬਾਦਲ 'ਤੇ ਹਲਕੇ-ਫੁਲਕੇ ਵਿਰੋਧ ਕਰਨ ਦੇ ਦੋਸ਼ ਲਾਉਂਦੇ ਆ ਰਹੇ ਹਨ, ਪਰ ਜਿੱਥੇ ਮਨਪ੍ਰੀਤ ਬਾਦਲ ਬਠਿੰਡਾ ਤੋਂ 65000 ਵੋਟਾਂ ਦੇ ਵੱਡੇ



ਫਰਕ ਨਾਲ ਚੋਣ ਹਾਰ ਗਏ, ਉਥੇ ਅਮਰਿੰਦਰ ਸਿੰਘ ਗਿੱਦੜਬਾਹਾ ਤੋਂ ਸਾਰੇ ਵਿਰੋਧਾਂ ਦੇ ਬਾਵਜੂਦ ਰਾਜਾ ਵੜਿੰਗ ਨੂੰ ਬਚਾਉਣ 'ਚ ਕਾਮਯਾਬ ਰਹੇ।

ਪਾਰਟੀ ਨੇ ਲੁਧਿਆਣਾ ਤੋਂ ਭਾਰਤ ਭੂਸ਼ਣ ਆਸ਼ੂ ਨੂੰ ਕਾਰਜਕਾਰੀ ਪ੍ਰਧਾਨ ਬਣਾ ਕੇ ਹਿੰਦੂ ਵਰਗ ਨੂੰ ਆਪਣੇ ਨਾਲ ਰੱਖਣ ਦੇ ਸੰਕੇਤ ਦਿੱਤੇ ਹਨ। ਹਾਲ ਹੀ 'ਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਭਾਵੇਂ ਭਾਰਤ ਭੂਸ਼ਣ ਆਸ਼ੂ ਆਪਣੀ ਸੀਟ ਨਹੀਂ ਬਚਾ ਸਕੇ ਪਰ ਉਨ੍ਹਾਂ ਦੀ ਗਿਣਤੀ ਵੀ ਤਿੱਖੇ ਨੇਤਾਵਾਂ 'ਚ ਹੁੰਦੀ ਹੈ। ਜਿੱਥੇ ਲੁਧਿਆਣਾ ਵਿੱਚ ਪਾਰਟੀ ਵਿੱਚ ਉਨ੍ਹਾਂ ਦੀ ਕਾਫੀ ਪਕੜ ਹੈ, ਉੱਥੇ ਹੀ ਹਿੰਦੂ ਭਾਈਚਾਰੇ ਵਿੱਚ ਵੀ ਉਨ੍ਹਾਂ ਦੀ ਚੰਗੀ ਪਛਾਣ ਹੈ। ਉਹ ਰਾਹੁਲ ਗਾਂਧੀ ਦੇ ਕਰੀਬੀ ਵੀ ਮੰਨੇ ਜਾਂਦੇ ਹਨ।

ਪਿਛਲੀ ਵਾਰ ਜਦੋਂ ਨਵਜੋਤ ਸਿੱਧੂ ਨੂੰ ਪਾਰਟੀ ਦੀ ਕਮਾਨ ਸੌਂਪੀ ਗਈ ਸੀ ਤਾਂ ਉਨ੍ਹਾਂ ਨਾਲ ਚਾਰ ਕਾਰਜਕਾਰੀ ਪ੍ਰਧਾਨ ਵੀ ਨਿਯੁਕਤ ਕੀਤੇ ਗਏ ਸਨ ਪਰ ਉਹ ਫਾਰਮੂਲਾ ਕਾਮਯਾਬ ਨਹੀਂ ਹੋਇਆ, ਜਿਸ ਕਾਰਨ ਪਾਰਟੀ ਨੇ ਇਸ ਵਾਰ ਆਪਣੀ ਗਲਤੀ ਨਹੀਂ ਦੁਹਰਾਈ।

ਦੂਜੇ ਪਾਸੇ ਪ੍ਰਤਾਪ ਸਿੰਘ ਬਾਜਵਾ ਨੂੰ ਵਿਰੋਧੀ ਧਿਰ ਦੇ ਨੇਤਾ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਪ੍ਰਤਾਪ ਸਿੰਘ ਬਾਜਵਾ ਨੇ ਜਿਸ ਤਰੀਕੇ ਨਾਲ ਆਪਣੀ ਭੂਮਿਕਾ ਨਿਭਾਈ ਹੈ ਅਤੇ ਵਿਧਾਨ ਸਭਾ ਦੇ ਹਾਲ ਹੀ ਦੇ ਸੈਸ਼ਨਾਂ ਵਿਚ ਆਪਣੇ ਤਜ਼ਰਬੇ ਦੀ ਵਰਤੋਂ ਕੀਤੀ ਹੈ, ਉਸ ਨੂੰ ਦੇਖਦਿਆਂ ਪ੍ਰਤਾਪ ਸਿੰਘ ਬਾਜਵਾ ਨੇ ਉਨ੍ਹਾਂ ਨੂੰ ਵਿਰੋਧੀ ਧਿਰ ਦਾ ਨੇਤਾ ਬਣਾਇਆ ਹੈ। ਇਸ ਦੇ ਨਾਲ ਹੀ ਪਾਰਟੀ ਨੇ ਡਾ: ਰਾਜਕੁਮਾਰ ਚੱਬੇਵਾਲ ਨੂੰ ਉਪ ਨੇਤਾ ਬਣਾ ਕੇ ਅਨੁਸੂਚਿਤ ਜਾਤੀਆਂ ਨੂੰ ਵੀ ਨੁਮਾਇੰਦਗੀ ਦਿੱਤੀ ਹੈ ।


NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020



Lic #0144676
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
www.nsbinsures.com
1519 Gary CT., Rohnert Park, CA 94928

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



# ਵਿਪਸਾ ਬੇ ਏਰੀਆ ਵਲੋਂ ਪੰਜਾਬੀ ਯੂਨੀਵਰਸਿਟੀ ਵਲੋਂ ਵਿਭਾਗਾਂ ਦੇ ਰਲੇਵੇਂ ਦੀ ਘੋਰ ਨਿੰਦਾ

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੇਫੋਰਨੀਆ ਬੇ ਏਰੀਆ ਦੀ ਭਰਵੀਂ ਮੀਟਿੰਗ ਹੋਈ । ਇਸ ਮੀਟਿੰਗ ਵਿੱਚ ਪੰਜਾਬੀ ਸਾਹਿਤ, ਸੱਭਿਆਚਾਰ ਵਿਰਾਸਤ ਅਤੇ ਇਤਿਹਾਸ ਨਾਲ ਸਬੰਧਿਤ ਵੱਖ ਵੱਖ ਪੱਖਾਂ ਬਾਰੇ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ । ਮੀਟਿੰਗ ਉਪਰੰਤ ਪ੍ਰੈਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ। ਸੁਖਵਿੰਦਰ ਕੰਬੋਜ ਅਤੇ ਜਨਰਲ ਸਕੱਤਰ ਕੁਲਵਿੰਦਰ ਸ਼ਾਇਰ ਵੱਲੋਂ ਦੱਸਿਆ ਗਿਆ ਕਿ ਅਜੋਕੇ ਸਮੇਂ ਪੰਜਾਬੀ ਭਾਸ਼ਾ ਦੇ ਨਾਮ ਤੇ ਬਣੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਪੰਜਾਬੀਆਂ ਦਾ ਇਤਿਹਾਸ ਸੁਰੱਖਿਅਤ ਨਹੀਂ ਨਹੀਂ ਹੈ। ਪਿਛਲੇ ਦਿਨੀਂ ਵਿੱਤੀ ਸੰਕਟ ਦਾ ਬਹਾਨਾ ਬਣਾ ਕੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਦਾ ਰਲੇਵਾਂ ਇਤਿਹਾਸ ਵਿਭਾਗ ਵਿੱਚ ਕੀਤਾ ਗਿਆ ਹੈ।ਇਸ ਤਰ੍ਹਾਂ ਪੰਜਾਬੀ ਸੱਭਿਆਚਾਰ ਅਤੇ ਖੇਤਰੀ ਅਧਿਐਨ ਨਾਲ ਸੰਬੰਧਿਤ ਵਿਭਾਗਾਂ ਦੇ ਰਲੇਵੇ ਦੀ ਪ੍ਰਕਿਰਿਆ ਵੀ ਸ਼ੁਰੂ ਕੀਤੀ ਜਾ ਰਹੀ ਹੈ ।ਉਨ੍ਹਾਂ ਕਿਹਾ ਕਿ ਉਨ੍ਹਾਂ ਕਿਹਾ ਕਿ ਦੋਵੇਂ ਵਿਭਾਗਾਂ ਦੇ ਰਲੇਵੇਂ ਨਾਲ ਜਿੱਥੇ ਪੰਜਾਬ ਦੇ ਇਤਿਹਾਸ ਦੇ ਵੱਖ ਵੱਖ ਪੱਖਾਂ ਨਾਲ ਸਬੰਧਤ ਖੋਜ ਦਾ ਕੰਮ ਪਹਿਲਾਂ ਪ੍ਰਭਾਵਤ ਹੋਵੇਗਾ ਤੇ ਅਖੀਰ ਵਿਚ ਬੰਦ ਹੀ ਹੋ ਜਾਵੇਗਾ। ਇਸ ਦੇ ਨਾਲ ਨੌਜਵਾਨ ਵਰਗ ਦੇ ਖੋਜਾਰਥੀਆਂ ਲਈ ਨੌਕਰੀਆਂ, ਖੋਜ ਅਤੇ ਰੋਜ਼ਗਾਰ ਦੇ ਹੋਰ ਸਾਧਨ ਵੀ ਖ਼ਤਮ ਹੋ ਜਾਣਗੇ ।

ਇਸ ਲਈ ਜਿਥੇ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਅਮਰੀਕਾ ਰਲੇਵੇਂ ਦੀ ਪ੍ਰਕਿਰਿਆ ਦੀ ਘੋਰ ਨਿੰਦਾ ਕਰਦੀ ਹੈ ਉੱਥੇ ਨਾਲ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰਸ਼ਾਸਨ ਨੂੰ ਅਪੀਲ ਕਰਦੀ ਹੈ ਕਿ ਪੰਜਾਬ ਦੇ ਇਤਿਹਾਸ ਨਾਲ ਸਬੰਧਿਤ ਖੋਜ ਵਿਭਾਗ ਦੀ ਪਹਿਲਾਂ ਵਾਲੀ ਸਥਿਤੀ ਨੂੰ ਮੁੜ ਬਹਾਲ ਕੀਤਾ ਜਾਵੇ ।

**ਰਿਪੋਰਟ: ਲਾਜ ਨੀਲਮ ਸੈਣੀ (ਸਹਾਇਕ ਸਕੱਤਰ)**
**510-502-0551**

# ਲਾਹੌਰ ਸ਼ਾਹੀ ਕਿਲ੍ਹੇ 'ਤੇ ਮੁੜ ਲੱਗੇਗਾ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ

ਲਾਹੌਰ-ਸਿੱਖ ਦੇ ਪਹਿਲੇ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦਾ ਜੀਵਨ-ਆਕਾਰ ਦਾ ਬੁੱਤ ਮੁੜ ਬਹਾਲ ਕੀਤਾ ਗਿਆ ਹੈ। ਜਲਦੀ ਹੀ ਇਸ ਦੀ ਮੁੜ ਤੋਂ ਸਥਆਪਨਾ ਕੀਤੀ ਜਾਵੇਗੀ। ਇੱਕ ਮੀਡੀਆ ਰਿਪੋਰਟ ਵਿੱਚ ਬੀਤੇ ਦਿਨ ਕਿਹਾ ਹੈ। ਇੱਕ ਪਾਬੰਦੀਸ਼ੁਦਾ ਇਸਲਾਮੀ ਪਾਰਟੀ ਦੇ ਇੱਕ ਕਾਰਕੁਨ ਦੁਆਰਾ ਆਖਰੀ ਵਾਰ ਇਸਦੀ ਭੰਨਤੋੜ ਕਰਨ ਦੇ ਮਹੀਨਿਆਂ ਬਾਅਦ ਇਸ ਬੁੱਤ ਨੂੰ ਛੇਤੀ ਹੀ ਲਾਹੌਰ ਕਿਲ੍ਹੇ ਵਿੱਚ ਇੱਕ ਸੁਰੱਖਿਅਤ ਸਥਾਨ 'ਤੇ ਮੁੜ ਸਥਾਪਿਤ ਕੀਤੇ ਜਾਣ ਦੀ ਉਮੀਦ ਹੈ। ਠੰਡੇ ਕਾਂਸੀ ਦੀ ਬਣੀ ਇਸ 9 ਫੁੱਟ ਦੀ ਮੂਰਤੀ ਦੀ ਮੁਰੰਮਤ ਫਕੀਰ ਖਾਨਾ ਅਜਾਇਬ ਘਰ ਵੱਲੋਂ ਕੀਤੀ ਗਈ ਹੈ, ਜਿਸ ਦੀ ਦੇਖ-ਰੇਖ ਹੇਠ ਇਸ ਦੀ ਮੂਰਤੀ 2019 ਵਿੱਚ ਮੂਲ ਰੂਪ ਵਿੱਚ ਤਿਆਰ ਕੀਤੀ ਗਈ ਸੀ। 17 ਅਗਸਤ, 2021 ਨੂੰ ਕੱਟੜਪੰਥੀ ਨੌਜਵਾਨ ਨੇ ਬੁੱਤ ਨੂੰ ਤੋੜ ਦਿੱਤਾ ਸੀ ਜਿਸ ਤੋਂ ਬਾਅਦ ਬੁੱਤ ਨੂੰ ਹਟਾ ਦਿੱਤਾ ਗਿਆ ਅਤੇ ਮੁਰੰਮਤ ਲਈ ਭੇਜਿਆ ਗਿਆ। ਇਸ ਦੌਰਾਨ ਭਾਰਤ ਨੇ ਭੰਨਤੋੜ ਦੀ ਕਾਰਵਾਈ ਦੀ ਨਿੰਦਾ ਕਰਦਿਆਂ ਕਿਹਾ ਸੀ ਕਿ ਪਾਕਿਸਤਾਨ ਅਜਿਹੇ ਹਮਲਿਆਂ ਨੂੰ ਰੋਕਣ ਲਈ ਆਪਣੇ ਫਰਜ਼ ਵਿੱਚ ਪੂਰੀ ਤਰ੍ਹਾਂ ਅਸਫਲ ਰਿਹਾ ਹੈ ਜੋ ਘੱਟ ਗਿਣਤੀ ਭਾਈਚਾਰਿਆਂ ਵਿੱਚ "ਡਰ ਦਾ ਮਾਹੌਲ" ਪੈਦਾ ਕਰ ਰਹੇ ਹਨ। ਦੂਜੀ ਬਰਾਸ ਦੀ ਮੂਰਤੀ ਨੂੰ ਅਗਸਤ 2021 ਵਿਚ ਨੁਕਸਾਨ ਪਹੁੰਚਾਇਆ ਗਿਆ ਸੀ। ਲਾਹੌਰ ਅਥਾਰਟੀ ਦੀ ਕੰਧ ਵਾਲੇ ਸ਼ਹਿਰ ਨੇ ਫੈਸਲਾ ਕੀਤਾ ਹੈ ਕਿ ਬੁੱਤ ਨੂੰ ਹੁਣ ਸ਼ਾਹੀ ਕਿਲ੍ਹੇ ਦੇ ਅੰਦਰ ਸੁਰੱਖਿਅਤ ਜਗ੍ਹਾ 'ਚ ਸਥਾਪਤ ਕੀਤਾ ਜਾਵੇਗਾ। ਮਹਾਰਾਜਾ ਰਣਜੀਤ ਸਿੰਘ ਸਿੱਖ ਸਾਮਰਾਜ ਦੇ ਸੰਸਥਾਪਕ ਸਨ, ਜਿਸ ਨੇ 19ਵੀਂ ਸਦੀ ਦੇ ਅਰੰਭ ਵਿੱਚ ਉੱਤਰ-ਪੱਛਮੀ ਭਾਰਤੀ ਉਪ ਮਹਾਂਦੀਪ ਉੱਤੇ ਰਾਜ ਕੀਤਾ ਸੀ। ਸਿੱਖ ਹੈਰੀਟੇਜ ਫਾਊਂਡੇਸ਼ਨਯੂਕੇ ਦੇ ਡਾਇਰੈਕਟਰ ਬੌਬੀ ਸਿੰਘ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬਾਂਸਲ ਨੇ ਵਾਲਡ ਸਿਟੀ ਆਫ ਲਾਹੌਰ ਅਥਾਰਟੀ ਦੇ ਸਹਿਯੋਗ ਨਾਲ ਮੂਰਤੀ ਤਿਆਰ ਕੀਤੀ ਹੈ।



# ਨਿਊਯਾਰਕ ਦੇ ਟਾਈਮ ਸਕੁਏਅਰ 'ਤੇ ਛਾਇਆ ਸਹਿਜਪਾਲ ਸਿੰਘ




**ਨਿਊਯਾਰਕ**-ਦੁਨੀਆਂ ਦੇ ਲਗਭਗ ਹਰ ਕੋਨੇ ਵਿੱਚ ਪੰਜਾਬੀ ਵਸੇ ਹੋਏ ਹਨ ਤੇ ਪੰਜਾਬ ਦਾ ਨਾਮ ਰੌਸ਼ਨ ਕਰ ਰਹੇ ਹਨ। ਅਮਰੀਕਾ ਵਿੱਚ ਲੁਧਿਆਣਾ ਦਾ 22 ਸਾਲਾ ਸਹਿਜਪਾਲ ਸਿੰਘ ਬਹੁ-ਰਾਸ਼ਟਰੀ ਨਿਵੇਸ਼ ਬੈਂਕ ਮੋਰਗਨ ਸਟੈਨਲੇ ਦੇ ਤਕਨੀਕੀ ਵਿਸ਼ਲੇਸ਼ਕ ਪ੍ਰੋਗਰਾਮ ਦਾ ਹਿੱਸਾ ਬਣਿਆ ਹੈ, ਜਿਸ ਕਾਰਨ ਨਿਊਯਾਰਕ ਸਿਟੀ ਦੇ ਟਾਈਮ ਸਕੁਏਅਰ 'ਤੇ ਉਸ ਦੀ ਤਸਵੀਰ ਲਗਾਈ ਗਈ ਹੈ। ਇਸ ਪ੍ਰੋਗਰਾਮ ਤਹਿਤ ਸਹਿਜਪਾਲ ਸਿੰਘ ਹੁਣ ਤਕਨੀਕੀ ਖੋਜ ਦੇ ਅਤਿ ਆਧੁਨਿਕ ਖੇਤਰਾਂ ਵਿੱਚ ਕੰਮ ਕਰੇਗਾ।

ਲੁਧਿਆਣਾ ਦਾ ਜੰਮਪਲ ਸਿੱਖ ਨੌਜਵਾਨ ਸਹਿਜਪਾਲ ਸਿੰਘ ਪੰਜਾਬ ਦੇ ਉਨ੍ਹਾਂ ਚੁਣੇ ਹੋਏ ਲੋਕਾਂ ਵਿੱਚ ਸ਼ਾਮਲ ਹੋ ਗਿਆ ਹੈ, ਜਿਨ੍ਹਾਂ ਨੇ ਮੋਰਗਨ ਸਟੈਨਲੀ ਦੀ ਤਕਨੀਕੀ ਵਿਕਾਸ ਦੀ ਪ੍ਰੀਖਿਆ ਵਿੱਚ ਉੱਚ ਅਸਥਾਨ ਹਾਸਲ ਕੀਤਾ ਹੈ। ਸਹਿਜਪਾਲ ਨੇ ਥਾਪਰ ਯੂਨੀਵਰਸਿਟੀ, ਪਟਿਆਲਾ ਤੋਂ ਕੰਪਿਊਟਰ ਸਾਇੰਸ ਦੀ ਬੀ।ਟੈਕ ਕੀਤੀ ਹੈ। ਜਿਸ ਤੋਂ ਬਾਅਦ ਉਸ ਨੇ ਮੋਰਗਨ ਸਟੈਨਲੇ ਵਿੱਚ ਨੌਕਰੀ ਲਈ ਅਪਲਾਈ ਕੀਤਾ। ਸਹਿਜਪਾਲ ਨੇ ਦੱਸਿਆ ਕਿ ਅਮਰੀਕਾ ਦੇ ਟੈਕਨਾਲੋਜੀ ਵਿਸ਼ਲੇਸ਼ਣ ਪ੍ਰੋਗਰਾਮ ਦਾ ਹਿੱਸਾ ਬਣਨ ਲਈ ਕਈ ਇੰਟਰਵਿਊ ਪਾਸ ਕਰਨੀਆਂ ਪੈਂਦੀਆਂ ਹਨ। ਇਹ ਤਕਨੀਕੀ ਉਦਯੋਗ 'ਚ ਸਭ ਤੋਂ ਔਖਾ ਪ੍ਰੋਗਰਾਮ ਮੰਨਿਆ ਜਾਂਦਾ ਹੈ। ਇਸ ਵਿੱਚ ਕੰਪਿਊਟਰ ਸਾਇੰਸ 'ਤੇ ਆਧਾਰਿਤ ਲਗਭਗ 12 ਟੈਸਟ ਹੁੰਦੇ ਹਨ।

# ਸੈਕਰਾਮੈਂਟੋ 'ਚ 32ਵਾਂ ਸੱਭਿਆਚਾਰਕ ਇਕੱਠ 18 ਜੂਨ ਨੂੰ

1990 ਤੋਂ ਸਲਾਨਾ ਵਿਸਾਖੀ ਮੇਲਾ ਕਰਵਾਉਂਦੀ ਆ ਰਹੀ ਜਥੇਬੰਦੀ "ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ" ਦੀ ਸਲਾਨਾ ਮੀਟਿੰਗ ਐਲਕ ਗਰੋਵ ਵਿਖੇ ਸੋਸਾਇਟੀ ਦੇ ਫਾਊਂਡਰ ਸ।ਰਛਪਾਲ ਸਿੰਘ ਫਰਵਾਲਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਇਸਨੂੰ ਪਰਿਵਾਰਕ ਇਕੱਠ ਦੇ ਤੌਰ 'ਤੇ ਮਨਾਇਆ ਜਾਵੇਗਾ। ਗੀਤ ਸੰਗੀਤ ਅਤੇ ਲੋਕ ਨਾਚਾਂ ਦੀਆਂ ਵੰਨਗੀਆਂ ਵੀ ਪੇਸ਼ ਕੀਤੀਆ ਜਾਣਗੀਆਂ। ਮੀਟਿੰਗ ਵਿੱਚ ਪਿਛਲੇ ਸਾਲਾਂ ਦੇ ਸਮਾਗਮਾਂ ਦਾ ਲੇਖਾ ਜੋਖਾ ਕੀਤਾ ਗਿਆ ਤੇ ਹੋਣ ਵਾਲੇ ਸਮਾਗਮ ਦੀ ਰੂਪ ਰੇਖਾ ਬਾਰੇ ਵਿਚਾਰਾਂ ਹੋਈਆਂ। ਮੀਟਿੰਗ ਵਿੱਚ ਰਛਪਾਲ ਸਿੰਘ ਫਰਵਾ੍ਲਾ, ਕਮਲ ਬੰਗਾ, ਜਸਵੰਤ ਸਿੰਘ ਸ਼ਾਦ, ਵਰਿੰਦਰ ਫਰਵਾ੍ਲਾ,ਅਮ੍ਰਿਤ ਸਿੰਘ,ਬਖਸ਼ੀਸ਼ ਗਿੱਲ, ਰਾਜ ਬਰਾੜ, ਮਨਦੀਪ ਅਟਵਾਲ, ਭੀਲੀ ਸੰਧੂ, ਮਾਧੋ ਸਿੰਘ ਤੇ ਅਵਤਾਰ ਸਿੰਘ ਡੌਡ ਨੇ ਭਾਗ ਲਿਆ। ਹੋਰ ਜਾਣਕਾਰੀ ਲਈ ਕਾਲ ਕਰ ਸਕਦੇ ਹੋ ਰਛਪਾਲ ਫਰਵਾ੍ਲਾ 916-880-0531,ਜਸਵੰਤ ਸਿੰਘ ਸ਼ਾਦ 209-992-7185। ਸੱਭਿਆਚਾਰਕ ਪਰਿਵਾਰਕ ਇਕੱਠ 18 ਜੂਨ ਦਿਨ ਸ਼ਨੀਵਾਰ 2022 ਨੂੰ ਰੌਇਲ ਈਵੈਂਟ ਹਾਲ ਸੈਕਰਾਮੈਂਟੋ ਵਿੱਚ ਕਰਵਾਉਣ ਦਾ ਫੈਸਲਾ ਕੀਤਾ ਗਿਆ। ਸਮਾਗਮ ਸ਼ਾਮ 4 ਵਜੇ ਸ਼ੁਰੂ ਹੋਣਗੇ ਤੇ ਦਾਖਲਾ ਮੁਫਤ ਹੋਵੇਗਾ। ਜ਼ਿਕਰਯੋਗ ਹੈ ਕਿ ਕਰੋਨਾ ਦੇ ਕਾਰਨ ਪਿਛਲੇ ਦੋ ਸਾਲ ਤੋਂ ਇਹ ਸਮਾਗਮ ਨਹੀਂ ਕਰਵਾਇਆ ਜਾ ਸਕਿਆ। ਸੋ ਇਸ ਵਾਰ ਸਮਾਗਮ ਦੀ ਜਗ੍ਹਾ ਬਦਲਕੇ ਇਸਨੂੰ ਪਰਿਵਾਰਕ



ਵਿੱਚ ਵਿਸਾਖੀ ਦੇ ਸਬੰਧ ਵਿੱਚ 1990 ਤੋਂ ਸਲਾਨਾ ਵਿਸਾਖੀ ਮੇਲਾ ਕਰਵਾਉਂਦੀ ਆ ਰਹੀ ਜਥੇਬੰਦੀ "ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ" ਦੀ ਸਲਾਨਾ ਮੀਟਿੰਗ ਐਲਕ ਗਰੋਵ ਵਿਖੇ ਸੋਸਾਇਟੀ ਦੇ ਫਾਊਂਡਰ ਸ।ਰਛਪਾਲ ਸਿੰਘ ਫਰਵਾਲਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਵਿਸਾਖੀ ਦੇ ਸਬੰਧ ਵਿੱਚ ਸੱਭਿਆਚਾਰਕ ਪਰਿਵਾਰਕ ਇਕੱਠ 18 ਜੂਨ ਦਿਨ ਸ਼ਨੀਵਾਰ 2022 ਨੂੰ ਰੌਇਲ ਈਵੈਂਟ ਹਾਲ ਸੈਕਰਾਮੈਂਟੋ ਵਿੱਚ ਕਰਵਾਉਣ ਦਾ ਫੈਸਲਾ ਕੀਤਾ ਗਿਆ। ਸਮਾਗਮ ਸ਼ਾਮ 4 ਵਜੇ ਸ਼ੁਰੂ ਹੋਣਗੇ ਤੇ ਦਾਖਲਾ ਮੁਫਤ ਹੋਵੇਗਾ। ਜ਼ਿਕਰਯੋਗ ਹੈ ਕਿ ਕਰੋਨਾ ਦੇ ਕਾਰਨ ਪਿਛਲੇ ਦੋ ਸਾਲ ਤੋਂ ਇਹ ਸਮਾਗਮ ਨਹੀਂ ਕਰਵਾਇਆ ਜਾ ਸਕਿਆ। ਸੋ ਇਸ ਵਾਰ ਸਮਾਗਮ ਦੀ ਜਗ੍ਹਾ ਬਦਲਕੇ ਇਕੱਠ ਦੇ ਤੌਰ 'ਤੇ ਮਨਾਇਆ ਜਾਵੇਗਾ। ਗੀਤ ਸੰਗੀਤ ਅਤੇ ਲੋਕ ਨਾਚਾਂ ਦੀਆਂ ਵੰਨਗੀਆਂ ਵੀ ਪੇਸ਼ ਕੀਤੀਆ ਜਾਣਗੀਆਂ। ਮੀਟਿੰਗ ਵਿੱਚ ਪਿਛਲੇ ਸਾਲਾਂ ਦੇ ਸਮਾਗਮਾਂ ਦਾ ਲੇਖਾ ਜੋਖਾ ਕੀਤਾ ਗਿਆ ਤੇ ਹੋਣ ਵਾਲੇ ਸਮਾਗਮ ਦੀ ਰੂਪ ਰੇਖਾ ਬਾਰੇ ਵਿਚਾਰਾਂ ਹੋਈਆਂ। ਮੀਟਿੰਗ ਵਿੱਚ ਰਛਪਾਲ ਸਿੰਘ ਫਰਵਾ੍ਲਾ, ਕਮਲ ਬੰਗਾ, ਜਸਵੰਤ ਸਿੰਘ ਸ਼ਾਦ, ਵਰਿੰਦਰ ਫਰਵਾ੍ਲਾ,ਅਮ੍ਰਿਤ ਸਿੰਘ,ਬਖਸ਼ੀਸ਼ ਗਿੱਲ, ਰਾਜ ਬਰਾੜ, ਮਨਦੀਪ ਅਟਵਾਲ, ਭੀਲੀ ਸੰਧੂ, ਮਾਧੋ ਸਿੰਘ ਤੇ ਅਵਤਾਰ ਸਿੰਘ ਡੌਡ ਨੇ ਭਾਗ ਲਿਆ। ਹੋਰ ਜਾਣਕਾਰੀ ਲਈ ਕਾਲ ਕਰ ਸਕਦੇ ਹੋ ਰਛਪਾਲ ਫਰਵਾ੍ਲਾ 916-880-0531,ਜਸਵੰਤ ਸਿੰਘ ਸ਼ਾਦ 209-992-7185।

# ਅਮਰੀਕਾ ਵੱਲੋਂ ਆਪਣੇ ਨਾਗਰਿਕਾਂ ਲਈ ਸ਼੍ਰੀਲੰਕਾ ਦੌਰੇ ਬਾਰੇ ਐਡਵਾਈਜ਼ਰੀ ਜਾਰੀ

**ਵਾਸ਼ਿੰਗਟਨ**— ਅਮਰੀਕਾ ਨੇ ਸ਼੍ਰੀਲੰਕਾ ਦੀ ਯਾਤਰਾ ਨੂੰ ਲੈ ਕੇ ਐਡਵਾਈਜ਼ਰੀ ਜਾਰੀ ਕੀਤੀ ਹੈ। ਸ਼੍ਰੀਲੰਕਾ ਵਿੱਚ ਆਰਥਿਕ ਸੰਕਟ ਕਾਰਨ ਚੱਲ ਰਹੀ ਅਸ਼ਾਂਤੀ ਦੇ ਵਿਚਕਾਰ ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਟਾਪੂ ਦੇਸ਼ ਦੀ ਯਾਤਰਾ ਕਰਨ ਤੋਂ ਰੋਕਣ ਦੀ ਚੇਤਾਵਨੀ ਦਿੱਤੀ ਹੈ। ਯੂਐਸ ਨੇ ਆਪਣੇ ਨਾਗਰਿਕਾਂ ਨੂੰ ਚੇਤਾਵਨੀ ਜਾਰੀ ਕੀਤੀ, ਕੋਵਿਡ -19 ਮਹਾਂਮਾਰੀ, ਅੱਤਵਾਦੀ ਖਤਰਿਆਂ ਤੋਂ ਇਲਾਵਾ ਬਾਲਣ ਅਤੇ ਦਵਾਈ ਦੀ ਘਾਟ ਵੱਲ ਇਸ਼ਾਰਾ ਕੀਤਾ। ਵਿਦੇਸ਼ ਮੰਤਰਾਲੇ ਨੇ ਆਪਣੀ ਨਵੀਂ ਐਡਵਾਈਜ਼ਰੀ ਵਿੱਚ ਸ਼੍ਰੀਲੰਕਾ ਨੂੰ ਲੈਵਲ-3 ਵਿੱਚ ਰੱਖਿਆ ਹੈ। ਐਡਵਾਈਜ਼ਰੀ ਵਿਚ ਕਿਹਾ ਗਿਆ ਹੈ, "ਕੋਵਿਡ-19, ਈਂਧਨ ਅਤੇ ਦਵਾਈਆਂ ਦੀ ਕਮੀ ਨੂੰ ਦੇਖਦੇ ਹੋਏ ਸ਼੍ਰੀਲੰਕਾ ਦੀ ਯਾਤਰਾ 'ਤੇ ਮੁੜ ਵਿਚਾਰ ਕਰੋ। ਅੱਤਵਾਦੀ ਖਤਰਿਆਂ ਦੇ ਕਾਰਨ ਫੌਜੀ ਅਭਿਆਸਾਂ ਵਿੱਚ ਵਾਧਾ ਕੀਤਾ ਗਿਆ ਹੈ।" ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ (CDC) ਨੇ ਕੋਵਿਡ-19 ਦੇ ਕਾਰਨ ਸ਼੍ਰੀਲੰਕਾ ਲਈ ਇੱਕ ਪੱਧਰ-3 ਯਾਤਰਾ ਸਿਹਤ ਨੋਟਿਸ ਜਾਰੀ ਕੀਤਾ ਹੈ। ਨੋਟਿਸ ਵਿੱਚ ਕਿਹਾ ਗਿਆ ਹੈ, "ਜੇਕਰ ਤੁਹਾਡੇ ਕੋਲ ਫੂਡ ਸੇਫਟੀ ਐਂਡ ਡਰੱਗ ਐਡਮਨਿਸਟ੍ਰੇਸ਼ਨ (ਧਓ) ਦੁਆਰਾ ਅਧਿਕਾਰਤ ਟੀਕੇ ਹਨ, ਤਾਂ ਸੰਕਰਮਿਤ ਹੋਣ ਦੇ ਬਾਵਜੂਦ ਤੁਹਾਡੇ ਸੰਕਰਮਿਤ ਹੋਣ ਜਾਂ ਗੰਭੀਰ ਲੱਛਣਾਂ ਦੇ ਵਿਕਾਸ ਦਾ ਜੋਖਮ ਘੱਟ ਹੈ," ਨੋਟਿਸ ਵਿੱਚ ਕਿਹਾ ਗਿਆ ਹੈ। ਕਿਰਪਾ ਕਰਕੇ, ਟੀਕਾਕਰਨ ਅਤੇ ਟੀਕਾਕਰਨ ਨਾ ਕੀਤੇ ਯਾਤਰੀਆਂ ਦੇ ਸਬੰਧ ਵਿੱਚ ਸੀਡੀਸੀ ਦੇ ਖਾਸ ਸੁਝਾਵਾਂ 'ਤੇ ਵਿਚਾਰ ਕਰੋ।" ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਦੇਸ਼ ਵਿੱਚ ਆਰਥਿਕ ਸੰਕਟ ਕਾਰਨ ਸ਼੍ਰੀਲੰਕਾ ਨੂੰ ਈਂਧਨ ਅਤੇ ਰਸੋਈ ਗੈਸ ਦੇ ਨਾਲ-ਨਾਲ ਕੁਝ ਦਵਾਈਆਂ ਅਤੇ ਜ਼ਰੂਰੀ ਖੁਰਾਕੀ ਵਸਤਾਂ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੰਤਰਾਲੇ ਨੇ ਕਿਹਾ, "ਹਾਲ ਹੀ ਵਿੱਚ, ਆਰਥਿਕ ਸੰਕਟ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਹੋਏ ਹਨ ਅਤੇ ਗੈਸ ਸਟੇਸ਼ਨਾਂ, ਕਰਿਆਨੇ ਦੀਆਂ ਦੁਕਾਨਾਂ ਅਤੇ ਕੁਝ ਦਵਾਈਆਂ ਦੀਆਂ ਦੁਕਾਨਾਂ ਦੇ ਬਾਹਰ ਲੰਬੀਆਂ ਕਤਾਰਾਂ ਵੀ ਦੇਖੀਆਂ ਗਈਆਂ ਹਨ," ਮੰਤਰਾਲੇ ਨੇ ਕਿਹਾ। ਦੇਸ਼ ਭਰ ਵਿੱਚ ਵਿਰੋਧ ਪ੍ਰਦਰਸ਼ਨ ਹੋਏ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸ਼ਾਂਤੀਪੂਰਨ ਹਨ। ਹਾਲਾਂਕਿ, ਕੁਝ ਥਾਵਾਂ 'ਤੇ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਪਾਣੀ ਦੀਆਂ ਤੋਪਾਂ ਅਤੇ ਅੱਥਰੂ ਗੈਸ ਦੀ ਵਰਤੋਂ ਕੀਤੀ। ਮੰਤਰਾਲੇ ਨੇ ਕਿਹਾ ਕਿ ਟਾਪੂ ਦੇਸ਼ ਵਿੱਚ ਰੋਜ਼ਾਨਾ ਬਿਜਲੀ ਕੱਟ ਵੀ ਹਨ। ਯਾਤਰੀਆਂ ਨੂੰ ਮੌਜੂਦਾ ਸਥਿਤੀ ਬਾਰੇ ਅਪਡੇਟ ਕੀਤੀ ਜਾਣਕਾਰੀ ਲਈ ਸਥਾਨਕ ਮੀਡੀਆ ਰਿਪੋਰਟਾਂ ਦੀ ਜਾਂਚ ਕਰਨੀ ਚਾਹੀਦੀ ਹੈ। ਟ੍ਰੈਵਲ ਐਡਵਾਈਜ਼ਰੀ 'ਚ ਕਿਹਾ ਗਿਆ ਹੈ ਕਿ ਅੱਤਵਾਦੀ ਸੈਰ-ਸਪਾਟਾ ਸਥਾਨਾਂ, ਆਵਾਜਾਈ ਕੇਂਦਰਾਂ, ਬਾਜ਼ਾਰਾਂ, ਸ਼ਾਪਿੰਗ ਮਾਲਾਂ, ਸਰਕਾਰੀ ਅਦਾਰਿਆਂ, ਹੋਟਲਾਂ, ਕਲੱਬਾਂ, ਰੈਸਟੋਰੈਂਟਾਂ, ਧਾਰਮਿਕ ਸਥਾਨਾਂ, ਪਾਰਕਾਂ, ਪ੍ਰਮੁੱਖ ਖੇਡ ਕੇਂਦਰਾਂ, ਸੱਭਿਆਚਾਰਕ ਸਮਾਗਮਾਂ ਅਤੇ ਵਿਦਿਅਕ ਸੰਸਥਾਵਾਂ, ਹਵਾਈ ਅੱਡਿਆਂ 'ਤੇ ਲੱਭੇ ਜਾ ਸਕਦੇ ਹਨ। ਕੋਈ ਚੇਤਾਵਨੀ ਨਹੀਂ। ਹਸਪਤਾਲਾਂ ਅਤੇ ਹੋਰ ਜਨਤਕ ਖੇਤਰਾਂ 'ਤੇ ਹਮਲਾ ਕਰ ਸਕਦਾ ਹੈ।



# ਭਾਰਤ ਨੇ ਸ਼੍ਰੀਲੰਕਾ ਨੂੰ ਭੇਜੇ 16,000 ਟਨ ਚੌਲ

**ਕੋਲੰਬੋ**-ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਸ਼੍ਰੀਲੰਕਾ ਨੂੰ ਭਾਰਤ ਦੀ ਬਹੁਪੱਖੀ ਸਹਾਇਤਾ ਦੇ ਹਿੱਸੇ ਵਜੋਂ ਪਿਛਲੇ ਇਕ ਹਫ਼ਤੇ ਵਿਚ 16,000 ਟਨ ਚੌਲ ਭੇਜੇ ਗਏ ਹਨ। ਸ਼੍ਰੀਲੰਕਾ ਵਿਚ 13 ਅਤੇ 14 ਅਪ੍ਰੈਲ ਨੂੰ ਮਨਾਏ ਜਾਣ ਵਾਲੇ ਸਿੰਹਲੀ ਨਵੇਂ ਸਾਲ ਤੋਂ ਪਹਿਲਾਂ ਭਾਰਤ ਤੋਂ 11,000 ਟਨ ਚੌਲਾਂ ਦੀ ਇਕ ਖੇਪ ਕੋਲੰਬੋ ਬੰਦਰਗਾਹ 'ਤੇ ਪਹੁੰਚੀ।

ਸ਼੍ਰੀਲੰਕਾ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਇੱਕ ਟਵੀਟ ਵਿੱਚ ਕਿਹਾ, 'ਇਹ ਸਪਲਾਈ ਭਾਰਤ ਅਤੇ ਸ਼੍ਰੀਲੰਕਾ ਦਰਮਿਆਨ ਵਿਸ਼ੇਸ਼ ਸਬੰਧਾਂ ਨੂੰ ਦਰਸਾਉਂਦੀ ਹੈ, ਜੋ ਜਾਰੀ ਰਹੇਗੀ।' ਹਾਈ ਕਮਿਸ਼ਨ ਨੇ ਕਿਹਾ, 'ਸ੍ਰੀਲੰਕਾ ਦੇ ਲੋਕਾਂ ਦੇ ਨਵੇਂ ਸਾਲ ਦੇ ਜਸ਼ਨਾਂ ਤੋਂ ਪਹਿਲਾਂ ਭਾਰਤ ਤੋਂ 11,000 ਮੀਟ੍ਰਿਕ ਟਨ ਚੌਲ ਲੈ ਕੇ ਜਹਾਜ਼ ਚੇਨ ਗਲੋਰੀ ਕੋਲੰਬੋ ਪਹੁੰਚਿਆ। ਪਿਛਲੇ ਇਕ ਹਫ਼ਤੇ ਵਿਚ ਭਾਰਤ ਦੇ ਬਹੁ-ਪੱਖੀ ਸਹਿਯੋਗ ਦੇ ਤਹਿਤ ਸ੍ਰੀਲੰਕਾ ਨੂੰ 16,000 ਟਨ ਚੌਲਾਂ ਦੀ ਸਪਲਾਈ ਕੀਤੀ ਹੈ। ਇਹ ਸਪਲਾਈ, ਜੋ ਭਾਰਤ ਅਤੇ ਸ਼੍ਰੀਲੰਕਾ ਵਿਚਕਾਰ ਵਿਸ਼ੇਸ਼ ਸਬੰਧਾਂ ਨੂੰ ਦਰਸਾਉਂਦੀ ਹੈ, ਜਾਰੀ ਰਹੇਗੀ।'

ਜ਼ਿਕਰਯੋਗ ਹੈ ਕਿ ਭੋਜਨ, ਦਵਾਈਆਂ ਅਤੇ ਹੋਰ ਜ਼ਰੂਰੀ ਵਸਤਾਂ ਦੀ ਖ਼ਰੀਦ ਲਈ ਸ੍ਰੀਲੰਕਾ ਨੂੰ ਭਾਰਤ ਵੱਲੋਂ ਘੋਸ਼ਿਤ 1 ਅਰਬ ਡਾਲਰ ਦੀ ਕ੍ਰੈਡਿਟ ਸਹੂਲਤ ਦੇ ਤਹਿਤ ਚੌਲਾਂ ਦੀ ਸਪਲਾਈ ਕੀਤੀ ਜਾ ਰਹੀ ਹੈ। ਇਸ ਕਰਜ਼ੇ ਵਿੱਚੋਂ 15 ਕਰੋੜ ਡਾਲਰ ਸ੍ਰੀਲੰਕਾ ਨੂੰ ਚੌਲਾਂ ਦੀ ਸਪਲਾਈ ਲਈ ਰੱਖੇ ਗਏ ਹਨ। ਸ਼੍ਰੀਲੰਕਾ ਨੂੰ ਜ਼ਰੂਰੀ ਵਸਤਾਂ ਦੀ ਕਮੀ ਨੂੰ ਦੂਰ ਕਰਨ ਵਿੱਚ ਮਦਦ ਕਰਨ ਲਈ ਭਾਰਤ ਟਾਪੂ ਦੇਸ਼ ਨੂੰ ਲਗਭਗ 40,000 ਟਨ ਚੌਲ ਪ੍ਰਦਾਨ ਕਰਵਾ ਰਿਹਾ ਹੈ।

ਦੇਸ਼ ਦੁਆਬਾ

## Greetings on Vaisakhi (April 13) & Dr. B. R. Ambedkar's 131st Birth Anniversary (April 14)

Prem K. Chumber
Editor-in-Chief: Ambedkar Times & Desh Doaba

**Let** me join our all-esteemed readers, contributors and sympathizers in exchanging Vaisakhi greetings and paying floral tribute to Babasaheb Dr. B.R. Ambedkar on the auspicious day of his 131th birth anniversary. He devoted his whole life in the service of downtrodden: relentlessly struggling for the annihilation of castes and making efforts towards the creation of egalitarian society. His was a very highly educated personality. He received various degrees of higher education from reputed universities of United States of America and United Kingdom. He adopted legal-constitutional ways to acquire the long-denied rights of the hapless and socially excluded sections of the society and made them aware of their rights by establishing three newspapers (Mook Nayak, Janata and Prabudh Bharat), and organized them by founding three political parties (Independent Labour Party, Scheduled Castes Federation, Republican Party of India). Babasaheb Dr Ambedkar was a true democrat, great organizer, erudite scholar, eloquent speaker, conscientious philosopher, brilliant parliamentarian, audacious administrator and a thoroughly fine human being. He served the nation at various top offices but never compromised with the integrity and cause of poor people and egalitarian principles of social order based of Liberty, Equality, and Fraternity! His contribution as the Chief-architect of the constitution of Independent India, advocate of women rights, laborers and the savior of the lowest of the low and staunch defender of social democratic values would be remembered fondly for the times to come.

Ambedkar Times and Desh Doaba forum also fondly remember 13 April; on this day in 1699, Tenth Master Sri Guru Gobind Singh Ji baptized the five beloved (PunjPyare) at Takht Sri Kesgarh Sahib, Anandpur Sahib. Guru Gobind Singh Ji infused a new spirit in them - the spirit of freedom, equality, justice - and put to an end for all times the oppressive social system of caste-based binaries of purity and pollution. ManasKeeJaatSabheAkayPehchanbo - Equality of Mankind. We wish to all Very Very Happy Khalsa Sathapan day and Happy Vaisakhi!

It is matter of great honour and pleasure for us to share with our esteemed readers, contributors and sympathizers that with your continuous support and encouragement, Ambedkar Times (English Weekly) has entered its 14th year of uninterrupted publication on March 15, 2022, and Desh Doaba (Punjabi Weekly) its 11th year of onward journey in the service of society. Ambedkar Times, named after Babasaheb Dr. B.R. Ambedkar and dedicated to Sahib Kanshi Ram, reminds us the golden time spent by Babasaheb Dr. B.R. Ambedkar at the Columbia University (New York) that exposed him to the basic tenets, philosophy and the practice of true democracy. After reaching Bharat, Babasaheb developed a great movement for the restitution of social democracy at the grassroots. Desh Doaba, named after Doaba Punjab, reminds us of our roots and the great sacrifices made by the sons of the soil for the liberation of our land from the British Raj. The inhabitants of Doaba Punjab played a significant role in the Ghadar Lehar and the subsequent Babbar Akali Lehar. Desh Doaba weekly has been dedicated to Babu Mangu Ram Mugowalia, who arrived in the United States of America in 1909 and was among the forerunners of the Ghadar movement, and after reaching India in 1925 founded the Ad Dharm movement for the emancipation and empowerment of the Scheduled Castes. His contribution towards the mission of Babasaheb Dr. Ambedkar is well known during the London Round Table Conferences.

Once again, the Ambedkar Times and Desh Doaba forum join with our esteemed readers, contributors and sympathizers in fondly remembering Babasaheb Dr. B.R. Ambedkar on his birth anniversary – April 14, 2022

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਅੰਮ੍ਰਿਤ, ਲਾਈਫ ਕਿ ਕਸਟਮ



ਅਵਤਾਰ ਸਿੰਘ ਮਿਸ਼ਨਰੀ
510-432-5827

ਅੰਮ੍ਰਿਤ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਪ੍ਰਕਣ ਅਨੁਸਾਰ ਵੱਖਰੇ-੨ ਅਰਥ ਹਨ ਜਿਵੇਂ:- ਮੱਖਣ-ਰਸਨਾ ਨਾਮਿ ਜਪਹੁ ਤਬ ਮਥੀਐ ਇਨਿ ਬਿਧਿ ਅੰਮ੍ਰਿਤ ਪਾਵਹੁ॥ (੭੨੮) ਦੁੱਧ-ਸੋਇਨ ਕਟੋਰੀ ਅੰਮ੍ਰਿਤ ਭਰੀ॥ (੧੧੬੩) ਮਿਠਾਸ-ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ॥ (੬੯) ਸੁਵਾਦਿਸ਼ਟ ਭੋਜਨ-ਜਿਹ ਪ੍ਰਸਾਦਿ ਛਤਹੀ ਅੰਮ੍ਰਿਤ ਖਾਹਿ॥ (੨੬੯) ਅਮਰ-ਹਰਿ ਅੰਮ੍ਰਿਤ ਸਜਣ ਮੇਰਾ॥ (ਸੂਹੀ ਮਹਲਾ ੫) ਪਰ ਮੇਨ ਅਰਥ ਪ੍ਰਮੇਸ਼ਰ ਦਾ ਨਾਮ ਹੀ ਹੈ ਜਿਵੇਂ-ਅੰਮ੍ਰਿਤ ਨਾਮੁ ਪ੍ਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ॥ (੬੧੬) ਅੰਮ੍ਰਿਤ ਬਾਣੀ ਅਮਿਉ ਰਸੁ, ਅੰਮ੍ਰਿਤੁ ਹਰਿ ਕਾ ਨਾਉ॥ ਮਨਿ ਤਨਿ ਹਿਰਦੈ ਸਿਮਰਿ ਹਰਿ, ਆਠ ਪਹਰ ਗੁਣ ਗਾਉ॥ (੯੬੩) ਅੰਮ੍ਰਿਤ ਹਰਿ ਕਾ ਨਾਮੁ ਹੈ ਮੇਰੀ ਜਿੰਦੜੀਏ, ਅੰਮ੍ਰਿਤ ਗੁਰਮਤਿ ਪਾਇ ਰਾਮ॥ (੫੩੮) ਅੰਮ੍ਰਿਤੁ ਨਾਮੁ ਨਿਧਾਨ ਹੈ ਮਿਲਿ ਪੀਵਹੁ ਭਾਈ॥ (੩੧੮) ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ॥ ਸਤਿਗੁਰਿ ਸੇਵਿਐ ਰਿਦੈ ਸਮਾਣੀ॥ ਨਾਨਕ ਅੰਮ੍ਰਿਤ ਨਾਮ ਸਦਾ ਸੁਖ ਦਾਤਾ, ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ॥ (੧੧੮)।। ਸਚਾ ਅੰਮ੍ਰਿਤੁ ਨਾਮੁ ਭੋਜਨੁ ਆਇਆ।।॥ (੧੫੦) ਪ੍ਰਮੇਸ਼ਰ ਅਤੇ ਉਸ ਦਾ ਨਾਮ ਅਮਰ ਹੈ ਜੋ ਇਸ ਨੂੰ ਜਪਦੇ ਅਤੇ ਧਾਰਦੇ ਹਨ ਉਹ ਵੀ ਅਮਰ ਹੋ ਜਾਂਦੇ ਹਨ ਪਰ ਇਹ ਪਦਵੀ ਗੱਲੀ ਬਾਤੀਂ ਨਹੀਂ ਪਾਈ ਜਾ ਸਕਦੀ ਜਿਵੇਂ-ਖਾਂਡ ਖਾਂਡ ਕਹੈ ਜਿਹਬਾ ਨਾ ਸਵਾਦ ਮੀਠੋ ਆਵੈ, ਅਗਨਿ ਅਗਨਿ ਕਹੈ ਸੀਤ ਨਾ ਬਿਨਾਸ ਹੈ।

ਅੰਮ੍ਰਿਤ ਅੰਮ੍ਰਿਤ ਕਹੈ ਪਾਈਐ ਨਾ ਅਮਰ ਪਦ, ਜਉ ਲਉ ਜਿਹਵਾ ਕੈ ਸੁਰਸ ਅੰਮ੍ਰਿਤ ਨਾ ਚਾਖੀਐ (ਭਾ। ਗੁ।) ਹਿੰਦੂ ਮਿਥਹਾਸ ਕਹਿੰਦਾ ਹੈ ਕਿ ਜਦ ਦੇਵਤਿਆਂ ਅਤੇ ਦੈਂਤਾਂ ਨੇ ਖੀਰ ਸਮੁੰਦਰ ਨੂੰ ਰਿੜਕਿਆ ਤਾਂ ਓਥੋਂ ਅੰਮ੍ਰਿਤ ਨਿਕਲਿਆ, ਜਿਸ ਦੀ ਪ੍ਰਾਪਤੀ ਲਈ ਆਪਸੀ ਲੜਾਈ ਹੋਈ। ਮਹਾਂਨ ਕੋਸ਼ ਅਨੁਸਾਰ ਅੰਮ੍ਰਿਤ ਇੱਕ ਉਹ ਪਦਾਰਥ ਹੈ ਜਿਸ ਦੇ ਪੀਣ ਨਾਲ ਮੌਤ ਨਹੀਂ ਹੁੰਦੀ। ਕੋਈ ਇਸ ਨੂੰ ਸੋਮ ਰਸ, ਕੋਈ ਆਬਿ ਹਯਾਤ ਅਤੇ ਕੋਈ ਇਸ ਨੂੰ ਖੰਡੇ ਦਾ ਅੰਮ੍ਰਿਤ ਕਹਿੰਦਾ ਹੈ। ਸਭ ਦੇ ਵੱਖਰੇ-੨ ਕਸਟਮ (ਰੂਲ) ਹਨ, ਜਿਨ੍ਹਾਂ ਉੱਪਰ ਬਾਹਰੀ ਤੌਰ ਤੇ ਜਾਂ ਸਰੀਰਕ ਤੌਰ ਤੇ ਜਿਆਦਾ ਜੋਰ ਦਿੱਤਾ ਜਾਂਦਾ ਹੈ। ਹਰੇਕ ਆਪਣੇ-੨ ਕਸਟਮ ਨੂੰ ਹੀ ਚੰਗਾ ਸਮਝਦਾ ਹੈ। ਆਓ ਆਪਾਂ ਇਸ ਬਾਰੇ ਭਗਤਾਂ ਅਤੇ ਗੁਰੂਆਂ ਦੇ ਵਿਚਾਰ ਜਾਨਣਾ ਕਰੀਏ ਜੋ ਦੁਨੀਆਂ ਦੇ ਸਰਬ ਸਾਂਝੇ ਗ੍ਰੰਥ "ਗੁਰੂ ਗ੍ਰੰਥ ਸਾਹਿਬ" ਵਿੱਚ ਸੁਭਾਏਮਾਨ ਹਨ। ਜਿਨ੍ਹਾਂ ਮੁਤਾਬਕ ਅੰਮ੍ਰਿਤ ਇੱਕ ਗਿਆਨ ਹੈ, ਸ਼ਬਦ ਹੈ, ਲਾਈਫ ਹੈ (ਜੀਵਣ) ਹੈ। ਜੇ ਆਪਣੇ-੨ ਮਨ ਦੀ ਮਰਜੀ ਜਾਂ ਆਪਣੇ-੨ ਕਸਟਮ ਨੂੰ ਛੱਡ ਕੇ ਓਪਨ ਮਾਂਈਂਡਡ ਹੋ ਕੇ ਸੋਚਿਆ ਜਾਵੇ ਤਾਂ (ਅੰਮ੍ਰਿਤ) ਭਾਵ ਮੌਤ ਰਹਿਤ ਤਾਂ ਇੱਕ ਪ੍ਰਭੂ ਪ੍ਰਮਾਤਮਾਂ ਰੱਬ ਅੱਲ੍ਹਾ-ਤਾਲਾ ਰਾਮ ਰਹੀਮ ਗਾਡ ਅਕਾਲ ਪੁਰਖ ਹੀ ਹੈ। ਬਾਕੀ ਸਾਰੀ ਕਾਇਨਾਤ ਬਿਨਸਨਹਾਰ ਹੈ ਭਾਵ ਮੌਤ ਦੇ ਅੰਡਰ ਹੈ-ਜੋ ਜਨਮੈ ਸੋ ਜਾਨੋ ਮੂਆ॥ (੩੭੫)

ਗੁਰੂ ਗ੍ਰੰਥ ਸਾਹਿਬ ਵਿਖੇ ਐਸੇ ਨਾਮ ਰਸ ਅੰਮ੍ਰਿਤ ਜਲ ਦੀ ਬਾਰ ਬਾਰ ਗੱਲ ਕੀਤੀ ਗਈ ਹੈ ਜੋ ਲਾਈਫ ਹੈ, ਜੀਵਨ ਹੈ, ਕਸਟਮ ਕਦਾਚਿਤ ਵੀ ਨਹੀਂ-ਗੁਰ ਕਾ ਸਬਦ ਅੰਮ੍ਰਿਤ ਹੈ ਬਾਣੀ (੧੦੫੭) ਚਹੁੰ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ॥ (੬੬੫) ਗੁਰ ਕਾ ਸਬਦ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ॥ (੩੫) ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ॥ (੩੬੦) ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ॥ (੪੯੪) ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ॥ (੬੪੪) ਅੰਮ੍ਰਿਤ ਸਬਦੁ ਪੀਵੈ ਜਨੁ ਕੋਇ ਨਾਨਕ ਤਾ ਕੀ ਪਰਮ ਗਤਿ ਹੋਇ॥ (੩੯੪) ਗੁਰ ਕਾ ਸਬਦੁ ਅੰਮ੍ਰਿਤ ਰਸ ਪੀਉ॥ ਤਾ ਤੇਰਾ ਹੋਇ ਨਿਰਮਲ ਜੀਉ॥ (੮੬੧) ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ॥ ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ॥ (੬੪੬) ਅੰਮ੍ਰਿਤੁ ਵਰਸੈ ਸਹਜਿ ਸੁਭਾਏ॥ ਗੁਮੁਖਿ ਵਿਰਲਾ ਕੋਈ ਜਨੁ ਪਾਏ॥ (੧੧੯) ਰੋਸ ਨਾ ਕੀਜੈ ਅੰਮ੍ਰਿਤੁ ਪੀਜੈ ਰਹਣੁ ਨਹੀ ਸੰਸਾਰੇ॥ (੯੩੧) ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨ ਮਾਨੈ ਪਰਤਖਿ ਗੁਰੂ ਨਿਸਤਾਰੈ॥ (੯੮੨) ਮਾਰਗੁ ਛੋਡਿ ਅਮਾਰਗਿ ਪਾਇ॥ ਮੂਲਹੁ ਭੂਲਾ ਆਵੈ ਜਾਇ॥ ਅੰਮ੍ਰਿਤੁ ਡਾਰਿ ਲਾਦਿ ਬਿਖੁ ਖਾਇ॥ (੧੧੬੫) ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ॥ (੪੪੯)

ਉਪ੍ਰੋਕਤ ਗੁਰ ਉਪਦੇਸ਼ਾਂ ਵਿੱਚ ਜਿਸ ਅੰਮ੍ਰਿਤ ਦੀ ਗੱਲ ਕੀਤੀ ਗਈ ਹੈ ਉਹ ਪੂਰਨ ਗੁਰੂ ਤੋਂ ਹੀ ਮਿਲਦਾ ਹੈ, ਪ੍ਰਾਪਤ ਹੁੰਦਾ ਹੈ। ਜੀਵਨ ਵਿੱਚ ਅੰਮ੍ਰਿਤ ਰਸ ਭਰ ਕੇ ਜੀਵਨ ਬਦਲ ਜਾਂਦਾ ਹੈ। ਵਹਿਮਾਂ-ਭਰਮਾਂ, ਕਰਮਕਾਂਡਾਂ ਅਤੇ ਮਾਇਆ ਦੇ ਛਲਾਵੇ ਵਾਲੀ ਮੌਤ ਤੋਂ ਮੁਕਤ ਹੋ ਜਾਈਦਾ ਹੈ ਪਰ ਅੰਮ੍ਰਿਤ ਬਾਰੇ ਦੁਬਿਧਾ ਵਿੱਚ ਰਿਹਾਂ ਇਹ ਰੱਬੀ ਗਿਆਨ ਅੰਮ੍ਰਿਤ ਪ੍ਰਾਪਤ ਨਹੀਂ ਹੁੰਦਾ-ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਹੋ ਸੋ ਅੰਮ੍ਰਿਤੁ ਗੁਰ ਪਾਹੀ ਜੀਉ॥ ਛੋਡਹੁ ਵੇਸੁ ਭੇਖੁ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ॥ (੫੯੮) ਜਿਸ ਜੀਵਨ ਅੰਮ੍ਰਿਤ ਨੂੰ ਕਥਿਤ ਦੇਵੀ ਦੇਵਤੇ ਮਨੁਖ ਅਤੇ ਮੁਨੀ ਜਨ ਵੀ ਖੋਜਦੇ ਰਹੇ ਉਹ ਜੀਵਨ-ਅੰਮ੍ਰਿਤ ਸੱਚੇ ਸਤਿਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ। ਚੰਗੇ ਕਰਮ ਕਰਨੇ ਅਤੇ ਰੱਬ ਨੂੰ ਸਦਾ ਯਾਦ ਰੱਖਣਾ ਹੀ ਅਸਲ ਅੰਮ੍ਰਿਤ ਪੀਣਾ ਹੈ। ਅਜਿਹਾ ਦੁਨੀਆਂ ਦਾ ਕੋਈ ਵੀ ਇਨਸਾਨ ਕਰ ਸਕਦਾ ਹੈ। ਉਸ ਨੂੰ ਕਿਸੇ ਕਥਿਤ ਕਸਟਮ ਦੀ ਲੋੜ ਨਹੀਂ ਜੋ ਅੰਮ੍ਰਿਤਮਈ ਜੀਵਨ ਵਿੱਚ ਬੰਧਨ ਬਣਦਾ ਹੋਵੇ। ਸੋ ਸਾਰੀ ਵਿਚਾਰ ਦਾ ਭਾਵ ਹੈ ਕਿ ਗੁਰੂ ਦਾ ਸ਼ਬਦ, ਗਿਆਨ, ਗੁਰੂ ਦੀ ਸਿਖਿਆ ਅਤੇ ਪ੍ਰਮੇਸ਼ਰ ਦਾ ਨਾਮ ਹੀ ਅੰਮ੍ਰਿਤ ਹੈ, ਲਾਈਫ ਹੈ ਪਰ ਦੁਨੀਆਂ ਦਾ ਹੋਰ ਕੋਈ ਵੀ ਕਸਟਮ ਅੰਮ੍ਰਿਤ ਨਹੀਂ ਹੋ ਸਕਦਾ। ਇਹ ਅੰਮ੍ਰਿਤ ਸਾਰੀ ਲੋਕਾਈ ਦਾ ਸਾਂਝਾ ਹੈ ਅਤੇ ਇਸ ਨੂੰ ਧਾਰਨ ਕਰਨ ਨਾਲ ਸਾਰੇ ਵਖਰੇਵੇਂ ਖਤਮ ਹੋ ਜਾਂਦੇ ਹਨ।

ਇਹ ਅੰਮ੍ਰਿਤ ਸਾਰੀ ਮਨੁੱਖਤਾ ਨੂੰ ਏਕੁ ਪਿਤਾ ਏਕਸ ਕੇ ਹਮ ਬਾਰਿਕ ਦੇ ਪ੍ਰਵਾਰ ਦੀ ਲੜੀ ਵਿੱਚ ਜੋੜਦਾ ਹੈ। ਊਚ ਨੀਚ ਦੇ ਭੇਦ-ਭਾਵ ਖਤਮ ਕਰਦਾ ਹੈ ਜਿਸ ਸਦਕਾ ਜੀਵਨ ਅੰਮ੍ਰਿਤਮਈ ਬਣ ਸਫਲ ਹੋ ਜਾਂਦਾ ਹੈ। ਇਸ ਸ਼ਬਦ ਗੁਰੂ ਗਿਆਨਮਈ ਅੰਮ੍ਰਿਤ ਦੀ ਸਾਰੇ ਜਗਤ ਨੂੰ ਹੀ ਲੋੜ ਹੈ-ਬਿਨੁ ਸਬਦੈ ਜਗੁ ਬਉਰਾਨੰ॥ (੬੩੫) ਸਿੱਖ ਦਾ ਗੁਰੂ ਸ਼ਬਦ (ਗਿਆਨ) ਹੈ, ਅੰਮ੍ਰਿਤਮਈ ਗੁਰਬਾਣੀ ਹੈ। ਇਸ ਲਈ ਸਿੱਖ "ਗੁਰੂ ਗ੍ਰੰਥ ਸਾਹਿਬ ਜੀ" ਤੋਂ ਹੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦਾ ਹੈ ਨਾਂ ਕਿ ਕਿਸੇ ਹੋਰ ਅਖੌਤੀ ਦਸਮ ਗ੍ਰੰਥ ਆਦਿਕ ਤੋਂ। ਅੱਜ ਸਾਨੂੰ ਅੰਮ੍ਰਿਤ (ਖੰਡੇ ਦੀ ਪਹੁਲ) ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹ ਕੇ ਹੀ ਲੈਣੀ ਚਾਹੀਦੀ ਹੈ ਨਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤਮਈ ਬਾਣੀ ਵਿੱਚ ਕਿਸੇ ਅਖੌਤੀ ਗ੍ਰੰਥ ਦੀ ਰਚਨਾ ਸ਼ਾਮਲ ਕਰਨੀ ਚਾਹੀਦੀ ਹੈ ਜੋ ਕਿ ਗੁਰੂ ਦੀ ਪਦਵੀ ਨੂੰ ਪ੍ਰਾਪਤ ਨਹੀਂ।

ਗੁਰੂ ਪਿਆਰਿਓ! ਉਹ ਕੌਮਾਂ ਹੀ ਤਰੱਕੀ ਕਰਦੀਆਂ ਹਨ ਜੋ ਆਪਣੇ ਇਤਿਹਾਸ ਵਿੱਚ ਪਏ ਰਲਿਆਂ ਅਤੇ ਭੁਲੇਖਿਆਂ ਨੂੰ ਰਲ ਮਿਲ ਕੇ ਬਿਬੇਕ ਬੁੱਧੀ ਨਾਲ ਵਾਚ ਕੇ ਬਾਹਰ ਕੱਢ ਦਿੰਦੀਆਂ ਹਨ। ਸਿੱਖ ਨੂੰ ਗੁਰੂ ਤੇ ਭਰੋਸਾ ਕਰਨਾ ਚਾਹੀਦਾ ਹੈ ਨਾਂ ਕਿ ਸੰਪ੍ਰਦਾਈ ਡੇਰੇਦਾਰਾਂ ਜਾਂ ਅਖੌਤੀ ਗਿਆਨੀਆਂ ਅਤੇ ਜਥੇਦਾਰਾਂ ਤੇ ਜੋ ਆਏ ਦਿਨ ਬਹਾਦਰ ਕੌਮ ਨੂੰ ਬ੍ਰਾਹਮਣੀ ਕਰਮਕਾਂਡਾਂ ਦੀ ਰਸਾਤਲ ਵਿਖੇ ਧਕੇਲੀ ਜਾ ਰਹੇ ਹਨ। ਸੋ ਆਓ ਇਕਾਗਰਤਾ ਨਾਲ ਗੁਰੂ ਗ੍ਰੰਥ ਸ਼ਬਦ-ਗਿਆਨ ਨੂੰ ਚੰਗੀ ਤਰ੍ਹਾਂ ਸਮਝ ਕੇ ਲਾਈਫ ਅੰਮ੍ਰਿਤਮਈ ਬਣਾ ਲਈਏ! ਇਹ ਹੀ ਅਸਲ ਅੰਮ੍ਰਿਤ ਛਕਣਾ ਹੈ-ਹਰਿ ਅੰਮ੍ਰਿਤੁ ਪਾਨ ਕਰਹੁ ਸਾਧਸੰਗਿ॥ (੨੯੯) ਅੰਮ੍ਰਿਤ ਲਾਈਫ ਹੈ ਕਸਟਮ ਨਹੀਂ। ਬੋਲੋ ਭਾਈ ਵਾਹਿਗੁਰੂ!

# ਅਮਰੀਕਾ ਵਿਚ ਨਿਊਯਾਰਕ ਕੇ ਰਿਚਮੰਡ ਹਿਲਜ ਦੋ ਸਿਖਾਂ 'ਤੇ ਹੋਇਆ ਹਮਲਾ ਤੇ ਸਿਖ ਭਾਈਚਾਰੇ ਨੇ ਕੀਤੀ ਪ੍ਰਸ਼ਾਸਨ ਤੋਂ ਨਿਆਂ ਦੀ ਮੰਗ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)-** ਨਿਊਯਾਰਕ ਦੇ ਰਿਚਮੰਡ ਹਿਲਜ ਵਿੱਚ ਦੋ ਸਿਖਾਂ ਉੱਤੇ ਉਸ ਸਮੇਂ ਹਮਲਾ ਹੋਇਆ ਜਿਸ ਸਮੇਂ ਉਹ ਸਵੇਰੇ ਸੈਰ ਕਰ ਰਹੇ ਸੀ। ਇਹ ਘਟਨਾ ਉਸ ਜਗਾ ਤੇ ਘਟੀ ਜਿਸ ਜਗਾ ਤੇ 10 ਦਿਨ ਪਹਿਲਾਂ ਇੱਕ 74 ਸਾਲਾ ਬਜ਼ੁੱਰਗ ਤੇ ਹਮਲਾ ਹੋਇਆ ਸੀ ਜਿਸ ਕਰਕੇ ਸਿੱਖ ਬਾਇਚਾਰੇ ਵਿੱਚ ਨਿਰਾਸ਼ਾ ਤੇ ਗੁੱਸਾ ਹੈ। ਇਸਨੂੰ ਨਫਰਤ ਤਹਿਤ ਨਿਸ਼ਾਨਾ ਬਣਾਉਣ ਵਜੋਂ ਦੇਖਿਆ ਜਾ ਰਿਹਾ ਹੈ। ਅੱਜ ਇਸ ਘਟਨਾ ਦੌਰਾਨ ਦੋ ਸਿੱਖਾਂ ਦੀਆਂ ਪਹਿਲਾਂ ਪਗੜੀਆਂ ਉਤਾਰੀਆਂ ਫਿਰ ਉਨਾਂ ਨਾਲ ਨਸਲੀ ਕੁੱਟਮਾਰ ਕੀਤੀ। ਇਸ ਘਟਨਾ ਨੂੰ ਅੰਜਾਮ ਦੇਣ ਚ ਦੋ ਬੰਦੇ ਦੱਸੇ ਗਏ ਹਨ ਪਰ ਪੁਲੀਸ ਮੁਤਾਬਕ ਉਨਾਂ ਚੋਂ ਇੱਕ ਫੜਿਆ ਗਿਆ ਹੈ।






ਇਸ ਮਾਮਲੇ ਦੀ ਸਥਾਨਕ ਪ੍ਰਸ਼ਾਸਨ ਅਤੇ ਨਿਊਯਾਰਕ ਸਿਟੀ ਪੁਲਿਸ ਵਿਭਾਗ ਇਸ ਘਟਨਾ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਪੁਲੀਸ ਨੇ ਇਸ ਮਾਮਲੇ ਦੀ ਸ਼ਿਕਾਇਤ ਦਰਜ ਕੀਤੀ ਹੈ ਅਤੇ ਇੱਕ ਸ਼ਖ਼ਸ ਨੂੰ ਗਿਰਫ਼ਤਾਰ ਵੀ ਕੀਤਾ ਹੈ। ਪੁਲੀਸ ਨੇ ਪੀੜਿਤਾਂ ਨੂੰ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ ਹੈ। ਦੂਸਰੇ ਪਾਸੇ ਭਾਰਤੀ ਦੂਤਾਵਾਸ ਨੇ ਵੀ ਇਸ ਘਟਨਾ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ ਤੇ ਪੀੜਤ ਪਰਿਵਾਰ ਨਾਲ ਸੰਪਰਕ ਕੀਤਾ ਹੈ।

ਨਿਊਯਾਰਕ ਵਿੱਚ ਸਟੇਟ ਐਸੰਬਲੀ ਦੇ ਮੈਂਬਰ ਜੇਨੀਫਰ ਰਾਜਕੁਮਾਰ ਨੇ ਵੀ ਇਸ ਹਮਲੇ ਤੇ ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ "ਨਿਊਯਾਰਕ ਸਟੇਟ ਆਫ਼ਿਸ ਵਿੱਚ ਚੁਣੀ ਗਈ ਮੈਂ ਪਹਿਲੀ ਪੰਜਾਬੀ ਅਮਰੀਕੀ ਹੋਣ ਦੇ ਨਾਤੇ ਮੈਂ ਸਾਫਤੌਰ ਤੇ ਕਹਿ ਸਕਦੀ ਹਾਂ ਨਿਊਯਾਰਕ ਵਿੱਚ ਸਿੱਖ ਅਮਰੀਕੀ ਭਾਈਚਾਰੇ ਨਾਲ ਨਫ਼ਰਤ ਭਰੀ ਹਿੰਸਾ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।"ਉਸਨੇ ਕਿਹਾ ਕਿ "ਮੈਂ ਆਪਣੇ ਸਿੱਖ ਅਮਰੀਕੀ ਭਾਈਚਾਰੇ ਦੇ ਖ਼ਿਲਾਫ਼ ਇਸ ਹਫ਼ਤੇ ਵਾਪਰੀਆਂ ਘਟਨਾਵਾਂ ਤੋਂ ਬਾਅਦ ਨਿਊਯਾਰਕ ਪੁਲਿਸ ਨਾਲ ਗੱਲ ਕੀਤੀ ਹੈ। ਮੈਂ ਦੋਵਾਂ ਘਟਨਾਵਾਂ ਦੀ ਨਿਰਪੱਖ ਜਾਂਚ ਕਰਨ ਦੀ ਮੰਗ ਕੀਤੀ ਹੈ।

ਦੋਸੀਆਂ ਨੂੰ ਕਨੂੰਨ ਦੇ ਤਹਿਤ ਕੜੀ ਸਜ਼ਾ ਦਿੱਤੀ ਜਾਵੇਗੀ।' ਉਸਨੇ ਕਿਹਾ ਕਿ "ਅਸੀਂ ਸਿੱਖਾਂ ਦੇ ਸੱਭਿਆਚਾਰ ਦੀ ਜਾਣਕਾਰੀ ਲੋਕਾਂ ਨੂੰ ਦੇਵਾਂਗੇ ਤਾਂ ਜੋ ਅਮੀਕਨਾਂ ਨੂੰ ਪਤਾ ਚੱਲੇ ਕਿ ਸਿੱਖ ਉਦਾਰਤਾ ਤੇ ਦਇਆ ਵਾਲੀ ਕੌਮ ਹੈ । ਇਸ ਘਟਨਾਂ ਤੇ ਸਥਾਨਕ ਸਿੱਖ ਭਾਈਚਾਰਾ ਪੀੜਤ ਹੈ ਤੇ ਵੱਖ ਵੱਖ ਸਥਾਨਕ ਸਿੱਖ ਜੱਥੇਬੰਦੀਆਂ ਇਨਾਂ ਸਿੱਖ ਪੀੜਤਾਂ ਨੂੰ ਨਿਆਂ ਦਿਵਾਉਣ ਤੇ ਦੋਸ਼ੀਆਂ ਨੂੰ ਵੱਧ ਤੋਂ ਵੱਧ ਸਜਾਵਾਂ ਦਿਵਾਉਣ ਲਈ ਪ੍ਰਸ਼ਾਸਨ ਤੋਂ ਮੰਗ ਕਰ ਰਹੀਆਂ ਹਨ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਯੂ.ਐਸ.ਏ.ਖਬਰਨਾਮਾ (ਹੁਸਨ ਲੜੋਆ ਬੰਗਾ)

# ਅਮਰੀਕਾ ਦੇ ਇਕ ਹਾਈ ਸਕੂਲ ਦੇ ਬਾਹਰ ਚੱਲੀਆਂ ਗੋਲੀਆਂ, ਇਕ ਵਿਦਿਆਰਥਣ ਦੀ ਮੌਤ ਦੋ ਜ਼ਖਮੀ

**ਸੈਕਰਾਮੈਂਟੋ 9 ਅਪ੍ਰੈਲ** –ਦੱਖਣੀ ਬਰੌਂਕਸੀ ਵਿਚ ਇਕ ਹਾਈਸਕੂਲ ਦੇ ਬਾਹਰ ਵਾਪਰੀ ਗੋਲੀਬਾਰੀ ਦੀ ਘਟਨਾ ਵਿਚ ਸਕੂਲ ਦੀ ਇਕ ਵਿਦਿਆਰਥਣ ਦੀ ਮੌਤ ਹੋ ਗਈ ਤੇ 2 ਹੋਰ ਜਖਮੀ ਹੋ ਗਏ। ਨਿਊਯਾਰਕ ਪੁਲਿਸ ਵਿਭਾਗ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਗੋਲੀਬਾਰੀ ਦੀ ਘਟਨਾ ਉਸ ਸਮੇ ਵਾਪਰੀ ਜਦੋਂ ਵਿਦਿਆਰਥੀ ਛੁੱਟੀ ਹੋਣ ਉਪਰੰਤ ਘਰਾਂ ਨੂੰ ਜਾ ਰਹੇ ਸਨ। ਪੁਲਿਸ ਅਨੁਸਾਰ ਦੋ ਵਿਦਿਆਰਥੀਆਂ ਵਿਚਾਲੇ ਝਗੜੇ ਦਰਮਿਆਨ ਕਿਸੇ ਹੋਰ ਵਿਅਕਤੀ ਨੇ ਗੋਲੀਆਂ ਚਲਾ ਦਿੱਤੀਆਂ ਜਿਸ ਦੌਰਾਨ ਇਕ ਨਬਾਲਗ ਵਿਦਿਆਰਥਣ ਮਾਰੀ ਗਈ। ਪੁਲਿਸ ਅਨੁਸਾਰ ਮਾਰੀ ਗਈ 16 ਸਾਲਾ ਵਿਦਿਆਰਥਣ ਦੀ ਛਾਤੀ ਵਿਚ ਗੋਲੀ ਵੱਜੀ ਹੈ ਜਦ ਕਿ ਇਕ 17 ਸਾਲ ਮੁੰਡੇ ਦੇ ਪੱਟ ਦੇ ਪਿੱਛੇ ਅਤੇ ਇਕ ਹੋਰ 16 ਸਾਲਾ ਵਿਦਿਆਰਥਣ ਦੀ ਲੱਤ ਦੇ ਹੇਠਲੇ ਹਿੱਸੇ ਵਿਚ ਗੋਲੀ ਵੱਜੀ ਹੈ ਜਿਨਾਂ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਵੀਡੀਓ ਵੇਖਣ ਤੋਂ ਪਤਾ ਲੱਗਦਾ ਹੈ ਕਿ ਇਕ ਵਿਅਕਤੀ ਵੱਲੋਂ




ਗੰਨ ਨਾਲ ਗੋਲੀਆਂ ਚਲਾਉਣ ਤੋਂ ਪਹਿਲਾਂ ਸੜਕ ਦੇ ਦੋਨੋਂ ਪਾਸੇ ਖੜੇ ਦੋ ਜਣੇ ਇਕ ਦੂਸਰੇ ਨੂੰ ਕੁਝ ਬੋਲ ਰਹੇ ਹਨ। ਪੁਲਿਸ ਅਨੁਸਾਰ ਗੋਲੀਆਂ ਚਲਾਉਣ ਵਾਲੇ ਵਿਅਕਤੀ ਦੀ ਪਛਾਣ ਨਹੀਂ ਹੋ ਸਕੀ ਪਰੰਤੂ ਵੀਡੀਓ ਦੀ ਛਾਣਬੀਣ ਕੀਤੀ ਜਾ ਰਹੀ ਹੈ। ਨਿਊਯਾਰਕ ਪੁਲਿਸ ਵਿਭਾਗ ਦੇ ਕਮਿਸ਼ਨਰ ਕੀਚੈਂਟ ਸੈਵੈਲ ਨੇ ਕਿਹਾ ਹੈ ਕਿ ਮੁੱਢਲੀ ਜਾਂਚ ਤੋਂ ਲੱਗਦਾ ਹੈ ਕਿ ਝਗੜੇ ਦੌਰਾਨ ਕਿਸੇ ਅਪਰਾਧੀ ਨੇ ਗੋਲੀਆਂ ਚਲਾਈਆਂ ਹਨ। ਉਨਾਂ ਕਿਹਾ ਕਿ ਮੈ ਇਹ ਗੱਲ ਵਿਸ਼ਵਾਸ਼ ਨਾਲ ਕਹਿ ਸਕਦਾ ਹਾਂ ਕਿ ਦੋਸ਼ੀ ਨੂੰ ਕਟਹਿਰੇ ਵਿਚ ਖੜਾ ਕਰਨ ਲਈ ਪੁਲਿਸ ਵਿਭਾਗ ਆਪਣੀ ਸਿਰਤੋੜ ਕੋਸ਼ਿਸ਼ ਕਰ ਰਿਹਾ ਹੈ ਤੇ ਉਹ ਛੇਤੀ ਆਪਣੀ ਇਸ ਕੋਸ਼ਿਸ਼ ਵਿਚ ਸਫਲ ਹੋਵੇਗਾ। ਮੇਅਰ ਏਰਿਕ ਐਡਮਜ ਨੇ ਕਿਹਾ ਹੈ ਕਿ ਗੰਨ ਹਿੰਸਾ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਇਸ ਨੂੰ ਹਰ ਹਾਲਤ ਵਿਚ ਖਤਮ ਕਰਨਾ ਪਵੇਗਾ। ਉਨਾਂ ਨੇ ਵਿਦਿਆਰਥੀਆਂ ਦੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਹੈ।

# ਜਾਰਜੀਆ ਵਿਚ ਗੰਨ ਸਟੋਰ ਮਾਲਕ, ਉਸ ਦੀ ਪਤਨੀ ਤੇ ਪੋਤਰੇ ਦੀ ਹੱਤਿਆ, ਦਰਜ਼ਨਾਂ ਗੰਨਾਂ ਤੇ ਹੋਰ ਸਮਾਨ ਲੁੱਟਿਆ

**ਸੈਕਰਾਮੈਂਟੋ 10 ਅਪ੍ਰੈਲ** –ਅਮਰੀਕਾ ਦੇ ਜਾਰਜੀਆ ਰਾਜ ਵਿਚ ਗਰਾਂਟਵਿਲੇ ਵਿਖੇ ਲੁਟੇਰਿਆਂ ਵੱਲੋਂ ਇਕ ਗੰਨ ਸਟੋਰ ਦੇ ਮਾਲਕ, ਉਸ ਦੀ ਪਤਨੀ ਤੇ ਨਬਾਲਗ ਪੋਤਰੇ ਦੀ ਹੱਤਿਆ ਕਰਨ ਉਪਰੰਤ ਦਰਜ਼ਨਾਂ ਗੰਨਾਂ ਤੇ ਹੋਰ ਸਮਾਨ ਲੁੱਟ ਲੈ ਜਾਣ ਦੀ ਖਬਰ ਹੈ। ਗਰਾਂਟਵਿਲੇ ਪੁਲਿਸ ਵਿਭਾਗ ਨੇ ਜਾਣਕਾਰੀ ਦਿੱਤੀ ਹੈ ਕਿ ਇਹ ਲੁੱਟ ਦੀ ਘਟਨਾ ਸ਼ੁੱਕਰਵਾਰ ਸ਼ਾਮ ਨੂੰ ਵਾਪਰੀ। ਸ਼ਾਮ 8 ਵਜੇ ਦੇ ਕਰੀਬ ਪੁਲਿਸ ਮੌਕੇ ਉਪਰ ਪੁੱਜੀ ਤਾਂ ਉਸ ਨੂੰ 'ਲਾਕ, ਸਟਾਕ ਐਂਡ ਬੈਰਲ ਸ਼ੂਟਿੰਗ ਰੇਂਜ' ਦੇ ਮਾਲਕ ਸਮੇਤ 3 ਜਣੇ ਮ੍ਰਿਤਕ ਹਾਲਤ ਵਿਚ ਮਿਲੇ। ਸਮਝਿਆ ਜਾਂਦਾ ਹੈ ਕਿ ਘਟਨਾ ਵਿਚ ਇਕ ਤੋਂ ਵਧ ਲੁਟੇਰੇ ਸ਼ਾਮਲ ਹੋ ਸਕਦੇ ਹਨ ਜਿਨਾਂ ਦੀ ਪੁਲਿਸ ਵੱਡੀ ਪੱਧਰ 'ਤੇ ਤਲਾਸ਼ ਕਰ ਰਹੀ ਹੈ। ਪੁਲਿਸ ਨੇ ਲੁੱਟ ਸਬੰਧੀ ਕੋਈ ਸੁਰਾਗ ਜਾਂ ਜਾਣਕਾਰੀ ਦੇਣ ਵਾਲੇ ਨੂੰ 15000 ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਹੈ। ਮ੍ਰਿਤਕਾਂ ਦੀ ਪਛਾਣ ਗੰਨ ਸਟੋਰ ਦੇ ਮਾਲਕ ਥਾਮਸ ਹਾਕ (75), ਉਸ ਦੀ ਪਤਨੀ ਆਈਲਿਨ (75) ਤੇ ਨਬਾਲਗ ਪੋਤਰੇ ਲਿਊਕ ਵਜੋਂ




ਹੋਈ ਹੈ ਜੋ ਛੁੱਟੀਆਂ ਹੋਣ ਕਾਰਨ ਆਪਣੇ ਦਾਦਾ-ਦਾਦੀ ਕੋਲ ਆਇਆ ਸੀ। ਪੁਲਿਸ ਮੁੱਖੀ ਸਟੀਵ ਵਾਈਟਲਾਕ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਹਾਕ ਪਰਿਵਾਰ ਇਥੇ ਜਾਣਿਆ ਪਛਾਣਿਆ ਪਰਿਵਾਰ ਸੀ ਤੇ ਲੋਕ ਉਸ ਦੀ ਬਹੁਤ ਇਜ਼ਤ ਕਰਦੇ ਸਨ। ਉਹ ਪਿਛਲੇ 30 ਸਾਲ ਤੋਂ ਗੰਨ ਸਟੋਰ ਚਲਾ ਰਹੇ ਸਨ। ਵਾਈਟਲਾਕ ਅਨੁਸਾਰ ਜਾਂਚਕਾਰਾਂ ਦਾ ਵਿਸ਼ਵਾਸ਼ ਹੈ ਕਿ ਲੁੱਟ ਦੀ ਘਟਨਾ ਸ਼ਾਮ 5।30 ਦੇ ਆਸਪਾਸ ਵਾਪਰੀ ਜਦੋਂ ਆਮ ਤੌਰ 'ਤੇ ਗੰਨ ਸਟੋਰ ਬੰਦ ਕਰ ਦਿੱਤਾ ਜਾਂਦਾ ਹੈ।

ਦੁਕਾਨ ਉਪਰ ਜਦੋਂ ਹਾਕ ਦਾ ਪੁੱਤਰ ਰਿਚਰਡ ਪਹੁੰਚਿਆ ਤਾਂ ਉਸ ਨੇ ਘਟਨਾ ਬਾਰੇ ਪੁਲਿਸ ਨੂੰ ਸੂਚਿਤ ਕੀਤਾ। ਅਜੇ ਤੱਕ ਪੁਲਿਸ ਨੇ ਸ਼ੱਕੀ ਲੁਟੇਰਿਆਂ ਨੂੰ ਨਾਮਜਦ ਨਹੀਂ ਕੀਤਾ ਹੈ ਤੇ ਨਾ ਹੀ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਹੋਈ ਹੈ। ਪੁਲਿਸ ਮੁੱਖੀ ਨੇ ਕਿਹਾ ਹੈ ਕਿ ਦੋਸ਼ੀਆਂ ਨੂੰ ਬਹੁਤ ਛੇਤੀ ਕਾਬੂ ਕਰ ਲਿਆ ਜਾਵੇਗਾ। ਉਨਾਂ ਨੇ ਵੱਡੀ ਪੱਧਰ ਉਪਰ ਹੋਈ ਹਥਿਆਰਾਂ ਦੀ ਲੁੱਟ ਉਪਰ ਚਿੰਤਾ ਪ੍ਰਗਟ ਕੀਤੀ ਹੈ।

# ਜੈੱਟ ਬਲਿਊ ਏਅਰਵੇਅਜ਼ ਤੇ ਸਪਿਰਟ ਏਅਰ ਲਾਈਨਜ਼ ਵੱਲੋਂ ਸੈਂਕੜੇ ਉਡਾਣਾਂ ਰੱਦ ਕਰ ਦੇਣ ਕਾਰਨ ਯਾਤਰੀ ਹੋਏ ਪ੍ਰੇਸ਼ਾਨ

**ਸੈਕਰਾਮੈਂਟੋ 11 ਅਪ੍ਰੈਲ–** ਲੰਘੇ ਸ਼ਨੀਵਾਰ ਤੇ ਐਤਵਾਰ ਜੈੱਟ ਬਲਿਊ ਏਅਰਵੇਅਜ਼ ਅਤੇ ਸਪਰਿਟ ਏਅਰਲਾਈਨਜ਼ ਵੱਲੋਂ ਸੈਂਕੜੇ ਉਡਾਣਾਂ ਰੱਦ ਕਰ ਦੇਣ ਕਾਰਨ ਯਾਤਰੀਆਂ ਨੂੰ ਆਪਣੇ ਟਿਕਾਣਿਆਂ 'ਤੇ ਪਹੁੰਚਣ ਲਈ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਹੈ। ਇਹ ਉਡਾਣਾਂ ਸਟਾਫ ਦੀ ਘਾਟ ਤੇ ਫਲੋਰਿਡਾ ਵਿਚ ਖਰਾਬ ਮੌਸਮ ਦੇ ਮੱਦੇਨਜਰ ਰੱਦ ਕੀਤੀਆਂ ਗਈਆਂ ਹਨ। ਦੋਨਾਂ ਏਅਰ ਲਾਈਨਾਂ ਦੇ ਰਲੇਵੇਂ ਦੀ ਚੱਲ ਰਹੀ ਗੱਲਬਾਤ ਦਰਮਿਆਨ ਉਡਾਣਾਂ ਰੱਦ ਹੋਣ ਦੀ ਸਮੱਸਿਆ ਸਾਹਮਣੇ ਆਈ ਹੈ। ਫਲਾਈਟ ਅਵੇਅਰ ਅਨੁਸਾਰ ਐਤਵਾਰ ਨੂੰ ਦੋਨਾਂ ਏਅਰ ਲਾਈਨਜ਼ ਦੀਆਂ 254 ਉਡਾਣਾਂ ਰੱਦ ਹੋਈਆਂ ਜਦ ਕਿ ਇਸ ਤੋਂ ਪਹਿਲਾਂ ਸ਼ਨੀਵਾਰ ਨੂੰ 300 ਤੋਂ ਵਧ ਉਡਾਣਾਂ ਰੱਦ ਹੋਈਆਂ। ਜੈੱਟ ਬਲਿਊ ਨੇ ਸ਼ਨੀਵਾਰ ਨੂੰ ਆਪਣੀਆਂ 18% ਉਡਾਣਾਂ ਰੱਦ ਕੀਤੀਆਂ ਜਦ ਕਿ ਐਤਵਾਰ ਨੂੰ ਦੁਪਹਿਰ ਬਾਅਦ 2।30 ਵਜੇ ਤੱਕ 13% ਉਡਾਣਾਂ ਰੱਦ ਕੀਤੀਆਂ। ਇਸੇ ਤਰਾਂ ਸਪਿਰਟ ਨੇ ਸ਼ਨੀਵਾਰ ਨੂੰ 14% ਤੇ ਐਤਵਾਰ ਨੂੰ 13% ਉਡਾਣਾਂ ਰੱਦ ਕੀਤੀਆਂ। ਉਡਾਣਾਂ ਰੱਦ ਹੋਣ ਕਾਰਨ ਯਾਤਰੀਆਂ ਨੂੰ ਹੋਰ ਏਅਰ ਲਾਈਨਜ਼ ਰਾਹੀਂ ਆਪਣੇ ਨਿਰਧਾਰਤ ਟਿਕਾਣਿਆਂ 'ਤੇ ਪੁੱਜਣ ਲਈ ਜਦੋਜਹਿਦ ਕਰਨੀ ਪਈ। ਬਹੁਤ ਸਾਰੇ ਮਾਮਲਿਆਂ ਵਿਚ ਤਾਂ ਯਾਤਰੀਆਂ ਨੂੰ ਅਗਲੇ ਦਿਨ ਲਈ ਉਡੀਕ ਕਰਨੀ ਪੈ ਰਹੀ ਹੈ ਕਿਉਂਕਿ ਉਡਾਣਾਂ ਪਹਿਲਾਂ ਹੀ ਭਰੀਆਂ ਹੋਈਆਂ ਹਨ ਜਾਂ ਫਿਰ ਯਾਤਰੀਆਂ ਨੂੰ ਆਪਣਾ ਪ੍ਰੋਗਰਾਮ ਰੱਦ ਕਰਨਾ ਪੈ ਰਿਹਾ ਹੈ। ਕਈ ਯਾਤਰੀਆਂ ਨੇ ਬਿਨਾਂ ਕਾਰਨ ਅਚਾਨਕ ਉਡਾਣਾਂ ਰੱਦ ਕਰਨ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਉਨਾਂ ਨੂੰ ਹੋਟਲ ਦਾ ਵਾਧੂ ਖਰਚਾ ਸਹਿਣ ਕਰਨਾ ਪੈ ਰਿਹਾ ਹੈ ਤੇ ਇਸ ਤੋਂ ਇਲਾਵਾ ਮਿੱਥੇ ਸਮੇ 'ਤੇ ਆਪਣੇ ਟਿਕਾਣੇ 'ਤੇ ਨਾ ਪਹੁੰਚ ਸਕਣ ਦੀ ਪ੍ਰੇਸ਼ਾਨੀ ਵੱਖਰੀ ਹੈ।

# ਇੰਡਿਆਨਾਪੋਲਿਸ ਵਿਚ ਜਨਮ ਦਿਨ ਪਾਰਟੀ ਮੌਕੇ ਚੱਲੀਆਂ ਗੋਲੀਆਂ, ਇਕ ਮੌਤ, ਪੰਜ ਜ਼ਖਮੀ

**ਸੈਕਰਾਮੈਂਟੋ 11 ਅਪ੍ਰੈਲ–** ਇੰਡਿਆਨਾਪੋਲਿਸ ਵਿਚ ਨਾਈਟ ਕਲੱਬ ਵਿਚ ਐਤਵਾਰ ਤੜਕਸਾਰ ਤਕਰੀਬਨ 3-20 ਵਜੇ ਸਵੇਰੇ ਇਕ ਜਨਮ ਦਿਨ ਪਾਰਟੀ ਮੌਕੇ ਗੋਲੀਆਂ ਚੱਲਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਤੇ 5 ਹੋਰ ਜ਼ਖਮੀ ਹੋ ਗਏ। ਇੰਡਿਆਨਾਪੋਲਿਸ ਮੈਟਰੋਪੋਲਿਟਨ ਪੁਲਿਸ ਵਿਭਾਗ ਦੀ ਟੀਮ ਜਦੋਂ ਮੌਕੇ ਉਪਰ ਪੁੱਜੀ ਤਾਂ ਇਕ ਵਿਅਕਤੀ ਜਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਚੁੱਕਾ ਸੀ।

ਜ਼ਖਮੀਆਂ ਵਿਚ 4 ਮਰਦ ਤੇ ਇਕ ਔਰਤ ਸ਼ਾਮਿਲ ਹੈ ਜਿਨਾਂ ਦੀ ਹਾਲਤ ਸਥਿੱਰ ਹੈ। ਇਸ ਮਾਮਲੇ ਵਿਚ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ।

# ਅਗਲੇ ਮਹੀਨੇ 'ਮਹਾਮਾਰੀ ਜਨਤਿਕ ਸਿਹਤ ਆਦੇਸ਼' ਖਤਮ ਹੋਣ ਬਾਅਦ ਅਪ੍ਰਵਾਸੀਆਂ ਦਾ ਅਮਰੀਕਾ ਵਿਚ ਵੱਡੀ ਪੱਧਰ 'ਤੇ ਹੋ ਸਕਦਾ ਹੈ ਪ੍ਰਵੇਸ਼

**ਸੈਕਰਾਮੈਂਟੋ 8 ਅਪ੍ਰੈਲ–** ਸੈਕਰਾਮੈਂਟੋ 8 ਅਪ੍ਰੈਲ- ਕੋਵਿਡ ਮਹਾਂਮਾਰੀ ਕਾਰਨ ਤਤਕਾਲ ਟਰੰਪ ਪ੍ਰਸ਼ਾਸਨ ਦੁਆਰਾ ਅਮਰੀਕਾ ਵਿਚ ਅਪ੍ਰਵਾਸੀਆਂ ਦੇ ਪ੍ਰਵੇਸ਼ ਨੂੰ ਰੋਕਣ ਵਾਸਤੇ ਲਾਗੂ ਕੀਤਾ ਗਿਆ 'ਮਹਾਮਾਰੀ ਜਨਤਿਕ ਸਿਹਤ ਆਦੇਸ਼' ਜਿਸ ਨੂੰ 'ਟਾਇਟਲ 42' ਵੀ ਕਿਹਾ ਜਾਂਦਾ ਹੈ, ਨੂੰ ਬਾਈਡਨ ਪ੍ਰਸ਼ਾਸਨ ਨੇ ਅਗਲੇ ਮਹੀਨੇ ਖਤਮ ਕਰਨ ਦਾ ਐਲਾਨ ਕੀਤਾ ਹੈ। ਇਸ ਉਪਰੰਤ ਅਮਰੀਕਾ ਵਿਚ ਅਪ੍ਰਵਾਸੀਆਂ ਦੇ ਪ੍ਰਵੇਸ਼ ਵਿਚ ਵੱਡੀ ਗਿਣਤੀ ਵਿੱਚ ਵਾਧਾ ਹੋ ਸਕਦਾ ਹੈ ਜੋ ਅਪ੍ਰਵਾਸੀ ਪਿਛਲੇ ਦੋ ਸਾਲਾਂ ਦੇ ਵੀ ਵਧ ਸਮੇ ਤੋਂ ਅਮਰੀਕਾ ਵਿਚ ਦਾਖਲ ਹੋਣ ਤੇ ਸ਼ਰਨ ਲੈਣ ਦੀ ਉਡੀਕ ਵਿਚ ਹਨ।

ਟਰੰਪ ਪ੍ਰਸ਼ਾਸਨ ਨੇ ਇਹ ਆਦੇਸ਼ ਲਾਗੂ ਕਰਨ ਸਮੇ ਕਿਹਾ ਸੀ ਕਿ ਇਸ ਨਾਲ ਮੈਕਸੀਕੋ ਤੇ ਕੈਨੇਡਾ ਨਾਲ ਲੱਗਦੀਆਂ ਅਮਰੀਕੀ ਸਰਹੱਦਾਂ 'ਤੇ ਕੋਵਿਡ ਵਾਇਰਸ ਨੂੰ ਫੈਲਣ ਤੋਂ ਰੋਕਣ ਵਿਚ ਮੱਦਦ ਮਿਲੇਗੀ। ਇਹ ਆਦੇਸ਼ ਬਹੁਤ ਹੀ ਕਾਰਗਰ ਸਾਬਤ ਹੋਇਆ ਤੇ ਅਪ੍ਰਵਾਸੀਆਂ ਦੇ ਅਮਰੀਕਾ ਵਿਚ ਪ੍ਰਵੇਸ਼ 'ਤੇ ਪਾਬੰਦੀ ਲੱਗ ਗਈ ਸੀ ਹਾਲਾਂ ਕਿ ਉਸ ਸਮੇ ਟਰੰਪ ਪ੍ਰਸ਼ਾਸਨ ਦੇ ਇਸ ਆਦੇਸ਼ ਦੀ ਜਨਤਿਕ ਸਿਹਤ ਅਧਿਕਾਰੀਆਂ ਨੇ ਅਲੋਚਨਾ ਕਰਦਿਆਂ ਕਿਹਾ ਸੀ ਕਿ ਇਸ ਪਿਛੇ ਰਾਜਸੀ ਮਕਸਦ ਕੰਮ ਕਰ ਰਿਹਾ ਹੈ। ਬਾਈਡਨ ਪ੍ਰਸ਼ਾਸਨ ਨੇ ਪਿਛਲੇ ਹਫਤੇ ਐਲਾਨ ਕੀਤਾ ਹੈ ਕਿ ਇਹ ਆਦੇਸ਼ ਅਗਲੇ ਮਹੀਨੇ 23 ਮਈ ਨੂੰ ਖਤਮ ਕਰ ਦਿੱਤਾ ਜਾਵੇਗਾ।

ਇਸ ਐਲਾਨ ਦਾ ਮਨੁੱਖੀ ਹੱਕਾਂ ਨਾਲ ਸਬੰਧਤ ਸੰਸਥਾਵਾਂ ਤੇ ਬਹੁਤ ਸਾਰੇ ਡੈਮੋਕਰੈਟਸ ਨੇ ਸਵਾਗਤ ਕੀਤਾ ਹੈ ਪਰੰਤੂ ਰਿਪਬਲੀਕਨਾਂ ਤੇ ਕੁਝ ਉਦਾਰ ਡੈਮੋਕਰੈਟਸ ਨੇ ਅਲੋਚਨਾ ਕੀਤੀ ਹੈ। ਇਨਾਂ ਦਾ ਕਹਿਣਾ ਹੈ ਕਿ ਵੱਡੀ ਗਿਣਤੀ ਵਿਚ ਅਪ੍ਰਵਾਸੀਆਂ ਦੇ ਅਮਰੀਕਾ ਵਿਚ ਪ੍ਰਵੇਸ਼ ਨਾਲ ਨਜਿੱਠਣ ਲਈ ਬਾਈਡਨ ਪ੍ਰਸ਼ਾਸਨ ਕੋਲ ਕੋਈ ਕਾਰਗਰ ਯੋਜਨਾ ਨਹੀਂ ਹੈ। ਇਸੇ ਦੌਰਾਨ ਟੈਕਸਾਸ ਦੇ ਗਵਰਨਰ ਗਰੇਗ ਅਬੋਟ ਦੇ ਦਫਤਰ ਨੇ ਕਿਹਾ ਹੈ ਕਿ ਉਸ ਵੱਲੋਂ ਅਪ੍ਰਵਾਸੀਆਂ ਨੂੰ ਬੱਸ ਜਾਂ ਜਹਾਜ਼ ਰਾਹੀਂ ਵਾਸ਼ਿੰਗਟਨ, ਡੀ ਸੀ ਭੇਜਿਆ ਜਾਵੇਗਾ।

ਗਵਰਨਰ ਨੇ ਕਿਹਾ ਹੈ ਕਿ ਅਪ੍ਰਵਾਸੀਆਂ ਨਾਲ ਨਜਿੱਠਣ ਲਈ ਹੋਰ ਕਈ ਕਦਮਾਂ ਤੋਂ ਇਲਾਵਾ ਇਕ ਕਦਮ ਉਨਾਂ ਨੂੰ ਰਾਜ ਤੋਂ ਬਾਹਰ ਭੇਜਣਾ ਵੀ ਹੈ। ਅਬੋਟ ਨੇ ਇਸ ਮਕਸਦ ਲਈ ਟੈਕਸਾਸ ਡਵੀਜਨ ਦੀ ਐਮਰਜੈਂਸੀ ਮੈਨਜਮੈਂਟ ਨੂੰ ਬੱਸਾਂ ਤੇ ਜਹਾਜ਼ ਤਿਆਰ ਰਖਣ ਲਈ ਕਿਹਾ ਹੈ।

---

# ਸ਼ੱਕੀ ਹਮਲਾਵਰ ਨੇ ਖੁਦ ਨੂੰ ਗੋਲੀ ਮਾਰਨ ਤੋਂ ਪਹਿਲਾਂ ਇਕ ਪੁਲਿਸ ਅਫਸਰ ਤੇ ਦੋ ਹੋਰਨਾਂ ਨੂੰ ਕੀਤਾ ਜ਼ਖਮੀ

**ਸੈਕਰਾਮੈਂਟੋ 8 ਅਪ੍ਰੈਲ–** ਉਤਰ-ਪੂਰਬੀ ਫਿਲਾਡੈਲਫੀਆ ਵਿਚ ਇਕ ਸ਼ੱਕੀ ਹਮਲਾਵਰ ਨੇ ਆਪਣੇ ਆਪ ਨੂੰ ਗੋਲੀ ਮਾਰਨ ਤੋਂ ਪਹਿਲਾਂ ਗੋਲੀਆਂ ਚਲਾ ਕੇ ਪੈਨਸਿਲਵੈਨੀਆ ਦੇ ਇਕ ਪੁਲਿਸ ਅਫਸਰ ਤੇ ਦੋ ਹੋਰਨਾਂ ਨੂੰ ਜਖਮੀ ਕਰ ਦਿੱਤਾ। ਪੁਲਿਸ ਸ਼ੱਕੀ ਨੂੰ ਕਾਬੂ ਕਰਨ ਗਈ ਸੀ ਪਰੰਤੂ ਜਿਉਂ ਹੀ ਮੌਕੇ ਉਪਰ ਪੁੱਜੀ ਤਾਂ ਸ਼ੱਕੀ ਹਮਲਾਵਰ ਨੇ ਇਮਾਰਤ ਦੀ ਦੂਸਰੀ ਮੰਜਿਲ ਤੋਂ ਗੋਲੀ ਚਲਾ ਕੇ ਇਕ ਪੁਲਿਸ ਅਫਸਰ ਨੂੰ ਜ਼ਖਮੀ ਕਰ ਦਿੱਤਾ ਜਿਸ ਦੀ ਹਾਲਤ ਗੰਭੀਰ ਪਰ ਸਥਿੱਰ ਹੈ। ਇਸ ਘਟਨਾ ਵਿਚ ਜ਼ਖਮੀ ਹੋਈਆਂ ਦੋ ਔਰਤਾਂ ਹਨ ਜਿਨਾਂ ਦੀ ਉਮਰ 57 ਤੇ 42 ਸਾਲ ਹੈ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਆਪ ਦੇ ਵਿਧਾਇਕ ਦੁਆਰਾ ਸੀਨੀਅਰ ਪੁਲਿਸ ਅਧਿਕਾਰੀਆਂ 'ਤੇ ਲਗਾਏ ਗਏ ਗੰਭੀਰ ਦੋਸ਼ਾਂ 'ਤੇ ਸਰਕਾਰ ਸਥਿਤੀ ਸਪੱਸ਼ਟ ਕਰੇ: ਸੁਖਪਾਲ ਖਹਿਰਾ

**ਨਿਊਯਾਰਕ / ਚੰਡੀਗੜ (ਰਾਜ ਗੋਗਨਾ)**—ਹਲਕਾ ਭੁਲੱਥ ਤੋਂ ਕਾਂਗਰਸੀ ਵਿਧਾਇਕ ਸ: ਸੁਖਪਾਲ ਸਿੰਘ ਖਹਿਰਾ ਨੇ ਇਕ ਲਿਖਤੀ ਪ੍ਰੈਸ ਨੋਟ ਜਾਰੀ ਕਰਦਿਆ, ਮੁੱਖ ਮੰਤਰੀ ਭਗਵੰਤ ਮਾਨ ਨੂੰ ਲਿਖੇ ਪੱਤਰ ਦੀ ਕਾਪੀ ਜਾਰੀ ਕਰਦਿਆਂ ਲਿਖਿਆ ਹੈ ਕਿ ਮੈ ਇੱਕ ਹੋਰ ਮੁੱਦਾ ਤੁਹਾਡੇ ਧਿਆਨ ਵਿੱਚ ਲਿਆਉਣ ਲਈ ਮਜ਼ਬੂਰ ਹੋ ਰਿਹਾ ਹਾਂ ਜਿਸ ਵਿੱਚ ਅੰਮ੍ਰਿਤਸਰ (ਉੱਤਰੀ) ਤੋਂ ਤੁਹਾਡੀ ਆਪਣੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਸੀਨੀਅਰ ਪੁਲਿਸ ਅਧਿਕਾਰੀਆਂ ਵਿਰੁੱਧ ਗੰਭੀਰ ਦੋਸ਼ ਲਗਾਏ ਹਨ ਜਿਨ੍ਹਾਂ ਨੂੰ ਹਾਲ ਹੀ ਵਿੱਚ ਤੁਹਾਡੇ ਦਫ਼ਤਰ ਦੁਆਰਾ ਮਹੱਤਵਪੂਰਨ ਕਾਰਜਾਂ 'ਤੇ ਤਾਇਨਾਤ ਕੀਤਾ ਗਿਆ ਹੈ। ਮੁੱਖ ਮੰਤਰੀ ਪਦ ਦੇ ਨਾਲ ਨਾਲ ਤੁਸੀਂ ਪੰਜਾਬ ਦੇ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਦੇ ਮੰਤਰੀ ਹੋਣ ਦੇ ਨਾਤੇ ਇਹ ਮਾਮਲਾ ਸਿੱਧਾ ਤੁਹਾਡੇ ਦਾਇਰੇ ਵਿੱਚ ਆਉਂਦਾ ਹੈ।ਅਤੇ ਕੁੰਵਰ ਵਿਜੇ ਪ੍ਰਤਾਪ ਨੇ 9 ਅਪ੍ਰੈਲ 2022 ਨੂੰ ਆਪਣੀ ਫੇਸਬੁੱਕ ਪੋਸਟ ਵਿੱਚ 1988 ਬੈਚ ਦੇ ਆਈਪੀਐਸ ਅਧਿਕਾਰੀ ਪ੍ਰਬੋਧ ਕੁਮਾਰ ਦੀ ਪੋਸਟਿੰਗ 'ਤੇ ਚਿੰਤਾ ਜ਼ਾਹਰ ਕੀਤੀ ਹੈ, ਜਿਸ ਨੂੰ 25 ਮਾਰਚ ਨੂੰ ਵਿਸ਼ੇਸ਼ ਡੀਜੀਪੀ ਪੰਜਾਬ ਇੰਟੈਲੀਜੈਂਸ ਚੀਫ਼ ਵਜੋਂ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਦੇ ਵਿਧਾਇਕ ਨੇ 1997 ਬੈਚ ਦੇ ਆਈਪੀਐਸ ਅਧਿਕਾਰੀ ਅਰੁਣ ਪਾਲ ਸਿੰਘ ਵੱਲ ਵੀ ਉਂਗਲ ਉਠਾਈ ਜੋ ਹਾਲ ਹੀ ਵਿੱਚ ਅੰਮ੍ਰਿਤਸਰ ਵਿਖੇ ਪੁਲਿਸ ਕਮਿਸ਼ਨਰ ਵਜੋਂ ਨਿਯੁਕਤ ਹੋਏ ਸਨ। ਕੁੰਵਰ ਵਿਜੇ ਪ੍ਰਤਾਪ ਸਿੰਘ, ਜੋ ਕਿ 9 ਅਪ੍ਰੈਲ, 2021 ਤੱਕ ਪੰਜਾਬ ਵਿੱਚ ਪੁਲਿਸ ਦੇ ਇੰ-ਸਪੈਕਟਰ ਜਨਰਲ ਸਨ, ਨੇ ਲਿਖਿਆ "ਮੈਂ ਉਚਿਤ ਪਾਰਟੀ ਫੋਰਮ ਨੂੰ ਬੇਨਤੀ ਕੀਤੀ ਹੈ ਕਿ ਉਹ ਦੋ ਪੁਲਿਸ ਅਫਸਰਾਂ ਦੀ ਤਾਇਨਾਤੀ 'ਤੇ ਮੁੜ ਵਿਚਾਰ ਕਰੇ ਜੋ ਉਸ ਸਮੇਂ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਹਿੱਸਾ ਸਨ ਅਤੇ ਨੰਬਰ ਦੋ ਤੇ ਕਾਰਜ ਕਰ ਰਹੇ ਸਨ। ਉਸ ਮੌਕੇ ਇਨ੍ਹਾਂ ਨੇ ਵੱਡੇ ਸਿਆਸੀ ਪਰਿਵਾਰਾਂ ਦਾ ਪੱਖ ਪੂਰਿਆ। ਇਹ ਦੋਵੇਂ ਪੁਲਿਸ ਅਧਿਕਾਰੀ ਬਰਗਾੜੀ-ਬਹਿਬਲ ਕਲਾਂ-ਕੋਟਕਪੂਰਾ ਕੇਸਾਂ ਦੇ ਜ਼ਿੰਮੇਵਾਰ ਹਨ ਜਿਸ ਕਰਕੇ ਅੱਜ ਇਨਸਾਫ਼ ਨਹੀਂ ਮਿਲ ਰਿਹਾ। ਮੈਂ SIT ਵਿੱਚ ਨੰਬਰ 3 'ਤੇ ਸੀ।



ਇਹਨਾਂ ਦੋਵਾਂ ਪੋਸਟਾਂ 'ਤੇ ਮੁੜ ਵਿਚਾਰ ਕਰਨ ਲਈ ਢੁਕਵੇਂ ਪਾਰਟੀ ਫੋਰਮ 'ਤੇ ਬੇਨਤੀ ਕੀਤੀ ਗਈ ਹੈ। ਕੁੰਵਰ ਵਿਜੇ ਪ੍ਰਤਾਪ ਨੇ ਕਿਹਾ ਕਿ ਮੈਂ ਬਰਗਾੜੀ ਕੇਸਾਂ ਵਿੱਚ ਇਨਸਾਫ਼ ਦਿਵਾਉਣ ਲਈ ਸਾਡੀ 'ਆਪ' ਸਰਕਾਰ ਦੁਆਰਾ ਕੀਤੇ ਜਾਣ ਵਾਲੇ ਖਾਸ ਨੁਕਤਿਆਂ ਦਾ ਹਵਾਲਾ ਦਿੰਦੇ ਹੋਏ ਇੱਕ ਪੱਤਰ ਰਾਹੀਂ ਮਾਨਯੋਗ ਮੁੱਖ ਮੰਤਰੀ ਨੂੰ ਵੀ ਬੇਨਤੀ ਕੀਤੀ ਹੈ।"ਹਾਲਾਂਕਿ ਪਾਰਟੀ ਜਾਂ ਰਾਜ ਸਰਕਾਰ ਦੇ ਦਬਾਅ ਹੇਠ ਕੁੰਵਰ ਵਿਜੇ ਪ੍ਰਤਾਪ ਨੇ ਬਾਅਦ ਵਿੱਚ ਅਹੁਦੇ ਤੋਂ ਹਟਾ ਦਿੱਤਾ ਸੀ ਪਰ ਇਸ ਮਾਮਲੇ ਨਾਲ ਸਬੰਧਤ ਖ਼ਬਰਾਂ ਪਹਿਲਾਂ ਹੀ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਵੱਖ-ਵੱਖ ਭਾਗਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ।ਮੈਂ ਤੁਹਾਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਚੋਣਾਂ ਦੌਰਾਨ ਕਈ ਵਾਰ ਦਾਅਵਾ ਕੀਤਾ ਸੀ ਕਿ ਜੇਕਰ ਉਨ੍ਹਾਂ ਦੀ ਪਾਰਟੀ ਨੂੰ ਸੱਤਾ 'ਚ ਲਿਆਂਦਾ ਗਿਆ ਤਾਂ ਉਹ ਬਹਿਬਲ ਕਲਾਂ ਅਤੇ ਕੋਟਕਪੂਰਾ ਪੁਲਿਸ ਦੇ ਪੀੜਤਾਂ ਨੂੰ ਇਨਸਾਫ਼ 24 ਘੰਟਿਆਂ ਚ ਇਨਸਾਫ਼ ਦਿਵਾਉਣਗੇ।ਹਾਲਾਂਕਿ ਮੈਨੂੰ ਨਹੀਂ ਲੱਗਦਾ ਕਿ ਪੰਜਾਬ ਸਰਕਾਰ ਉਪਰੋਕਤ ਵਾਅਦੇ ਨੂੰ ਪੂਰਾ ਕਰਨ ਲਈ ਕੋਈ ਅਸਾਧਾਰਨ ਕੋਸ਼ਿਸ਼ ਕਰ ਰਹੀ ਹੈ। ਹੁਣ ਤੁਹਾਡੀ ਆਪਣੀ ਪਾਰਟੀ ਦੇ ਵਿਧਾਇਕ ਅਤੇ ਇੱਕ ਸਾਬਕਾ ਸੀਨੀਅਰ ਰੈਂਕ ਦੇ ਪੁਲਿਸ ਅਧਿਕਾਰੀ ਨੇ ਦੋ ਆਈਪੀਐਸ ਅਫਸਰਾਂ ਦੀ ਨਿਯੁਕਤੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ ਜੋ ਸਿਟ ਦਾ ਹਿੱਸਾ ਸਨ ਪਰ ਵੱਡੇ ਸਿਆਸੀ ਪਰਿਵਾਰਾਂ ਨਾਲ ਨੇੜਤਾ ਕਾਰਨ ਨਿਆਂ ਪ੍ਰਾਪਤ ਕਰਨ ਵਿੱਚ ਅਸਫਲ ਰਹੇ ਹਨ।

ਮੈਂ ਮੰਗ ਕਰਦਾ ਹਾਂ ਕਿ ਪੰਜਾਬ ਦੇ ਮੁੱਖ ਮੰਤਰੀ ਹੋਣ ਦੇ ਨਾਤੇ ਅਤੇ ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ ਦਾ ਪੋਰਟਫੋਲੀਓ ਹੋਣ ਦੇ ਨਾਤੇ ਤੁਹਾਨੂੰ ਉਪਰੋਕਤ ਦੋਸ਼ਾਂ 'ਤੇ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ ਅਤੇ ਗਲਤੀ ਕਰਨ ਵਾਲੇ ਅਧਿਕਾਰੀਆਂ ਨੂੰ ਉਨ੍ਹਾਂ ਦੇ ਮੌਜੂਦਾ ਕਾਰਜਾਂ ਤੋਂ ਤੁਰੰਤ ਤਬਦੀਲ ਕਰਨਾ ਚਾਹੀਦਾ ਹੈ।

# 'ਲੇਖਕ ਦੇ ਵਿਹੜੇ' ਪ੍ਰੋਗਰਾਮ ਤਹਿਤ ਤਲਵੰਡੀ ਫੱਤੂ 'ਚ ਜੁੜੀ ਮਹਿਫ਼ਲ, ਲੋਕ ਮਸਲਿਆਂ ਉੱਤੇ ਕਵਿਤਾਵਾਂ/ਗੀਤ ਲਿਖਣ ਦੀ ਲੋੜ ਦਾ ਹੋਕਾ






**ਮੁਕੰਦਪੁਰ, (ਰੇਸ਼ਮ ਕਰਨਾਣਵੀ)** – ਨਵਜੋਤ ਸਾਹਿਤ ਸੰਸਥਾ (ਰਜਿ) ਔੜ ਵਲੋਂ 'ਲੇਖਕ ਦੇ ਵਿਹੜੇ' ਪ੍ਰੋਗਰਾਮਾਂ ਦੀ ਲੜੀ ਤਹਿਤ ਪਿੰਡ ਤਲਵੰਡੀ ਫੱਤੂ ਵਿਖੇ ਸਾਹਿਤਕ ਮਹਿਫ਼ਲ ਸਜਾਈ ਗਈ। ਇਸ ਪ੍ਰੋਗਰਾਮ 'ਚ ਨਵੀਂ ਕਲਮ ਹਰਮਿੰਦਰ ਹੈਰੀ ਨਾਲ ਹੋਏ ਰੂ-ਬ-ਰੂ ਦੌਰਾਨ ਉਸ ਦੀਆਂ ਰਚਨਾਵਾਂ ਅਤੇ ਹੁਣ ਤੱਕ ਦੇ ਜ਼ਿੰਦਗੀ ਸਫ਼ਰ ਬਾਰੇ ਸਾਂਝ ਪਾਈ ਗਈ। ਸੰਸਥਾ ਵਲੋਂ ਉਸ ਨੂੰ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਸਿੱਧ ਗ਼ਜ਼ਲਗੋ ਗੁਰਦਿਆਲ ਰੌਸ਼ਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਹਨਾਂ ਲੋਕ ਮਸਲਿਆਂ 'ਤੇ ਕਵਿਤਾਵਾਂ, ਗ਼ਜ਼ਲਾਂ ਤੇ ਗੀਤ ਲਿਖਣ ਦੀ ਜ਼ੋਰਦਾਰ ਪ੍ਰੋੜ੍ਹਤਾ ਕਰਦਿਆਂ ਕਿਹਾ ਕਿ ਲੇਖਕ ਵਰਗ ਨੂੰ ਜ਼ਿੰਦਗੀ ਦੇ ਬਾਕੀ ਰਸਾਂ ਦੇ ਮੁਕਾਬਲੇ ਲੋਕਾਂ ਦੇ ਦੁੱਖ ਤਕਲੀਫ਼ਾਂ ਨੂੰ ਆਪਣੀਆਂ ਰਚਨਾਵਾਂ ਵਿੱਚ ਵੱਧ ਪਹਿਲ ਦੇਣ ਦੀ ਲੋੜ ਹੈ। ਇਸ ਮੌਕੇ ਉਹਨਾਂ ਵਲੋਂ ਸੁਣਾਏ ਗਏ ਸ਼ੇਅਰਾਂ ਨੂੰ ਹਾਜ਼ਰੀਨ ਵਲੋਂ ਭਰਵੀਂ ਦਾਦਾ ਦਿੱਤੀ ਗਈ। ਸੰਸਥਾ ਦੇ ਪ੍ਰਧਾਨ ਸਤਪਾਲ ਸਾਹਲੋਂ ਨੇ ਸਵਾਗਤੀ ਸ਼ਬਦ ਕਹੇ ਜਦੋਂ ਕਿ ਸਕੱਤਰ ਸੁਰਜੀਤ ਮਜਾਰੀ ਨੇ ਸਟੇਜ ਦਾ ਸੰਚਾਲਨ ਕੀਤਾ। ਸਮਾਗਮ ਦੇ ਪ੍ਰਧਾਨਗੀ ਵਿੱਚ ਸਰਪੰਚ ਸਤਵਿੰਦਰ ਸਿੰਘ, ਨੰਬਰਦਾਰ ਬੂਟਾ ਸਿੰਘ, ਨੰਬਰਦਾਰ ਇਕਬਾਲ ਸਿੰਘ, ਪੰਚ ਧਰਮ ਪਾਲ ਸ਼ਾਮਲ ਹੋਏ। ਉਹਨਾਂ ਨੇ ਸਮੂਹਿਕ ਤੌਰ 'ਤੇ ਸ਼ਮਾਂ ਰੌਸ਼ਨ ਦੀ ਰਸਮ ਰਾਹੀਂ ਸਮਾਗਮ ਦੀ ਆਰੰਭਤਾ ਕਰਵਾਈ। ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਸ਼ਾਇਰ ਤਰਸੇਮ ਸਾਕੀ, ਪਿਆਰਾ ਲਾਲ ਬੰਗੜ, ਦਵਿੰਦਰ ਸਕੋਹਪੁਰੀ, ਹਰਮਿੰਦਰ ਸਿੰਘ ਤਲਵੰਡੀ, ਕੁਲਵੀਰ ਤਲਵੰਡੀ, ਮੱਖਣ ਬਖਲੌਰ ਆਦਿ ਨੇ ਕਵਿਤਾਵਾਂ, ਗ਼ਜ਼ਲਾਂ ਅਤੇ ਗੀਤ ਪੇਸ਼ ਕੀਤੇ। ਸੰਸਥਾ ਦੇ ਸਹਾਇਕ ਸਕੱਤਰ ਬਿੰਦਰ ਮੱਲ੍ਹਾ ਬੇਦੀਆਂ ਨੇ ਸਮਾਗਮ ਦੀ ਸਫ਼ਲਤਾ ਲਈ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ।




Prem Kumar Chumber Editor-in-Chief
Desh Doaba (Punjabi) Ambedkar Times (English)
Mobile 1-916 947 8920 Fax 1-916 238 1393


# ਅੰਮ੍ਰਿਤਸਰ ਵਿਕਾਸ ਮੰਚ (ਰਜਿ)ਵਲੋਂ ਵਿਸਾਖੀ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ




**ਅੰਮ੍ਰਿਤਸਰ** – ਅੰਮ੍ਰਿਤਸਰ ਵਿਕਾਸ ਮੰਚ (ਰਜਿ)ਵਲੋਂ ਵਿਸਾਖੀ ਨੂੰ ਸਮਰਪਿਤ ਕਵੀ ਦਰਬਾਰ ਬੀਤੇ ਦਿਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨਿਵਾਸ ਵਿਖੇ ਕਰਵਾਇਆ ਗਿਆ। ਇਸ ਸਬੰਧੀ ਮੰਚ ਦੇ ਸਰਪ੍ਰਸਤ ਤੇ ਕਵੀ ਦਰਬਾਰ ਦੇ ਕਨ-ਵੀਨਰ ਸ੍ਰੀ ਅੰਮ੍ਰਿਤ ਲਾਲ ਮੰਨਣ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਵਿਚ ਕਿਹਾ ਏ ਐਸ ਦਲੇਰ, ਸ੍ਰੀਮਤੀ ਸੁਜਾਤਾ, ਸ੍ਰੀਮਤੀ ਅਰਤਿੰਦਰ ਸੰਧੂ, ਸ।ਹਰਪਾਲ ਸਿੰਘ ਸੰਧਾਵਾਲੀਆ, ਜਗਤਾਰ ਗਿੱਲ, ਸਤਿੰਦਰ ਸਿੰਘ ਓਠੀ, ਬਲਜਿੰਦਰ ਸਿੰਘ ਮਾਂਗਟ,ਸਿਮਬਰਨ ਕੌਰ, ਸਰਬਜੀਤ ਸਿੰਘ ਸੰਧੂ, ਰਜਿੰਦਰ ਸਿੰਘ ਭਕਨਾ ਨੇ ਪੰਜਾਬੀ ਵਿਰਸੇ, ਜਲ੍ਹਿਆਂ ਵਾਲਾ ਬਾਗ਼ ਦੇ ਖ਼ੂਨੀ ਸਾਕੇ ਅਤੇ ਖਾਲਸੇ ਦੀ ਸਾਜਨਾ ਸੰਬੰਧੀ ਅਪਣੀਆਂ ਕਵਿਤਾਵਾਂ ਸੁਣਾਈਆਂ।ਵਿਖਿਆਤ ਲੇਖਕ ਤੇ ਅੰਮ੍ਰਿਤਸਰ ਦੇ ਸਾਬਕ ਜਿਲਾ ਸਿਖਿਆ ਅਫ਼ਸਰ ਸ੍ਰੀ ਜਸਵੰਤ ਸਿੰਘ ਕੈਲਵੀ ਮੁੱਖ ਮਹਿਮਾਨ ਸਨ। ਪ੍ਰਧਾਨਗੀ ਮੰਡਲ ਵਿੱਚ ਡਾ ਸੁਖਬੀਰ ਕੌਰ ਮਾਹਲ, ਸ੍ਰੀਮਤੀ ਅਰਤਿੰਦਰ ਕੌਰ ਸੰਧੂ, ਡਾ ਚਰਨਜੀਤ ਸਿੰਘ ਗੁਮਟਾਲਾ, ਜਿਲਾ ਸਿਖਿਆ ਅਫ਼ਸਰ ਗੁਰਦਾਸਪੁਰ ਸ੍ਰੀ ਹਰਪਾਲ ਸਿੰਘ ਸੰਧਾਵਾਲੀਆ ਸ਼ਸ਼ੋਭਿਤ ਸਨ। ਸਰੋਤਿਆਂ ਵਿੱਚ, ਸ ਰਾਜਖੁਸ਼ਵੰਤ ਸਿੰਘ,ਸ।ਬਲਬੀਰ ਸਿੰਘ ਰੰਧਾਵਾ ਅਤੇ ਹੋਰ ਪਤਵੰਤੇ ਹਾਜਰ ਸਨ। ਮੰਚ ਦੇ ਸਰਪ੍ਰਸਤ ਡਾ ਚਰਨਜੀਤ ਸਿੰਘ ਗੁਮਟਾਲਾ ਨੇ ਜੀਅ ਆਏ ਹੋਇ ਪਤਵੰਤਿਆਂ ਪਤਵੰਤਿਆਂ ਨੂੰ ਜੀਅ ਆਇਆਂ ਕਿਹਾ ।ਮੰਚ ਸੰਚਾਲਨ ਸ੍ਰੀ ਅੰਮ੍ਰਿਤ ਲਾਲ ਮੰਨਣ ਨੇ ਕੀਤਾ ਤੇ ਆਏ ਹੋਇ ਮਹਿਮਾਨਾਂ ਦਾ ਅਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨਿਵਾਸ ਦੇ ਪ੍ਰਬੰਧਕਾਂ ਧੰਨਵਾਦ ਕੀਤਾ।

# ਕੈਨੇਡਾ ਸਰਕਾਰ ਨੇ ਵਿਦੇਸ਼ੀਆਂ ਦੇ ਘਰ ਖ਼ਰੀਦਣ ’ਤੇ ਲਗਾਈ ਪਾਬੰਦੀ

**ਜਲੰਧਰ– (ਜੇ ਸਿੰਘ ‘ਭੜਿਆਰ’)–** ਕੈਨੇਡਾ ਸਰਕਾਰ ਵਲੋਂ ਆਪਣੇ ਬਜਟ ਵਿਚ ਅਹਿਮ ਫੈਸਲਾ ਲੈਂਦਿਆਂ ਵਿਦੇਸ਼ੀਆਂ ’ਤੇ ਕੈਨੇਡਾ ਵਿੱਚ ਰਿਹਾਇਸ਼ੀ ਘਰ ਖ੍ਰੀਦੇ ਜਾਣ ’ਤੇ ਰੋਕ ਲਾਉਣ ਦਾ ਫੈਸਲਾ ਲਿਆ ਗਿਆ ਹੈ। ਸਰਕਾਰ ਨੇ ਇਹ ਫੈਸਲਾ ਇਸ ਲਈ ਲਿਆ ਹੈ ਤਾਂ ਜੋ ਕਨੇਡਾ ਵਿੱਚ ਲਗਾਤਾਰ ਮਹਿੰਗੀ ਹੁੰਦੀ ਹਾਊਸਿੰਗ ਮਾਰਕੀਟ ਨੂੰ ਠੱਲ ਪਾਈ ਜਾ ਸਕੇ ਤੇ ਕੈਨੇਡਾ ਵਾਸੀਆਂ ਲਈ ਆਪਣੇ ਸੁਪਨਿਆਂ ਦੇ ਘਰ ਖ੍ਰੀਦਣਾ ਆਸਾਨ ਰਹੇ। ਕੈਨੇਡਾ ਸਰਕਾਰ ਦਾ ਇਹ ਫੈਸਲਾ ਆਉਂਦੇ ਅਗਲੇ 2 ਸਾਲ ਅਮਲ ਵਿੱਚ ਰਹੇਗਾ। ਇਨ੍ਹਾਂ ਹੀ ਨਹੀਂ ਸਰਕਾਰ ਵਲੋਂ 40 ਸਾਲ ਤੋਂ ਘੱਟ ਉਮਰ ਵਾਲਿਆਂ ਲਈ ਪਹਿਲਾ ਘਰ ਖਰੀਦਣ ਮੌਕੇ ਰਾਹਤ ਦੇਣ ਦਾ ਫੈਸਲਾ ਲਿਆ ਗਿਆ ਹੈ। ਬਜਟ ਵਿਚ ਨਵੇਂ ਮਕਾਨ ਲਈ ਅਤੇ ਬਾਜ਼ਾਰ ਵਿਚ ਆਉਣ ਦੀ ਕੋਸ਼ਿਸ਼ ਕਰ ਰਹੇ ਕੈਨੇਡੀਅਨ ਲੋਕਾਂ ਦੀ ਮਦਦ ਦੇ ਕਈ ਉਪਾਅ ਵੀ ਕੀਤੇ ਗਏ ਹਨ। ਇਨ੍ਹਾਂ ਵਿਚ ਇਕ ਨਵਾਂ ਬੱਚਤ ਖਾਤਾ ਤੇ ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ ‘ਟੈਕਸ ਕਰੈਡਿਟ’ ਵਿਚ ਬਦਲਾਅ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਸਰਕਾਰ ਪਿਛਲੇ ਸਾਲ ਕੀਮਤਾਂ ਵਿਚ 20 ਫੀਸਦ ਤੋਂ ਵੱਧ ਦੇ ਵਾਧੇ ਤੇ ਕਿਰਾਏ ਦੀਆਂ ਦਰਾਂ ਵਿਚ ਵਾਧੇ ਕਾਰਨ ਦਬਾਅ ਵਿਚ ਸੀ।

ਇਹ ਪ੍ਰਸਤਾਵ ਉਸ ਸਮੇਂ ਲਿਆਂਦਾ ਗਿਆ ਹੈ ਜਦੋਂ ਕੈਨੇਡਾ ਰਿਹਾਇਸ਼ੀ ਘਰਾਂ ਦੇ ਮੁੱਦਿਆਂ ਸਬੰਧੀ ਲੋਕ ਸਭ ਤੋਂ ਭੈੜੀ ਸਥਿਤੀ ਨਾਲ ਜੂਝ ਰਹੇ ਹਨ। ਘਰਾਂ ਦੀਆਂ ਕੀਮਤਾਂ 20 ਫੀਸਦੀ ਤੋਂ ਵੀ ਵੱਧ ਗਈਆਂ ਹਨ, ਜਿਸ ਨਾਲ ਘਰ ਦੀ ਔਸਤਨ ਕੀਮਤ ਲਗਭਗ 817,000 ਕੈਨੇਡੀਅਨ ਡਾਲਰ (650,000 ਅਮ-ਰੀਕੀ ਡਾਲਰ) ਤੱਕ ਪਹੁੰਚ ਗਈ ਹੈ, ਜੋ ਕਿ ਘਰੇਲੂ ਆਮਦਨ ਤੋਂ 9 ਗੁਣਾ ਵੱਧ ਗਈ ਹੈ। ਪਰ ਉਦਯੋਗ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸਪਸ਼ਟ ਨਹੀਂ ਹੈ ਕਿ ਵਿਦੇਸ਼ੀ ਖਰੀਦਦਾਰਾਂ ਉੱਪਰ ਪਾਬੰਦੀ ਲਗਾ ਕੇ ਇਸ ਸਮੱਸਿਆ ਦਾ ਹੱਲ ਹੋਵੇਗਾ। ਕੈਨੇਡਾ ਵਿੱਚ ਵਿਦੇਸ਼ੀ ਖਰੀਦਦਾਰਾਂ ਦੁਆਰਾ



ਖਰੀਦਦਾਰੀ ਦੇ ਅੰਕੜੇ ਸੀਮਤ ਹਨ, ਪਰ ਅਧਿਐਨ ਮੁਤਾਬਕ, ਉਹ ਖਰੀਦਦਾਰਾਂ ਦਾ ਇੱਕ ਬਹੁਤ ਛੋਟਾ ਹਿੱਸਾ ਹਨ। ਸਲਾਹਕਾਰ ਫਰਮ, ਬੁਲਪੇਨ ਰਿਸਰਚ ਐਂਡ ਕੰਸਲਟਿੰਗ ਟੋਰਾਂਟੋ ਦੇ ਪ੍ਰਧਾਨ ਬੈਨ ਮਾਇਰਸ ਨੇ ਕਿਹਾ, ‘‘ਮੈਨੂੰ ਨਹੀਂ ਲੱਗਦਾ ਕਿ ਇਸਦਾ ਬਹੁਤ ਜ਼ਿਆਦਾ ਪ੍ਰਭਾਵ ਹੋਵੇਗਾ’’। ਇਸ ਫਰਮ ਨੇ ਪਾਇਆ ਹੈ ਕਿ ਵਿਦੇਸ਼ੀ ਲੋਕਾਂ ਨੇ 2020 ਵਿੱਚ ਸਿਰਫ 1% ਖਰੀਦਦਾਰੀ ਕੀਤੀ, ਜੋ ਕਿ 2015 ਅਤੇ 2016 ਵਿੱਚ 9% ਸੀ। ਉਹ ਕਹਿੰਦੇ ਹਨ, ‘‘ਇਹ ਬਹੁਤ ਛੋਟਾ ਅੰਕੜਾ ਹੈ, ਆਓ ਇਸਦਾ ਸਾਹਮਣਾ ਕਰੀਏ, ਪਰ ਜੋ ਲੋਕ ਅਸਲ ਵਿੱਚ ਖਰੀਦਣਾ ਚਾਹੁੰਦੇ ਹਨ, ਉਹ ਹੋਰ ਤਰੀਕੇ ਲੱਭ ਲੈਣਗੇ’’। ਮਾਇਰਸ ਦਾ ਕਹਿਣਾ ਹੈ ਕਿ 2020 ਵਿੱਚ ਮਹਾਂਮਾਰੀ ਦੇ ਪ੍ਰਭਾਵ ਤੋਂ ਬਾਅਦ ਇਹ ਮੁੱਦੇ ਹੋਰ ਗੰਭੀਰ ਹੋ ਗਏ ਹਨ। ਹਾਲਾਂਕਿ ਕੈਨੇਡਾ ਤੇ ਹੋਰ ਥਾਵਾਂ ’ਤੇ ਨੀਤੀ ਘਾੜਿਆਂ ਨੇ ਆਰਥਿਕਤਾ ਨੂੰ ਸਥਿਰ ਕਰਨ ਲਈ ਵਿਆਜ ਦਰਾਂ ਵਿੱਚ ਕਟੌਤੀ ਕੀਤੀ, ਲਾਗਤਾਂ ਨੂੰ ਘਟਾਇਆ ਅਤੇ ਇਸ ਤਰ੍ਹਾਂ ਮੰਗ ਨੂੰ ਹੋਰ ਵਧਾ ਦਿੱਤਾ ਹੈ। ਇਨ੍ਹਾਂ ਕਦਮਾਂ ਨੇ ਸੰਸਾਰ ਦੇ ਬਹੁਤ ਸਾਰੇ ਬਾਜ਼ਾਰਾਂ ਵਿੱਚ ਘਰਾਂ ਦੀਆਂ ਵਧਦੀਆਂ ਕੀਮਤਾਂ ਹੋਰ ਵਧਾ ਦਿੱਤੀਆਂ ਹਨ। ਓਈਸੀਡੀ ਦੇ ਅੰਕੜਿਆਂ ਦੇ ਅਨੁਸਾਰ, ਕੈਨੇਡਾ ਵਿੱਚ ਘਰਾਂ ਦੀਆਂ ਕੀਮਤਾਂ ਤੇ ਆਮਦਨੀ ਵਿਚਕਾਰ ਆਇਆ ਅੰਤਰ ਬੜਾ ਹੀ ਨਾਟਕੀ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਿਛਲੇ ਸਾਲ ਆਪਣੀ ਚੋਣ ਮੁਹਿੰਮ ਵਿੱਚ ਘਰਾਂ ਦੀ ਸਮੱਸਿਆ ਨਾਲ ਨਜਿੱਠਣ ਦਾ ਵਾਅਦਾ ਕੀਤਾ ਸੀ। ਵਿਦੇਸ਼ੀ ਖਰੀਦਦਾਰਾਂ ’ਤੇ ਅਸਥਾਈ ਪਾਬੰਦੀ ਤੋਂ ਇਲਾਵਾ, ਬੀਤੇ ਵੀਰਵਾਰ ਨੂੰ ਪੇਸ਼ ਕੀਤੇ ਗਏ ਬਜਟ ਵਿੱਚ ਨਵੀਂ ਉਸਾਰੀ ਅਤੇ ਨਵੀਆਂ ਯੋਜਨਾਵਾਂ ਲਈ ਵੀ ਅਰਬਾਂ ਰੁਪਏ ਰੱਖੇ ਗਏ ਹਨ, ਜਿਵੇਂ ਕਿ ਪਹਿਲੀ ਵਾਰ ਦੇ ਖਰੀਦਦਾਰਾਂ ਲਈ ਟੈਕਸ ਮੁਕਤ ਬਚਤ ਖਾਤਾ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸਪਸ਼ਟ ਨਹੀਂ ਹੈ ਕਿ ਵਿਦੇਸ਼ੀ ਖਰੀਦਦਾਰਾਂ ਉੱਪਰ ਪਾਬੰਦੀ ਲਗਾ ਕੇ ਇਸ ਸਮੱਸਿਆ ਦਾ ਹੱਲ ਹੋਵੇਗਾ। ਵਿਦੇਸ਼ੀ ਖਰੀਦਦਾਰਾਂ ਉੱਪਰ ਅਸਥਾਈ ਪਾਬੰਦੀ ਤੋਂ ਕੁਝ ਲੋਕਾਂ ਨੂੰ ਛੋਟ ਮਿਲੇਗੀ, ਜਿੰਨਾਂ ਵਿੱਚ ਸਥਾਈ ਰੈਜ਼ੀਡੇਂਟਸ, ਵਿਦੇਸ਼ੀ ਵਿਦਿਆਰਥੀ ਤੇ ਕਰਮਚਾਰੀਆ ਦੇ ਨਾਲ-ਨਾਲ ਉਹ ਲੋਕ ਵੀ ਸ਼ਾਮਿਲ ਹੋਣਗੇ ਜੋ ਪਹਿਲੀ ਵਾਰ ਜਾਂ ਪਹਿਲਾ ਘਰ ਖਰੀਦ ਰਹੇ ਹਨ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਗ਼ਦਰ ਪਾਰਟੀ ਦੇ 109ਵੇਂ ਸਥਾਪਨਾ ਦਿਹਾੜੇ ’ਤੇ ਸਮਾਗਮ 21 ਨੂੰ, ਉੱਘੇ ਚਿੰਤਕ ਪ੍ਰਣਜੋਆਇ ਗੁਹਾ ਠਾਕੁਰਤਾ ਹੋਣਗੇ ਮੁੱਖ ਬੁਲਾਰੇ

**ਜਲੰਧਰ–** ਮੁਲਕ ਦੀ ਆਜ਼ਾਦੀ ਤਵਾਰੀਖ਼ ਵਿੱਚ ਨਵਾਂ ਵਰਕਾ ਜੋੜਨ ਵਾਲੀ ਅਮਰੀਕਾ ਦੀ ਧਰਤੀ ’ਤੇ 21 ਅਪ੍ਰੈਲ 1913 ਨੂੰ ਬਣੀ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫ਼ਿਕ ਕੋਸਟ’ ਨਾਂਅ ਦੀ ਇਨਕਲਾਬੀ ਜੱਥੇਬੰਦੀ ਦੇ 109ਵੇਂ ਸਥਾਪਨਾ ਦਿਹਾੜੇ ਮੌਕੇ, ਸਥਾਨਕ ਦੇਸ਼ ਭਗਤ ਯਾਦਗਾਰ ਹਾਲ ’ਚ ਪ੍ਰਭਾਵਸ਼ਾਲੀ ਵਿਚਾਰ-ਚਰਚਾ ਸਮਾਗਮ ਕੀਤਾ ਜਾ ਰਿਹਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 1 ਨਵੰਬਰ 1913 ਨੂੰ 'ਗ਼ਦਰ’ ਅਖ਼ਬਾਰ ਪ੍ਰਕਾਸ਼ਿਤ ਅਤੇ ਮਕਬੂਲ ਹੋਣ ’ਤੇ 'ਗ਼ਦਰ ਪਾਰਟੀ’ ਕਰਕੇ ਜਾਣੀ ਜਾਣ ਲੱਗੀ ਇਸ ਸੰਸਥਾ ਦੇ 109ਵੇਂ ਸਥਾਪਨਾ ਦਿਹਾੜੇ ਮੌਕੇ 21 ਅਪ੍ਰੈਲ ਦਿਨ ਵੀਰਵਾਰ ਨੂੰ ਸਵੇਰੇ 10:30 ਵਜੇ ਦੇਸ਼ ਭਗਤ ਯਾਦਗਾਰ ਹਾਲ ’ਚ ਬਣੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਹੋਣ ਵਾਲੀ ਇਸ ਵਿਚਾਰ-ਚਰਚਾ ਮੌਕੇ ਨਵੀਂ



ਦਿੱਲੀ ਤੋਂ ਉੱਘੇ ਚਿੰਤਕ, ਲੇਖਕ ਅਤੇ ਮੰਨੇ-ਪ੍ਰਮੰਨੇ ਪੱਤਰਕਾਰ ਪ੍ਰਣਜੋਆਇ ਗੁਹਾ ਠਾਕੁਰਤਾ ਮੁੱਖ ਬੁਲਾਰੇ ਹੋਣਗੇ। ਉਨ੍ਹਾਂ ਦੱਸਿਆ ਕਿ 'ਐਕਨਾਮਿਕ ਐਂਡ ਪੋਲੀਟੀਕਲ ਵੀਕਲੀ’ ਪੱਤ੍ਰਿਕਾ ਵਿੱਚ ਛਪਦੇ ਆਪਣੇ ਲੇਖਾਂ ਕਾਰਨ ਨਿਵੇਕਲੀ ਪਹਿਚਾਣ ਰੱਖਦੇ ਪ੍ਰਣਜੋਆਇ ਗੁਹਾ ਠਾਕੁਰ ਇਸ ਰੋਜ਼ 'ਮੁਲਕ ਦੀ ਵਰਤਮਾਨ ਸਥਿਤੀ’ ਵਿਸ਼ੇ ਉਪਰ ਬੋਲਦਿਆਂ ਅਨੇਕਾਂ ਪੱਖਾਂ ਨੂੰ ਛੋਹਦਿਆਂ, ਸਾਡੇ ਫਰਜ਼ਾਂ ਉਪਰ ਵੀ ਰੌਸ਼ਨੀ ਪਾਉਣਗੇ। ਜ਼ਿਕਰਯੋਗ ਹੈ ਕਿ ਸਮਾਗਮ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਵਿਜੈ ਬੰਬੇਲੀ ਵੱਲੋਂ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਨਾਲ ਅਦਾ ਕਰਨ ਨਾਲ ਹੋਏਗਾ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਹਿਯੋਗੀ ਸੰਸਥਾਵਾਂ ਦੇ ਨਿੱਤ ਰੋਜ਼ ਦੀਆਂ ਸਰਗਰਮੀਆਂ ਦੇ ਕਸਾਅ ਦੇ ਬਾਵਜੂਦ ਗ਼ਦਰ ਪਾਰਟੀ ਸਥਾਪਨਾ ਦਿਹਾੜੇ ਮੌਕੇ ਸ਼ਿਰਕਤ ਕਰਨ ਦੀ ਜ਼ੋਰਦਾਰ ਅਪੀਲ ਕੀਤੀ ਹੈ।



ਗੁਰੂ ਪਿਆਰੀ ਸਾਧ ਸੰਗਤ ਨੂੰ ਵਿਸਾਖ, ਵਿਸਾਖੀ, ਖਾਲਸਾ ਜੀ ਦੇ ਸਥਾਪਨਾ ਦਿਵਸ ਅਤੇ ਡਾ. ਅੰਬੇਡਕਰ ਦੇ 131ਵੇਂ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ



ਤਰਲੋਚਨ ਸਿੰਘ ਬੱਧਣ, ਅਨੀਤਾ ਬੱਧਣ
ਬੇਟਾ ਦਿਲਜਾਨ ਬੱਧਣ, ਬੇਟੀਆਂ ਨੈਨਸੀ ਬੱਧਣ ਅਤੇ ਮਾਨਸੀ ਬੱਧਣ

ਤਰਲੋਚਨ ਸਿੰਘ ਬੱਧਣ (ਖਜ਼ਾਨਚੀ) ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

# ਰਵਾਇਤੀਆਂ ਪਾਰਟੀਆਂ ਨੇ ਲੋਕਾਂ ਨੂੰ ਲੁੱਟਿਆ ਤੇ ਕੁੱਟਿਆ-ਪ੍ਰੇਮ ਕੁਮਾਰ

**ਉੜਾਪੜ (ਬੱਗਾ ਸੇਲਕੀਆਣਾ)–** ਸਮੇਂ ਸਮੇਂ ਤੇ ਰਵਾਇਤੀ ਪਾਰਟੀਆਂ ਨੇ ਆਪਣੀ ਮਰਜੀ ਮੁਤਾਬਕ ਸਰਕਾਰ ਬਣਾ ਕੇ ਵਾਰੋ ਵਾਰੀ ਠੱਗ ਕੇ ਸੂਬੇ ਤੇ ਦੇਸ਼ ਦਾ ਵਿਕਾਸ ਘੱਟ ਆਪਣੇ ਪ੍ਰਿਵਾਰਬਾਦ ਬਾਰੇ ਜਿਆਦਾ ਸੋਚਿਆ ਜਿਸ ਕਾਰਨ ਸੂਬੇ ਦਾ ਸਾਰਾ ਵਿਕਾਸ ਵਾਲਾ ਢਾਂਚਾ ਖਰਾਬ ਹੋ ਗਿਆ ਤੇ ਲੋਕ ਇਨਾਂ ਰਵਾਇਤੀ ਪਾਰਟੀਆਂ ਦੇ ਧੱਕੇ ਚੜਕੇ ਲੁਟੇ ਹੋਏ ਮਹਿਸੂਸ ਕਰ ਰਹੇ ਸਨ ਕਿਉਕਿ ਇਨਾਂ ਰਵਾਇਤੀ ਪਾਰਟੀਆਂ ਨੇ ਵਾਰੋ ਵਾਰੀ ਲੋਕਾਂ ਨੂੰ ਲੁਟਿਆ ਤੇ ਕੁਟਿਆ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ ਫਿਲੌਰ ਨੇ ਪਿੰਡ ਲਸਾੜਾ ਵਿਖੇ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਉਣ ਦਾ ਤਹਿ ਦਿਲੋਂ ਧੰਨਬਾਦ ਅਤੇ ਸੂਬੇ ਚ ਪਹਿਲੀ ਵਾਰ ਆਪ ਦੀ ਸਰਕਾਰ ਬਣਨ ਤੇ ਵਧਾਈਆਂ ਦੇਣ ਸਮੇਂ ਭਾਰੀ ਇਕੱਠ ਨੂੰ ਸੰਬੋਧਨ ਕਰਦਿਆ ਕੀਤਾ ਪ੍ਰੇਮ ਕੁਮਾਰ ਨੇ ਆਖਿਆ ਕਿ ਜੋ ਸਹੂਲਤਾਂ ਦਿਲੀ ਸਰਕਾਰ ਉਥੇ ਦੇ ਲੋਕਾਂ ਨੂੰ ਮੁਹੱਈਆਂ ਕਰਵਾ ਰਹੀ ਹੈ ਉਹ ਸਭ ਭਗਵੰਤ ਮਾਨ ਮੁਖ ਮੰਤਰੀ ਪੰਜਾਬ ਬਹੁਤ ਜਲਦ ਸੂਬੇ ਦੇ ਲੋਕਾਂ ਨੂੰ ਜਲਦੀ ਦੇਣ ਜਾ ਰਿਹਾ ਹੈ ਦਰਅਸਲ ਹੁਣ ਸੂਬੇ ਦੀ ਵਾਂਗਡੋਰ ਸਹੀ ਲੋਕਾਂ ਦੇ ਹੱਥ ਆਈ ਹੈ ਕਿਉਕਿ ਪਿਛਲੇ ਲੰਬੇ ਸਮੇਂ ਤੋਂ ਜੋ ਢਾਚਾਂ ਇਨਾਂ ਪਾਰਟੀਆ ਨੇ ਖਰਾਬ ਕੀਤਾ ਹੋਇਆਂ



ਸੀ ਉਸ ਨੂੰ ਸਹੀ ਠੀਕ ਕਰਨ ਲਈ ਥੋੜਾ ਸਮਾਂ ਲੱਗਦਾ ਹੈ ਤੇ ਵੈਸੇ ਵੀ ਸੂਬੇ ਦੇ ਲੋਕ ਬਦਲਾਅ ਚਾਹੁੰਦੇ ਸਨ ਤੇ ਇਸ ਵਾਰ ਕਰਕੇ ਦਿਖਾ ਦਿਤਾ ਇਨਾਂ ਰਵਾਇਤੀ ਪਾਰਟੀਆਂ ਨੇ ਸੂਬੇ ਨੂੰ ਜਗੀਰ ਬਣਾਕੇ ਰੱਖਿਆ ਸੀ ਹਰ ਪਾਸੇ ਲੁੱਟ ਮਚਾਈ ਹੋਈ ਸੀ ਇਨਾਂ ਲੋਟੂ ਲੀਡਰਾਂ ਕੋਲੋ ਸੂਬੇ ਨੂੰ ਮੁਕਤ ਕਰਵਾਕੇ ਸਮੁੱਚੇ ਵੋਟਰਾਂ ਨੇ ਬਹੁਤ ਵਧੀਆ ਕਾਰਜ ਕੀਤਾ ਤੇ ਬੁਹੁਤ ਜਲਦ ਸੂਬੇ ਨੂੰ ਸ਼ਹੀਦਾਂ ਦੇ ਸੁਪਨੇ ਸਕਾਰ ਕਰਨ ਲਈ ਆਪ ਦੀ ਲੀਡਰ ਸ਼ਿਪ ਕੰਮ ਕਰ ਰਹੀ ਹੈ ਜਲਦ ਹੀ ਸੂਬੇ 'ਚ ਸੁਧਾਰ ਆਵੇਗਾ ਉਨਾਂ ਕਿਹਾ ਕਿ ਤੁਹਾਨੂ ਕਿਸੇ ਗੱਲੋਂ ਘਬਰਾਉਣ ਦੀ ਲੋੜ ਹੈ ਤੁਹਾਡੀ ਆਪਣੀ ਸਰਕਾਰ ਹੈ ਬੇਝਿਜਕ ਹੋ ਕੇ ਆਪਣੀ ਸਮੱਸਿਆ ਦੱਸ ਸਕਦੇ ਹੋ ਜੋ ਸੂਬਾ ਵਾਸੀਆਂ ਨਾਲ ਵਾਅਦੇ ਕੀਤੇ ਹਨ ਉਹ ਹੋਲੀ ਹੋਲੀ ਪੂਰੇ ਕੀਤੇ ਜਾਣਗੇ ਤੇ ਸਭ ਤੋਂ ਪਹਿਲਾਂ ਸੂਬੇ ਨੂੰ ਭ੍ਰਿਸਟਾਚਾਰ ਤੋਂ ਮੁਕਤ ਕਰਕੇ ਬਾਕੀ ਢਾਚਾ ਵੀ ਸਹੀ ਕੀਤਾ ਜਾਵੇਗਾ।

ਇਸ ਮੋਕੇ ਲਸਾੜਾ 'ਚ ਆਪ ਦੇ ਆਗੁਆ ਵਲੋਂ ਪ੍ਰਿਸੀਪਲ ਪ੍ਰੇਮ ਕੁਮਾਰ ਦਾ ਸਨਮਾਨ ਵੀ ਕੀਤਾ ਗਿਆ ਇਸ ਮੋਕੇ ਅਸ਼ੋਕ ਕੁਮਾਰ ਸ਼ਹਿਰੀ ਪ੍ਰਧਾਨ,ਅਵਤਾਰ ਚੰਦ ਗੁਰਾਇਆਂ ,ਐਚ ਐਸ ਪਾਬਲਾ ਸੇਵਾ ਮੁਕਤ ਡੀਸੀ ਲਸਾੜਾ, ਕਰਨਲ ਐਮਐਸ ਪਾਬਲਾ ਲਸਾੜਾ,ਰਛਪਾਲ ਸਿੰਘ ਮਿੰਟੂ,ਅਮਰੀਕ ਸਿੰਘ, ਧਰਮਿੰਦਰ ਸਿੰਘ, ਅਮਰੀਕ ਸਿੰਘ, ਪੀ ਐਸ ਚਿਬ, ਪੰਚ ਚੰਨਣ ਸਿੰਗ, ਰਣਜੀਤ ਸਿੰਘ, ਜਸਦੀਪ ਸਿੰਘ ਹਰਚਰਨ ਸਿੰਘ, ਡਾ.ਅਨਿਲ ਸ਼ਰਮਾ, ਸੁਰੇਸ਼ ਕੁਮਾਰ, ਉਤਮ ਸਿੰਘ ਸੇਲਕੀਆਣਾ, ਭੁਪਿੰਦਰ ਸਿੰਘ ਲਸਾੜਾ, ਪੰਚ ਸਤਨਾਮ ਸਿੰਘ,ਤਰਲੋਚਨ ਸਿੰਘ, ਬਲਵੀਰ ਸਿੰਘ, ਸਤਨਾਮ ਸਿੰਘ ਆਦਿ ਹਾਜਰ ਸਨ।

# ਸਬ ਤਹਿਸੀਲ ਔੜ ਨੂੰ ਜਲਦੀ ਮਿਲਣਗੇ ਅਧਿਕਾਰੀ, ਕੰਮ ਹੋਵੇਗਾ ਸ਼ੁਰੂ

**ਉੜਾਪੜ (ਬੱਗਾ ਸੇਲਕੀਆਣਾ)–** ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਕ ਔੜ ਨੂੰ ਸਬ ਤਹਿਸੀਲ ਬਣਾਉਣ ਲਈ ਇਲਾਕਾ ਵਾਸੀਆਂ ਵਲੋਂ ਬੜੇ ਲੰਬੇ ਸਮੇਂ ਤੌਂ ਮੰਗ ਕੀਤੀ ਜਾ ਰਹੀ ਸੀ ਤੇ ਪਿਛਲੀ ਕਾਂਗਰਸ ਸਰਕਾਰ ਦੇ ਮੁਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਆਈ ਏ ਐਸ ਸ਼੍ਰੀ ਹੁਸਨ ਲਾਲ ਦੇ ਯਤਨਾ ਸਦਕਾ ਔੜ ਨੂੰ ਸਬ ਤਹਿਸੀਲ ਦਾ ਕੈਬਨਿਟ ਮੀਟਿੰਗ ਦੋਰਾਨ 28 ਦਸੰਬਰ 2021 ਨੂੰ ਨੋਟੀਫਿਕੇਸ਼ਨ ਜਾਰੀ ਕਰ ਦਿਤਾ ਗਿਆ ਸੀ ਤੇ ਸੂਬੇ ਚ ਵਿਧਾਨ ਸਭਾ ਚੋਣਾ ਕਰਕੇ ਚੋਣ ਜਾਬਤਾ ਲੱਗਣ ਕਰਕੇ ਉਚ ਅਧਿਕਾਰੀਆਂ ਦੀਆਂ ਡਿਊਟੀਆਂ ਚੋਣਾ 'ਚ ਲੱਗਣ ਕਾਰਨ ਇਹ ਕੰਮ ਕੁਝ ਸਮੇਂ ਲਈ ਰੋਕ ਦਿਤਾ ਗਿਆ ਸੀ ਤੇ



ਹੁਣ ਇਸ ਸਬ ਤਹਿਸੀਲ ਦਾ ਕੰਮ ਜਲਦ ਸ਼ੁਰੂ ਹੋਵੇਗਾ ਤੇ ਭਰੋਸੇਯੋਗ ਸੂਤਰਾਂ ਤੋ ਪਤਾ ਲੱਗਾ ਕਿ ਔੜ ਸਬ ਤਹਿਸਲਿ ਨੂੰ ਬੰਗਾ ਨਾਲ ਜੋੜਿਆ ਜਾ ਰਿਹਾ ਹੈ ਪਰ ਸਬ ਤਹਿਸੀਲ ਔੜ ਨੂੰ ਨਵਾਂ ਸ਼ਹਿਰ ਨਾਲ ਹੀ ਜੋੜਿਆ ਜਾਵੇ ਇਸ ਮਸਲੇ ਸਬੰਧੀ ਉੜਾਪੜ ਵਿਖੇ ਜਾਣਕਾਰੀ ਦਿੰਦੇ ਹੋਏ ਸੁਖਵਿੰਦਰ ਸਿੰਘ ਧਾਵਾ ਨੇ ਇਸ ਸਬ ਤਹਿਸੀਲ ਚ ਅਮਲਾ ਭੇਜਣ ਲਈ ਆਈਏਐਸ ਸ਼੍ਰੀ ਵਿਜੇ ਕੁਮਾਰ ਜੰਜੂਆਂ ਮੁਖ ਸਕੱਤਰ ਵਿੱਤੀ ਕਮਿਸ਼ਨ ਮਾਲ ਨਾਲ ਸੰਪਰਕ ਕੀਤਾ ਤੇ ਉਨਾਂ ਭਰੋਸਾ ਦਿਵਾਇਆ ਕਿ ਬਹੁਤ ਜਲਦ ਔੜ ਸਬ ਤਹਿਸੀਲ ਨੂੰ ਅਧਿਕਾਰੀ ਦਿਤੇ ਜਾਣਗੇ ਤੇ ਸਬ ਤਹਿਸੀਲ ਔੜ ਨੂੰ ਨਵਾਂ ਸ਼ਹਿਰ ਨਾਲ ਹੀ ਜੋੜਿਆ ਜਾਵੇਗਾ ਇਸ ਕਾਰਜ ਲਈ ਇਲਾਕੇ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਉਚ ਅਧਿਕਾਰੀਆਂ ਤੇ ਜਿਲਾ ਪ੍ਰਸ਼ਾਸਨ ਦਾ ਧੰਨਵਾਦ ਕਰਦਿਆ ਜਿਨਾਂ ਚ ਸਰਪੰਚ ਕਸ਼ਮੀਰ ਸਿੰਘ ਗੜ੍ਹਪੜ,ਸਰਪੰਚ ਗੁਰਚੇਤਨ ਸਿੰਘ ਗੜੀ ਅਜੀਤ ਸਿੰਘ, ਪੰਚ ਵਿਸ਼ਾਲ, ਕੁਲਵਿੰਦਰ ਰਾਮ, ਭੁਪਿੰਦਰ ਰਾਜਾ ਸਾਰੇ ਪੰਚ,ਜਸਵੀਰ ਸਿੰਘ ਟਾਂਕ ਉੜਾਪੜ, ਭੁਪਿੰਦਰ ਸਿੰਘ ਭਿੰਦਾ, ਪੀਐਸ ਢਿਲੋਂ ਵਕੀਲ, ਸੁਰਜੀਤ ਸਿੰਘ ਬੁਰਜ, ਤੀਰਥ ਸਿੰਘ ਬੁਰਜ।, ਸਾ. ਸਰਪੰਚ , ਬਲਜੀਤ ਸਿੰਘ ਬੋਲਾ ਚੱਕਦਾਨਾ, ਜਸਵਿੰਦਰ ਸਿੰਘ, ਸੱਤਪਾਲ ਨੰਗਲ ਜੱਟਾਂ, ਨੰਬਰਦਾਰ ਗੁਰਦੀਪ ਸਿੰਘ ਬਖਲੋਰ, ਨਾਤਾ ਰਾਮ ਚੋਕੀਦਾਰ, ਮੋਹਣ ਲਾਲ ਉੜਾਪੜ ਆਦਿ ਹਾਜਰ ਸਨ।

# ਤੇਲ ਗੈਸ ਦੀਆਂ ਵੱਧਦੀਆਂ ਕੀਮਤਾਂ ਤੇ ਮਹਿੰਗਾਈ ਨੇ ਲੋਕਾਂ ਦਾ ਲੱਕ ਤੋੜਿਆ- ਪੱਲੀ ਝਿੱਕੀ

**ਉੜਾਪੜ (ਬੱਗਾ ਸੇਲਕੀਆਣਾ)–** ਸੂਬੇ ਚ ਵਿਧਾਨ ਸਭਾ ਦੀਆਂ ਚੋਣਾ ਦੀ ਗਿਣਤੀ ਤੋਂ ਬਾਅਦ ਡੀਜਲ ਤੇ ਪੇਟਰੋਲ ਦੀਆਂ ਲਗਾਤਾਰ ਕੀਮਤਾਂ ਦਾ ਵੱਧਣਾ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ ਜਿਸ ਦਾ ਅਸਰ ਬਾਕੀਆਂ ਚੀਜਾਂ ਤੇ ਪੈਣ ਕਾਰਨ ਲੋਕ ਮੁਸ਼ਕਿਲਾਂ ਚ ਘਿਰੇ ਹੋਏ ਹਨ ਪਰ ਇਨਾਂ ਵੱਧ ਰਹੀਆਂ ਕੀਮਤਾ ਦਾ ਕੇਂਦਰ ਦੀ ਭਾਜਪਾ ਤੇ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਕੋਈ ਬਿਆਨ ਨਹੀਂ ਆਇਆ ਦੇਸ਼ ਚ ਵੱਧ ਰਹੀ ਮਹਿੰਗਾਈ ਨੇ ਲੋਕਾਂ ਦਾ ਲੱਕ ਤੋੜ ਕੇ ਰੱਖ ਦਿਤਾ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਦੇ ਸੀ ਆਗੂ ਸ੍ਰ ਸਤਵੀਰ ਸਿੰਘ ਪੱਲੀ ਝਿੱਕੀ ਨੇ ਚੱਕਦਾਨਾ ਵਿਖੇ ਅਵਤਾਰ ਸਿੰਘ ਤਾਰੀ ਦੇ ਗ੍ਰਹਿ ਵਿਖੇ ਕੀਤੀ ਗਈ ਵਿਸੇਸ ਮੀਟਿੰਗ ਦੋਰਾਨ ਕੀਤੇ ਤੇ ਉਨਾਂ ਕਿਹਾ ਕਿ ਮਹਿੰਗਾਈ ਅਤੇ ਤੇਲ ਦੀਆਂ ਕੀਮਤਾਂ ਤੇ ਮਾਨ ਸਰਕਾਰ ਜਾਂ ਕੇਂਦਰ ਸਰਕਾਰ ਅਜੇ ਤੱਕ ਕੋਈ ਬਿਆਨ ਨਹੀਂ ਆਇਆ ਇਸ ਤੋਂ ਸਾਫ ਜਾਹਰ ਹੈ ਕਿ ਮਾਨ ਸਰਕਾਰ ਤੇ ਭਾਜਪਾ ਸਰਕਾਰ ਦੋਵੇ ਇੱਕ ਹਨ ਜਿਨਾਂ ਨੂੰ ਸੂਬੇ ਦੇ ਲੋਕਾਂ ਦੀ ਕੋਈ ਫਿਕਰ ਨਹੀ ਤੇ ਇਸ ਮੁਸ਼ਕਿਲ ਨੂੰ ਦੇਖਦੇ ਹੋਏ ਦੇਸ਼ ਦੀ ਹਾਈ ਕਮਾਡ ਨੇ ਫੈਸਲਾ ਕੀਤਾ ਕਾਗਰਸ ਪਾਰਟੀ ਵਲੋਂ ਦੇਸ਼ ਵੱਖ ਵੱਖ ਰਾਂਜਾ ਚ ਮਹਿੰਗਾਈ ਖਿਲਾਫ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ ਜਿਨਾਂ ਚ ਲੋਕਾਂ ਦਾ ਭਰਪੂਰ ਸਹਿਜੋਗ ਮਿਲਿਆ ਉਨਾਂ ਸੂਬਾ ਸਰਕਾਰ ਤੇ ਕੇਂਦਰ ਦੀ ਭਾਜਪਾ ਸਰਕਾਰ ਤੋਂ ਮੰਗ ਕੀਤੀ ਕਿ ਤੇਲ ਦੀਆਂ ਕੀਮਤਾ ਅਤੇ ਵੱਧ



ਰਹੀ ਮਹਿੰਗਾਈ ਵੱਲ ਧਿਆਨ ਦਿਤਾ ਜਾਵੇ ਸੂਬੇ ਚ ਆਏ ਦਿਨ ਵਿਗੜ ਰਹੀ ਸਥਿਤੀ ਤੇ ਤੰਜ ਕੱਸਦਿਆਂ ਪੱਲੀ ਝਿੱਕੀ ਨੇ ਆਖਿਆ ਕਿ ਸੂਬੇ ਚ ਕਾਨੂੰਨ ਨਾ ਦੀ ਚੀਜ ਨਹੀਂ ਹਰ ਰੋਜ ਲੁੱਟਾਂ ਖੋਹਾਂ, ਸ਼ਰੇਆਮ ਖਿਡਾਰੀਆਂ ਦੇ ਕਤਲ ਹੋ ਰਹੇ ਹਨ ਇਸ ਦਾ ਆਪ ਸਰਕਾਰ ਨੂੰ ਕੋਈ ਫਿਕਰ ਨਹੀਂ ਕਿਉਕਿ ਸੂਬੇ ਦਾ ਮੁਖ ਮੰਤਰੀ ਗੁਜਰਾਤ ਤੇ ਕਦੇ ਹਿਮਾਚਲ ਦੀਆਂ ਵਾਦੀਆਂ ਚ ਘੁੰਮ ਰਿਹਾ ਹੈ ਉਸ ਨੂ ਸੂਬਾ ਵਾਸੀਆਂ ਦਾ ਕੋਈ ਫਿਕਰ ਨਹੀਂ ਹੈ ਉਨਾਂ ਕਿਹਾ ਕਿ ਸੂਬੇ ਦੇ ਲੋਕਾਂ ਦੀਆਂ ਮੁਸ਼ਕਿਲਾਂ ਵੱਲ ਪਹਿਲ ਦੇ ਤੋਰ ਤੇ ਧਿਆਨ ਦਿਤਾ ਜਾਵੇ ਤੇ ਉਨਾਂ ਕਾਂਗਰਸ ਦੇ ਅਮਰਿ-ੰਦਰ ਸਿੰਘ ਰਾਜਾ ਵੜਿੰਗ ਨੂ ਸੂਬਾ ਪ੍ਰਧਾਨ ਬਣਨ ਤੇ ਵਧਾਈ ਵੀ ਦਿਤੀ ਇਸ ਤੋਂ ਇਲਾਵਾ ਹੋਰ ਵਿਚਾਰਾਂ ਵੀ ਕੀਤੀਆਂ ਗਈਆਂ ਇਸ ਮੋਕੇ ਅਵਤਾਰ ਸਿੰਘ ਤਾਰੀ ਚੱਕਦਾਨਾ, ਤੀਰਥ ਸਿੰਘ ਬੁਰਜ, ਸੁਖਵਿੰਦਰ ਸਿੰਘ ਧਾਵਾ, ਰਣਜੀਤ ਸਿੰਘ ਬੁਰਜ ਆਦਿ ਹਾਜਰ ਸਨ।

# ਸ਼ਿਕਸ਼ਾ ਰਤਨ ਵਿਗਿਆਨੀ ਡਾ ਜਸਵਿੰਦਰ ਸਿੰਘ ਭਾਰਟਾ ਸਕੂਲ ਦੇ ਵਿਦਿਆਰਥੀਆਂ ਦੇ ਰੂਬਰੂ ਹੋਏ

**ਮਾਹਿਲਪੁਰ–** ਸ਼ਿਕਸ਼ਾ ਰਤਨ ਵਿਗਿਆਨੀ ਅਧਿਆਪਕ ਡਾ ਜਸਵਿੰਦਰ ਸਿੰਘ ਪਟਿਆਲਾ ਸਰਕਾਰੀ ਮਿਡਲ ਸਕੂਲ ਭਾਰਟਾ ਗਣੇਸ਼ਪੁਰ ਦੇ ਵਿਦਿਆਰਥੀਆਂ ਦੇ ਰੂਬਰੂ ਹੋਏ।ਸਾਇੰਸ ਮਾਸਟਰ ਪਵਨ ਕੁਮਾਰ ਦੀ ਅਗਵਾਈ ਹੇਠ ਆਯੋਜਿਤ ਕੀਤੇ ਇਸ ਸਮਾਰੋਹ ਵਿਚ ਉਨ੍ਹਾਂ ਮੈਥ ਅਤੇ ਸਾਇੰਸ ਵਿਸ਼ਿਆਂ ਨੂੰ ਰੌਚਿਕ ਤਰੀਕੇ ਨਾਲ ਪੜ੍ਹਾਉਣ ਦੀਆਂ ਸੌਖੀਆਂ ਵਿਧੀਆਂ ਬਾਰੇ ਗਿਆਨ ਦਿੱਤਾ। ਉਨ੍ਹਾਂ ਕਿਹਾ ਕਿ ਸਾਡੀ ਮਾਤਾ ਹਰ ਰੋਜ਼ ਰਸੋਈ ਵਿਚ ਵਿਗਿਆਨ ਦੇ ਪ੍ਰੈਕਟੀਕਲ ਕਰਦੀ ਹੈ ਜਿਸ ਵੱਲ ਅਸੀਂ ਕਦੀ ਧਿਆਨ ਨਹੀਂ ਦਿੰਦੇ। ਉਨ੍ਹਾਂ ਬੱਚਿਆਂ ਹੱਥੀਂ ਸਾਇੰਸ ਦੇ ਕਈ ਪ੍ਰਯੋਗ ਵੀ ਕਰਵਾਏ।ਬੱਚਿਆਂ ਨੇ ਉਨ੍ਹਾਂ ਦੀਆਂ ਕਿਰਿਆਵਾਂ ਦੇਖ ਕੇ ਬੜੀ ਪ੍ਰਸੰਨਤਾ ਜ਼ਾਹਰ ਕੀਤੀ। ਇਸ ਮੌਕੇ ਸਕੂਲ ਮੁਖੀ ਬਲਜਿੰਦਰ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਵਿਗਿਆਨ ਅਤੇ ਗਣਿਤ ਨੂੰ ਰੌਚਕ ਵਿਸ਼ਾ ਬਣਾ ਦਿੱਤਾ ਹੈ।ਉਹ ਭਾਰਤ ਦੇ ਵੱਖ ਵੱਖ ਰਾਜਾਂ



ਵਿੱਚ ਜਾ ਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਅਨੇਕਾਂ ਪ੍ਰਕਾਰ ਦੇ ਪ੍ਰਯੋਗ ਕਰਵਾ ਚੁੱਕੇ ਹਨ, ਜਿਸ ਕਰਕੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੇ ਅਨੇਕਾਂ ਮਾਣ ਸਨਮਾਨ ਹਾਸਲ ਕੀਤੇ ਹਨ। ਸਰਕਾਰੀ ਮਿਡਲ ਸਕੂਲ ਭਾਰਟਾ ਗਣੇਸ਼ਪੁਰ ਵਿੱਚ ਐੱਸਐੱਮਸੀ ਦੀ ਚੇਅਰਪਰਸਨ ਮਨਜੀਤ ਕੌਰ, ਸਰਪੰਚ ਰਛਪਾਲ ਸਿੰਘ ਲਾਲੀ, ਪੰਜਾਬੀ ਸਟੂਡੀਓ ਦੇ ਸੰਜੀਵ ਭਾਰਟਾ ਅਤੇ ਬਲਜਿੰਦਰ ਮਾਨ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਟਾਫ ਮੈਂਬਰ ਗੁਰਪ੍ਰੀਤ ਕੌਰ,ਸਤਵੀਰ ਕੌਰ, ਰਾਜ ਰਾਣੀ, ਨੀਤੂ ਰਾਣੀ ਅਤੇ ਮਨਜਿੰਦਰ ਸਿੰਘ ਆਦਿ ਨੇ ਵਿਸ਼ੇਸ਼ ਭੂਮਿਕਾ ਅਦਾ ਕੀਤੀ। ਫੋਟੋ:ਡਾ ਜਸਵਿੰਦਰ ਸਿੰਘ ਨੂੰ ਸਨਮਾਨਿਤ ਕਰਦੇ ਹੋਏ ਬਲਜਿੰਦਰ ਮਾਨ, ਪ੍ਰਿੰਸੀਪਲ ਧਰਮਿੰਦਰ ਸ਼ਰਮਾ, ਪਵਨ ਕੁਮਾਰ, ਡਾ ਕੋਮਲ ਬੱਧਣ, ਡਾ ਵਰਿੰਦਰ ਕੁਮਾਰ ,ਪ੍ਰੋਫੈਸਰ ਆਰਤੀ ਸ਼ਰਮਾ ਆਦਿ।

# ਸਿੰਗਲ ਟਰੈਕ 'ਬਾਬਾ ਸਾਹਿਬ ਜਿਹਾ' ਰਿਲੀਜ ਲਈ ਤਿਆਰ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਸੱਭਿਆਚਾਰਕ,ਸੂਫੀ ਤੇ ਧਾਰਮਿਕ ਗੀਤਾਂ ਦੀ ਹਿੱਟ ਸ਼ਾਹ ਸਿਸਟਰ ਦੀ ਜੋੜੀ ਨੇ ਜਿਨੇ ਵੀ ਗੀਤ ਸਰੋਤਿਆਂ ਦੇ ਸਨਮੁਖ ਕੀਤੇ ਸਰੋਤਿਆਂ ਵਲੋਂ ਬੜਾ ਮਾਣ ਸਤਿਕਾਰ ਦਿਤਾ ਤੇ ਹੁਣ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਡਾ.ਬੀਆਰ ਅੰਬੇਦਕਰ ਜੀ ਦੇ 131ਵੇਂ ਜਨਮ ਦਿਨ ਨੂੰ ਸਮਰਪਿਤ ਸਿੰਗਲ ਟਰੈਕ,ਬਾਬਾ ਸਾਹਿਬ ਜਿਹਾ, ਜੋ ਰਿਲੀਜ ਲਈ ਤਿਆਰ ਹੈ ਜਾਣਕਾਰੀ ਦਿੰਦਿਆ ਸ਼ਾਹ ਭੈਣਾਂ ਨੇ ਦੱਸਿਆ ਕਿ ਇਸ ਮਿਸ਼ਨਰੀ ਰਚਨਾ ਨੂੰ ਕੁੰਦਨ ਲਾਲ ਭੱਟੀ ਨੇ ਕਲਮਬੱਧ ਕੀਤਾ ਤੇ ਇਸ ਦਾ ਮਿਊਜਿਕ ਦਿਨੇਸ਼ ਡੀਕੇ ਨੇ ਤਿਆਰ



ਕੀਤਾ ਤੇ ਇਸ ਦਾ ਫਿਲਮਾਕਣ ਅਸੀ ਖੁਦ ਕੀਤਾ ਤੇ ਇਸ ਦਾ ਡੀਓਪੀ ਸੋਨੂੰ ਬੈਂਸ ਹਨ ਤੇ ਇਸ ਟਰੈਕ ਨੂੰ ਨਾਮਵਰ ਮਿਊਜਿਕ ਕੰਪਨੀ ਸ਼ਾਹ ਰਿਕਾਰਡ ਦੇ ਲੇਬਲ ਤਹਿਤ ਗੁਰਮੀਤ ਸਿੰਘ ਦੀ ਸ਼ਾਨਦਾਰ ਪੇਸ਼ਕਸ਼ ਚ ਬਹੁਤ ਵੱਡੇ ਪੱਧਰ ਤੇ ਸ਼ੋਸਲ ਮੀਡੀਆਂ ਤੇ ਸਰੋਤਿਆ ਦ੍ਰੇ ਸਨਮੁੱਖ ਕਰ ਦਿਤੀ ਜਾਵੇਗੀ ਤੇ ਆਸ ਕਰਦੇ ਹਾ ਕਿ ਰਹਿਬਰਾ ਮਿਸ਼ਨ ਨੂੰ ਪਿਆਰ ਕਰਨ ਵਾਲੇ ਸਰੋਤੇ ਇਸ ਟਰੈਕ ਨੂੰ ਜਰੂਰ ਸੁਣਨਗੇ ਤੇ ਉਨਾ ਦੇ ਮਿਸ਼ਨ ਤੇ ਚੱਲਣ ਦਾ ਪ੍ਰਣ ਕਰਨਗੇ ਤੇ ਧੰਨਬਾਦ ਏ ਸਾਰੇ ਸਰੋਤਿਆਂ ਦਾ ਜੋ ਸਾਡੀ ਗਾਇਕੀ ਨੂੰ ਪਸੰਦ ਕਰਦੇ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਬਾਬਾ ਸਾਹਿਬ ਡਾ: ਅੰਬੇਡਕਰ ਨਾਲ ਸਬੰਧਿਤ ਪੰਜ ਇਤਿਹਾਸਕ ਸਥਾਨਾਂ ਨੂੰ ਮੋਦੀ ਸਰਕਾਰ ਨੇ ਪੰਚਤੀਰਥ ਦਾ ਦਿੱਤਾ ਦਰਜਾ



ਮੈਂ ਰਾਜੇਸ਼ ਬਾਘਾ, ਜਨਰਲ ਸਕੱਤਰ, ਭਾਜਪਾ ਪੰਜਾਬ, ਹਾਂ, ਪਿਛਲੇ ਸਮੇਂ ਵਿੱਚ ਮੈਂ ਅਨੁਸੂਚਿਤ ਜਾਤੀ ਕਮਿਸ਼ਨ, ਪੰਜਾਬ ਦਾ ਚੇਅਰਮੈਨ ਵੀ ਰਿਹਾ ਹਾਂ, ਮੈਨੂੰ ਆਪਣੇ ਜੀਵਨ ਕਾਲ ਵਿੱਚ ਦੇਸ਼-ਵਿਦੇਸ਼ ਦੇ ਕਈ ਸੈਰ-ਸਪਾਟਾ ਸਥਾਨਾਂ ਦੀ ਸੈਰ ਕਰਨ ਦਾ ਮੌਕਾ ਮਿਲਿਆ। ਇਹ ਸਥਾਨ ਸੁੰਦਰ ਪਹਾੜੀ ਖੇਤਰਾਂ ਤੋਂ ਲੈ ਕੇ ਧਾਰਮਿਕ ਵਿਸ਼ਵਾਸ ਅਤੇ ਅਧਿਆਤਮਿਕ ਅਭਿਆਸ ਦੇ ਕੇਂ-ਦਰਾਂ ਤੱਕ ਹਨ। ਹਰ ਥਾਂ ਦਾ ਆਪਣਾ ਮਹੱਤਵ ਹੁੰਦਾ ਹੈ ਅਤੇ ਇਸੇ ਲਈ ਹਰ ਥਾਂ 'ਤੇ ਜਾ ਕੇ ਵੱਖਰਾ ਅਨੁਭਵ ਅਤੇ ਵੱਖਰਾ ਅਹਿਸਾਸ ਹੋਣਾ ਸੁਭਾਵਿਕ ਹੈ ਭਾਵ ਮਾਨਸਿਕ ਜਾਂ ਆਤਮਿਕ ਸੰਤੁਸ਼ਟੀ। ਅੱਜ ਜਦੋਂ ਸਾਰਾ ਦੇਸ਼ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦੀ 131ਵੀਂ ਜਯੰਤੀ ਮਨਾ ਰਿਹਾ ਹੈ, ਮੇਰੇ ਅੰਦਰ ਬਾਬਾ ਸਾਹਿਬ ਪ੍ਰਤੀ ਦੇਸ਼ ਹੀ ਨਹੀਂ, ਸਗੋਂ ਦੇਸ਼-ਵਿਦੇਸ਼ ਵਿੱਚ ਵੱਸਦੇ ਕਰੋੜਾਂ ਪੈਰੋਕਾਰਾਂ ਵਾਂਗ ਮੇਰੇ ਦਿਲ ਵਿੱਚ ਅਥਾਹ ਸ਼ਰਧਾ ਦੀ ਭਾਵਨਾ ਹੈ। ਸੰਸਾਰ ਵਿੱਚ ਡਾ: ਅੰਬੇਡਕਰ ਨਾਲ ਸਬੰਧਤ ਉਨ੍ਹਾਂ ਮਹੱਤਵਪੂਰਨ ਸਥਾਨਾਂ ਦੀ ਯਾਦ ਤਾਜ਼ਾ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਕੇਂਦਰ ਦੀ ਮੌਜੂਦਾ ਨਰਿੰਦਰ ਮੋਦੀ ਸਰਕਾਰ ਨੇ ਨਾ ਸਿਰਫ਼ ਪੰਚਤੀਰਥ ਦਾ ਨਾਂ ਦਿੱਤਾ ਹੈ, ਸਗੋਂ ਇਨ੍ਹਾਂ ਇਤਿਹਾਸਕ ਸਥਾਨਾਂ ਦਾ ਨਵੀਨੀਕਰਨ ਕਰਕੇ ਇਸ ਨੂੰ ਸ਼ਾਨਦਾਰ ਰੂਪ ਵੀ ਦਿੱਤਾ ਹੈ, ਤਾਕਿ ਇਹਨਾਂ ਪੰਜਾਂ ਤੀਰਥ ਅਸਥਾਨਾਂ ਦੇ ਦਰਸ਼ਨ ਕਰਨ ਲਈ ਆਉਣ ਵਾਲਾ ਬਾਬਾ ਸਾਹਿਬ ਦਾ ਕੋਈ ਵੀ ਪੈਰੋਕਾਰ ਜਾਂ ਸੈਲਾਨੀ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ। ਜਿਸ ਦਾ ਸਿਹਰਾ ਬਿਨਾਂ ਸ਼ੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਸਰਕਾਰਾਂ ਨੂੰ ਜਾਂਦਾ ਹੈ। ਇਨ੍ਹਾਂ ਪੰਚਤੀਰਥਾਂ ਵਿੱਚ ਪਹਿਲਾ ਸਥਾਨ ਮੱਧ ਪ੍ਰਦੇਸ਼ ਵਿੱਚ ਸਥਿਤ ਮਹੂ ਹੈ, ਜੋ ਬਾਬਾ ਸਾਹਿਬ ਡਾ: ਅੰਬੇਡਕਰ ਜੀ ਦਾ ਜਨਮ ਅਸਥਾਨ ਹੈ। ਦੂਸਰਾ ਸਥਾਨ ਲੰਡਨ ਦੀ ਰਿਹਾਇਸ਼ ਹੈ, ਜਿੱਥੇ ਬਾਬਾ ਸਾਹਿਬ ਆਪਣੀ ਉਚੇਰੀ ਸਿੱਖਿਆ ਦੌਰਾਨ ਕਿਰਾਏ 'ਤੇ ਰਹੇ ਸਨ। ਇਸ ਸਥਾਨ ਨੂੰ ਮਹਾਰਾਸ਼ਟਰ ਦੀ ਸਾਬਕਾ ਦੇਵੇਂਦਰ ਫੜਨਵੀਸ ਸਰਕਾਰ ਨੇ ਭਾਰਤ ਸਰਕਾਰ ਦੇ ਸਹਿਯੋਗ ਨਾਲ ਸਭ ਤੋਂ ਵੱਧ ਬੋਲੀ ਲਗਾ ਕੇ ਨਾ ਸਿਰਫ਼ ਖਰੀਦਿਆ ਸੀ, ਸਗੋਂ ਇਸ ਨੂੰ ਬਾਬਾ ਸਾਹਿਬ ਨਾਲ ਸਬੰਧਤ ਅਜਾਇਬ ਘਰ ਵਜੋਂ ਵੀ ਵਿਕਸਤ ਕੀਤਾ ਸੀ। ਤੀਸਰਾ ਸਥਾਨ ਨਾਗਪੁਰ ਦਾ ਹੈ ਜਿੱਥੇ ਬਾਬਾ ਸਾਹਿਬ ਡਾ: ਅੰਬੇਡਕਰ ਨੇ ਬੁੱਧ ਧਰਮ ਵੱਲ ਦੀ ਸ਼ੁਰੂਆਤ ਕੀਤੀ ਸੀ। ਚੌਥਾ ਹੈ ਦਿੱਲੀ ਦੇ 26 ਅਲੀਪੁਰ ਮਾਰਗ 'ਤੇ ਬਾਬਾ ਸਾਹਿਬ ਦੀ ਯਾਦਗਾਰ, ਮਹਾਪਰਿਨਿਰਵਾਣ ਸਥਲ ਜੋ ਕਿ 7400 ਵਰਗ ਮੀਟਰ 'ਚ ਫੈਲਿਆ ਹੋਇਆ ਹੈ ਅਤੇ 100 ਕਰੋੜ ਦੀ ਲਾਗਤ ਨਾਲ ਬਣਿਆ ਹੈ। ਪੰਚਤੀਰਥ ਦੇ ਪ੍ਰਕਰਣ ਵਿੱਚ ਬਾਬਾ ਸਾਹਿਬ ਨਾਲ ਸਬੰਧਤ ਪੰਜਵਾਂ ਸਥਾਨ ਮੁੰਬਈ, ਮਹਾਰਾਸ਼ਟਰ ਵਿੱਚ ਚੈਤਯ ਭੂਮੀ ਹੈ, ਜਿੱਥੇ ਬਾਬਾ ਸਾਹਿਬ ਦਾ ਸੰਸਕਾਰ ਬੋਧੀ ਪਰੰਪਰਾ ਅਨੁਸਾਰ ਕੀਤਾ ਗਿਆ ਸੀ। ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗੁਵਾਈ ਹੇਠ ਭਾਰਤ ਸਰਕਾਰ ਵਲੋਂ ਲਗਭਗ 400 ਕਰੋੜ ਰੁਪਏ ਦੀ ਲਾਗਤ ਨਾਲ ਮੁੰਬਈ ਦੇ ਦਿਲ ਵਿੱਚ ਸਥਿਤ ਇੰਦੂ ਮਿੱਲਜ਼ ਕੰਪਲੈਕਸ ਵਿੱਚ ਬਾਬਾ ਸਾਹਿਬ ਅੰਬੇਡਕਰ ਦੀ ਇੱਕ ਸ਼ਾਨਦਾਰ ਯਾਦਗਾਰ ਬਣਾਈ ਜਾ ਰਹੀ ਹੈ। ਮੈਨੂੰ ਭਾਰਤ ਵਿੱਚ ਉਪਰੋਕਤ ਚਾਰ ਤੀਰਥ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਭਾਗ ਨਿਸ਼ਚਿਤ ਰੂਪ ਵਿੱਚ ਪ੍ਰਾਪਤ ਹੋਇਆ ਹੈ। ਜੇਕਰ ਸੁਧੀ ਪਾਠਕ ਵੀ ਇਨ੍ਹਾਂ ਸਥਾਨਾਂ ਦੇ ਦਰਸ਼ਨ ਕਰ ਲੈਣ ਤਾਂ ਉਹ ਜ਼ਰੂਰ ਧੰਨ ਮਹਿਸੂਸ ਕਰਨਗੇ। ਇਸ ਤੋਂ ਇਲਾਵਾ ਸ੍ਰੀ ਨਰਿੰਦਰ ਮੋਦੀ ਦੇ ਮੁੱਖ ਮੰਤਰੀ ਕਾਲ ਦੌਰਾਨ ਵਡੋਦਰਾ (ਗੁਜਰਾਤ) ਵਿਖੇ ਬਾਬਾ ਸਾਹਿਬ ਡਾ: ਅੰਬੇਡਕਰ ਦੀ ਸੰਕਲਪ ਭੂਮੀ ਯਾਦਗਾਰ ਵੀ ਬਣਾਈ ਗਈ ਹੈ। ਇਹ ਸਮਾਰਕ ਜੂਨਾ ਕਲਿਆਣ ਨਗਰ ਵਿੱਚ ਸਥਿਤ ਹੈ, ਜੋ ਕਿ 1000 ਵਰਗ ਮੀਟਰ ਦੇ ਪਲਾਟ ਵਿੱਚ ਫੈਲਿਆ ਹੋਇਆ ਹੈ। ਡਾ। ਅੰਬੇਡਕਰ ਦਾ ਜਨਮ 14 ਅਪ੍ਰੈਲ 1891 ਨੂੰ ਬ੍ਰਿਟਿਸ਼ ਭਾਰਤ ਦੇ ਕੇਂਦਰੀ ਭਾਰਤ ਸੂਬੇ (ਹੁਣ ਮੱਧ ਪ੍ਰਦੇਸ਼) ਵਿੱਚ ਸਥਿਤ ਮਹੂ ਨਗਰ ਮਿਲਟਰੀ ਛਾਉਣੀ ਵਿੱਚ ਹੋਇਆ ਸੀ। ਉਹ ਰਾਮਜੀ ਮਾਲੋਜੀ ਸਕਪਾਲ ਅਤੇ ਭੀਮਾਬਾਈ ਦਾ 14ਵਾਂ ਅਤੇ ਆਖਰੀ ਬੱਚਾ ਸੀ। ਉਸਦਾ ਪਰਿਵਾਰ ਮਰਾਠੀ ਮੂਲ ਦਾ ਕਬੀਰ ਪੰਥ ਦਾ ਪਾਲਣ ਕਰਦਾ ਸੀ ਅਤੇ ਉਹ ਅਜੋਕੇ ਮਹਾਰਾਸ਼ਟਰ ਦੇ ਰਤਨਾਗਿਰੀ ਜ਼ਿਲੇ ਦੇ ਅੰਬਡਵੇ ਪਿੰਡ ਦੇ ਵਸਨੀਕ ਸਨ। ਉਹਨਾਂ ਦੇ ਪਿਤਾ ਨੇ ਮਹੂ ਛਾਉਣੀ ਵਿੱਚ ਬ੍ਰਿਟਿਸ਼ ਇੰਡੀਅਨ ਆਰਮੀ ਵਿੱਚ ਸੇਵਾ ਕੀਤੀ। ਆਪਣੀ ਜਾਤੀ ਦੇ ਜ਼ਿਆਦਾਤਰ ਬੱਚਿਆਂ ਦੇ ਉਲਟ, ਨੌਜਵਾਨ ਭੀਮ ਨੇ ਸਕੂਲ 'ਚ ਪੜਾਈ ਕੀਤੀ। ਹਾਲਾਂਕਿ, ਉਹਨਾਂ ਨੂੰ ਅਤੇ ਉਹਨਾਂ ਦੇ ਦਲਿਤ ਦੋਸਤਾਂ ਨੂੰ ਕਲਾਸ ਰੂਮ ਦੇ ਅੰਦਰ ਬੈਠਣ ਦੀ ਆਗਿਆ ਨਹੀਂ ਸੀ। ਅਧਿਆਪਕ ਉਹਨਾਂ ਦੀ ਨੋਟਬੁੱਕ ਨੂੰ ਹੱਥ ਨਹੀਂ ਲਾਉਂਦੇ ਸਨ। ਸਕੂਲ ਦੇ ਚਪੜਾਸੀ ਜੋ ਕਿ ਸਵਰਨ ਜਾਤੀ ਨਾਲ ਸਬੰਧਤ ਸਨ, ਸਕੂਲ ਵਿੱਚ ਪਾਣੀ ਪਿਲਾਉਂਦੇ ਸਮੇਂ ਉਚਾਈ ਤੋਂ ਹੀ ਉਹਨਾਂ ਨੂੰ ਪਾਣੀ ਪਾਉਂਦੇ ਸਨ। ਜਦੋਂ ਚਪੜਾਸੀ ਉਪਲਬਧ ਨਹੀਂ ਹੁੰਦਾ ਸੀ ਤਾਂ ਨੌਜਵਾਨ ਭੀਮ ਅਤੇ ਉਹਨਾਂ ਦੇ ਦੋਸਤਾਂ ਨੂੰ ਪਾਣੀ ਤੋਂ ਬਿਨਾਂ ਹੀ ਸਾਰਾ ਦਿਨ ਕੱਟਣਾ ਪੈਂਦਾ ਸੀ। ਸਿੱਖਣ ਅਤੇ ਪੜ੍ਹਾਈ ਵਿੱਚ ਡੂੰਘੀ ਦਿਲਚਸਪੀ ਰੱਖਣ ਵਾਲੇ, ਭੀਮ ਬੰਬਈ ਦੇ ਵੱਕਾਰੀ ਐਲਫਿੰਸਟਨ ਹਾਈ ਸਕੂਲ ਵਿੱਚ ਦਾਖਲਾ ਲੈਣ ਵਾਲਾ ਪਹਿਲੇ ਦਲਿਤ ਬਣ ਗਏ। ਬਾਅਦ ਵਿੱਚ ਉਹਨਾਂ ਨੇ ਤਿੰਨ ਸਾਲਾਂ ਲਈ ਬੜੌਦਾ ਸਟੇਟ ਸਕਾਲਰਸ਼ਿਪ ਜਿੱਤੀ ਅਤੇ ਨਿ-ਊਯਾਰਕ ਵਿੱਚ ਕੋਲੰਬੀਆ ਯੂਨੀਵਰਸਿਟੀ ਤੋਂ ਆਪਣੀ ਪੋਸਟ ਗ੍ਰੈਜੂਏਸ਼ਨ ਪੂਰੀ ਕੀਤੀ। ਉਹਨਾਂ ਨੇ ਜੂਨ 1915 ਵਿੱਚ ਐਮ।ਏ। ਦੀ ਪ੍ਰੀਖਿਆ ਪਾਸ ਕੀਤੀ ਅਤੇ ਆਪਣੀ ਖੋਜ ਜਾਰੀ ਰੱਖੀ। ਭਾਰਤੀ ਸਮਾਜ, ਅਰਥ ਸ਼ਾਸਤਰ ਅਤੇ ਇਤਿਹਾਸ ਨਾਲ ਸੰਬੰਧਿਤ ਤਿੰਨ ਮਹੱਤਵਪੂਰਨ ਥੀਸਿਸ ਨੂੰ ਪੂਰਾ ਕਰਨ ਤੋਂ ਬਾਅਦ, ਡਾ ਅੰਬੇਡਕਰ ਨੇ ਲੰਡਨ ਸਕੂਲ ਆਫ਼ ਇਕਨਾਮਿਕਸ ਵਿੱਚ ਦਾਖਲਾ ਲਿਆ, ਜਿੱਥੇ ਉਹਨਾਂ ਨੇ ਆਪਣੇ ਡਾਕਟਰੇਟ ਥੀਸਿਸ 'ਤੇ ਕੰਮ ਕਰਨਾ ਸ਼ੁਰੂ ਕੀਤਾ। ਉਹ ਅਗਲੇ ਚਾਰ ਸਾਲ ਲੰਡਨ ਵਿੱਚ ਰਹੇ ਅਤੇ ਦੋ ਡਾਕਟਰੇਟ ਪੂਰੀਆਂ ਕੀਤੀਆਂ। ਪੰਜਾਹ ਦੇ ਦਹਾਕੇ 'ਚ ਉਹਨਾਂ ਨੂੰ ਦੋ ਹੋਰ ਆਨਰੇਰੀ ਡਾਕਟਰੇਟਾਂ ਨਾਲ ਸਨਮਾਨਿਤ ਕੀਤਾ ਗਿਆ। 1924 ਵਿੱਚ ਭਾਰਤ ਪਰਤਣ ਤੋਂ ਬਾਅਦ, ਡਾ: ਅੰਬੇਡਕਰ ਨੇ ਛੂਤ-ਛਾਤ ਵਿਰੁੱਧ ਇੱਕ ਸਰਗਰਮ ਅੰਦੋਲਨ ਸ਼ੁਰੂ ਕਰਨ ਦਾ ਫੈਸਲਾ ਕੀਤਾ। 1924 ਵਿੱਚ, ਉਹਨਾਂ ਨੇ ਭਾਰਤ ਵਿੱਚ ਜਾਤ ਪ੍ਰਣਾਲੀ ਨੂੰ ਜੜ੍ਹੋਂ ਪੁੱਟਣ ਦੇ ਉਦੇਸ਼ ਨਾਲ ਬਹਿਸ਼ਰਕ ਹਿਤਕਾਰਿਣੀ ਸਭਾ ਦੀ ਸਥਾ-ਪਨਾ ਕੀਤੀ। ਸੰਸਥਾ ਨੇ ਹਰ ਉਮਰ ਵਰਗ ਲਈ ਮੁਫਤ ਸਕੂਲ ਅਤੇ ਲਾਇਬ੍ਰੇਰੀਆਂ ਚਲਾਈਆਂ। ਡਾ।ਅੰਬੇਦਕਰ ਦਲਿਤਾਂ ਦੀਆਂ ਸ਼ਿਕਾਇਤਾਂ ਨੂੰ ਅਦਾਲਤ ਵਿੱਚ ਲੈ ਕੇ ਗਏ ਅਤੇ ਉਨ੍ਹਾਂ ਨੂੰ ਇਨਸਾਫ਼ ਦਿਵ-ਾਇਆ। ਡਾ: ਅੰਬੇਡਕਰ ਨੇ ਸਾਰੀ ਉਮਰ ਦੱਬੇ-ਕੁਚਲੇ ਵਰਗ ਦੇ ਉਥਾਨ ਲਈ ਸੰਘਰਸ਼ ਕੀਤਾ। ਭਾਰਤ ਦੇ ਸੰਵਿਧਾਨ ਨੂੰ ਘੜਨ ਵਿੱਚ ਉਨ੍ਹਾਂ ਦੀ ਪ੍ਰਮੁੱਖ ਭੂਮਿਕਾ ਵਜੋਂ ਉਹਨਾਂ ਨੂੰ ਜਾਣਿਆ ਜਾਂਦਾ ਹੈ, ਪਰ ਬਦਕਿਸਮਤੀ ਨਾਲ, ਬਾਬਾ ਸਾਹਿਬ ਅੰਬੇਡਕਰ ਦੀ ਤਸਵੀਰ ਨੂੰ ਲੰਬੇ ਸਮੇਂ ਤੋਂ ਸਿਰਫ ਪਾਰਟੀ ਰਾਜਨੀਤੀ ਅਤੇ ਵੋਟ ਬੈਂਕ ਨੂੰ ਵਿਕਸਤ ਕਰਨ ਲਈ ਵਰਤਿਆ ਗਿਆ। ਬਾਬਾ ਸਾਹਿਬ ਇਸ ਦੇਸ਼ ਦੀ ਵਿਰਾਸਤ ਹਨ ਪਰ 2014 ਤੋਂ ਪਹਿਲਾਂ ਅੱਧੀ ਸਦੀ ਤੋਂ ਵੱਧ ਸਮੇਂ ਤੱਕ ਇੱਕ ਛਤਰ-ਛਾਇਆ ਹੇਠ ਰਾਜ ਕਰਨ ਵਾਲੀ ਕਾਂਗਰਸ ਪਾਰਟੀ ਨੇ ਇੱਕ ਵਿਸ਼ੇਸ਼ ਜਾਤ ਅਤੇ ਵਰਗ ਦੇ ਆਗੂ ਵਜੋਂ ਆਪਣੀ ਪਛਾਣ ਨੂੰ ਸੀਮਤ ਕਰਨ ਦਾ ਪਾਪ ਕੀਤਾ ਹੈ। ਇਸ ਤੋਂ ਵੱਡੀ ਵਿਡੰਬਨਾ ਹੋਰ ਕੀ ਹੋਵੇਗੀ ਕਿ ਆਪਣੇ ਜੀਵਨ ਦੌਰਾਨ ਆਪਣੇ ਆਪ ਨੂੰ ਭਾਰਤ ਰਤਨ ਦੀ ਉਪਾਧੀ ਦੇਣ ਵਾਲੇ ਹਾਕਮਾਂ ਨੇ ਬਾਬਾ ਸਾਹਿਬ ਨੂੰ ਦੇਸ਼ ਦੇ ਸਰਵਉੱਚ ਸਨਮਾਨ ਦੇ ਯੋਗ ਵੀ ਨਹੀਂ ਸਮਝਿਆ। ਅੰਤ ਵਿੱਚ, 1990 ਵਿੱਚ, ਵਿਸ਼ਵਨਾਥ ਪ੍ਰਤਾਪ ਸਿੰਘ ਦੀ ਜਨਤਾ ਦਲ ਦੀ ਸਰਕਾਰ ਵੇਲੇ ਭਾਜਪਾ ਨਾਲ ਗਠਜੋੜ ਵਿੱਚ, ਬਾਬਾ ਸਾਹਿਬ ਨੂੰ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਬਾਅਦ ਅਟਲ ਬਿ-ਹਾਰੀ ਵਾਜਪਾਈ ਦੀ ਸਰਕਾਰ ਸਮੇਂ ਬਾਬਾ ਸਾਹਿਬ ਡਾ: ਅੰ-ਬੇਡਕਰ ਦੀ ਵਿਰਾਸਤ ਨੂੰ ਸੰਭਾਲਣ ਦਾ ਕੰਮ ਸ਼ੁਰੂ ਹੋਇਆ, ਜਿਸ ਨੂੰ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ 26 ਨਵੰਬਰ ਨੂੰ ਸੰਵਿਧਾਨ ਦਿਵਸ ਵਜੋਂ ਘੋਸ਼ਿਤ ਕੀਤਾ ਹੈ। ਬਾਬਾ ਸਾਹਿਬ ਦੀ ਯਾਦ ਵਿੱਚ 10 ਰੁਪਏ ਅਤੇ 125 ਰੁਪਏ ਦੇ ਸਿੱਕੇ ਜਾਰੀ ਕੀਤੇ ਗਏ। ਸਮਾਜ ਵਿੱਚ ਦੱਬੇ-ਕੁਚਲੇ ਲੋਕਾਂ ਨੂੰ ਬਰਾਬਰੀ ਦਾ ਦਰਜਾ ਦਿਵਾਉਣਾ ਬਾਬਾ ਸਾਹਿਬ ਡਾ: ਅੰਬੇਡਕਰ ਦਾ ਮੁੱਖ ਸੁਪਨਾ ਸੀ, ਜਿਸ ਨੂੰ ਪੂਰਾ ਕਰਨ ਦੀ ਮੋਦੀ ਸਰਕਾਰ ਵੱਲੋਂ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਸ ਦੇ ਤਹਿਤ ਪਿਛਲੇ ਵਿੱਤੀ ਸਾਲ 2021-22 ਦੇ ਕੇਂਦਰੀ ਬਜਟ ਵਿੱਚ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ 1।26 ਲੱਖ ਕਰੋੜ ਰੁਪਏ ਉਪਬੰਧ ਕਰਵਾਏ ਗਏ ਸਨ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ, ਰਾਸ਼ਟਰੀ ਵਿਦੇਸ਼ ਸਕਾਲਰਸ਼ਿਪ, ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਮੁਫਤ ਕੋਚਿੰਗ, ਉੱਦਮ ਪੂੰਜੀ ਫੰਡ, ਸਟੈਂਡਅੱਪ ਇੰਡੀਆ ਸਕੀਮ, ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ ਵਿੱਚ ਮਹੱਤਵਪੂਰਨ ਉਪਬੰਧ ਕੀਤੇ ਗਏ ਸਨ। ਇਸ ਤੋਂ ਇਲਾਵਾ, ਬਿਹਤਰ ਸੁਰੱਖਿਆ ਅਤੇ ਨਿਆਂ ਨੂੰ ਯਕੀਨੀ ਬਣਾਉਣ ਦੇ ਇਰਾਦੇ ਨਾਲ ਅੱਤਿਆਚਾਰ ਰੋਕਥਾਮ ਐਕਟ 1989 ਵਿੱਚ ਸੋਧ ਕਰਕੇ ਅਨੁਸੂਚਿਤ ਜਾਤੀ ਵਰਗ ਨੂੰ ਹੋਰ ਸ਼ਕਤੀ ਦਿੱਤੀ ਗਈ ਹੈ। ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਸਵਦੇਸ਼ੀ ਤੌਰ 'ਤੇ ਵਿਕਸਤ ਭੁਗਤਾਨ ਐਪ ਦਾ ਨਾਮ ਵੀ ਸਤਿਕਾਰਯੋਗ ਬਾਬਾ ਸਾਹਿਬ ਡਾ। ਅੰਬੇਡਕਰ ਦੇ ਨਾਮ 'ਤੇ ਭ੍ਰੀ ਐਪ ਰੱਖਿਆ ਗਿਆ ਸੀ। ਡਾ: ਅੰਬੇਡਕਰ ਇੰਟਰਨੈਸ਼ਨਲ ਸੈਂਟਰ ਦਾ ਉਦਘਾਟਨ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ 7 ਦਸੰਬਰ 2017 ਨੂੰ ਕੀਤਾ ਗਿਆ ਸੀ। ਕੋਰੋਨਾ ਆਫ਼ਤ ਦੌਰਾਨ 80 ਕਰੋੜ ਨਾਗਰਿਕਾਂ ਨੂੰ ਅਨਾਜ ਦੀ ਸਪਲਾਈ ਦਾ ਵੱਡਾ ਹਿੱਸਾ ਵੰਚਿਤ ਵਰਗਾਂ ਨੂੰ ਮਿਲ ਰਿਹਾ ਹੈ। ਸੰਖੇਪ ਵਿੱਚ, ਬਾਬਾ ਸਾਹਿਬ ਡਾ: ਅੰਬੇਡਕਰ ਜੀ ਦੇ 131ਵੇਂ ਜਨਮ ਦਿਹਾੜੇ 'ਤੇ ਸਾਰੇ ਪਾਠਕਾਂ ਨੂੰ ਸ਼ੁਭ ਕਾਮਨਾਵਾਂ ਦਿੰਦੇ ਹੋਏ, ਮੈਂ ਇਸ ਲੇਖ ਨੂੰ ਇੱਥੇ ਖਤਮ ਕਰਨਾ ਚਾਹਾਂਗਾ ਅਤੇ ਇਹ ਕਹਿਣਾ ਚਾਹਾਂਗਾ ਕਿ ਵਿਰੋਧੀ ਧਿਰ ਮੋਦੀ ਸਰਕਾਰ ਦੇ ਅਕਸ ਨੂੰ ਵਿਰੋਧੀ ਬਣਾਉਣ ਦੀ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲਵੇ, ਪਰ ਅੱਜ ਦੇਸ਼ ਦਾ ਵਾਂਝਾ ਵਰਗ ਇਸ ਹਕੀਕਤ ਤੋਂ ਭਲੀ-ਭਾਂਤ ਜਾਣੂ ਹੋ ਚੁੱਕਾ ਹੈ ਕਿ ਜੇਕਰ ਉਸ ਨੇਕ ਆਤਮਾ ਬਾਬਾ ਸਾਹਿਬ ਡਾ: ਅੰਬੇਡਕਰ ਦੇ ਮਿਸ਼ਨ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਅੱਗੇ ਵਧਾਇਆ ਅਤੇ ਬਰਾਬਰਤਾ ਦਾ ਸੰਵਿਧਾਨਕ ਅਧਿਕਾਰ ਦਿੱਤਾ ਹੈ ਜਾਂ ਭਾਰਤੀ ਸਮਾਜ ਦੇ ਵਾਂਝੇ ਵਰਗ ਨੂੰ ਜੇਕਰ ਇੱਜ਼ਤ ਦੇਣ ਦਾ ਕੰਮ ਕੀਤਾ ਹੈ ਤਾਂ ਉਹ ਭਾਰਤ ਦੀ ਮੌਜੂਦਾ ਨਰਿੰਦਰ ਮੋਦੀ ਸਰਕਾਰ ਨੇ ਕੀਤਾ ਹੈ।

**- ਰਾਜੇਸ਼ ਬਾਗਾ**
**ਸੂਬਾਈ ਜਨਰਲ ਸਕੱਤਰ, ਭਾਜਪਾ ਪੰਜਾਬ**



# 2021 ਰੈਜ਼ੀਡੈਂਟ ਵੀਜ਼ਾ-ਪੱਕੀਆਂ ਮੋਹਰਾਂ ਵਾਲੀ ਮਸ਼ੀਨ ਦਾ ਲੇਖਾ ਜੋਖਾ




**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਇਮੀਗ੍ਰੇਸ਼ਨ ਵੱਲੋਂ ਭਾਵੇਂ ਇਸ ਸਾਲ ਦੇ ਅੰਤ ਤੱਕ ਅੰਤ ਤੱਕ 1 ਲੱਖ 65 ਹਜ਼ਾਰ ਲੋਕਾਂ ਨੂੰ ਦੋ ਗੇੜਾਂ ਵਿਚ ਨਿਊਜ਼ੀਲੈਂਡ ਦੀ ਰੈਜੀਡੈਂਸੀ ਦੇ ਦਿੱਤੀ ਜਾਣੀ ਹੈ, ਪਰ ਅਰਜ਼ੀਆਂ ਦੇ ਆ ਰਹੇ ਹੜ੍ਹ ਨੇ ਇਹ ਅੰਕੜਾ ਅਗਲੇ ਹਿੰਦਸਿਆਂ ਤੱਕ ਪਹੁੰਚਾ ਦਿੱਤਾ ਹੈ ਅਤੇ ਹੁਣ ਇਹ ਗਿਣਤੀ 1 ਲੱਖ 77 ਹਜ਼ਾਰ ਨੂੰ ਢੁੱਕਣ ਲੱਗੀ ਹੈ। 3 ਅਪ੍ਰੈਲ ਤੱਕ ਜਾਰੀ ਹੋਏ ਅੰਕੜਿਆਂ ਅਨੁਸਾਰ ਹੁਣ ਤੱਕ ਪ੍ਰਾਪਤ ਹੋਈਆਂ 89,572 ਅਰਜ਼ੀਆਂ ਦੇ ਵਿਚ 1,76,853 ਲੋਕ ਸ਼ਾਮਿਲ ਹਨ। ਪਹਿਲੇ ਗੇੜ ਦੀਆਂ ਅਰਜ਼ੀਆਂ ਪੱਕੀ ਮੋਹਰ ਵਾਲੀ ਮਸ਼ੀਨ ਦੇ ਵਿਚੋਂ ਨਿਕਲ ਹੀ ਰਹੀਆਂ ਹਨ ਕਿ ਜਦ ਕਿ ਦੂਜੇ ਗੇੜ ਵਾਲੀਆਂ ਅਰਜ਼ੀਆਂ ਦਾ ਸ਼ੁੱਭ ਆਰੰਭ ਵੀ ਹੋ ਚੁੱਕਾ ਹੈ ਅਤੇ ਰੈਜੀਡੈਂਸੀ ਆਉਣੀ ਸ਼ੁਰੂ ਹੋ ਗਈ ਹੈ। 3 ਅਪ੍ਰੈਲ ਤੱਕ 14,459 ਅਰਜ਼ੀਆਂ ਮੰਜੂਰ ਹੋ ਚੁੱਕੀਆਂ ਹਨ ਤੇ 32,507 ਲੋਕਾਂ ਨੂੰ ਪੱਕੇ ਕੀਤਾ ਜਾ ਚੁੱਕਾ ਹੈ। ਹੁਣ ਤੱਕ 9 ਅਰਜ਼ੀਆਂ ਨੂੰ ਰੱਦ ਕੀਤਾ ਗਿਆ ਹੈ।

# 'ਔਕਲੈਂਡ ਵਿਮਨ ਲੋਇਅਰਜ਼ ਐਸੋਸੀਏਸ਼ਨ' ਦੇ ਵਿਚ ਭਾਰਤੀ ਮਹਿਲਾਵਾਂ ਦੀ ਹੈ ਖਾਸ ਭੂਮਿਕਾ-ਅੰਜੀਤ ਸਿੰਘ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਕਦੇ ਸਮਾਂ ਹੁੰਦਾ ਸੀ ਇਸਤਰੀ ਨੂੰ ਕਮਜ਼ੋਰ ਅਤੇ 'ਅਬਲਾ' ਕਹਿ ਕੇ ਉਸਦੇ ਤੇਜ਼-ਤਰਾਰ ਦਿਮਾਗ ਨੂੰ ਅੱਗੇ ਵਧਣ ਤੋਂ ਰੋਕਿਆ ਜਾਂਦਾ ਸੀ ਤੇ ਉਸ ਉਤੇ ਫੈਸਲੇ ਲਾਗੂ ਕਰ ਦਿੱਤੇ ਜਾਂਦੇ ਸਨ। ਪਰ ਅੱਜ ਸਮਾਂ ਬਦਲਿਆ ਹੋਇਆ ਹੈ। ਜਿੱਥੇ ਇਸਤਰੀਆਂ ਨੇ ਅੱਜ ਹਰ ਖੇਤਰ ਦੇ 'ਚ ਤਰੱਕੀ ਕਰਕੇ ਨਵੇਂ ਰਾਹ ਵਿਕਸਤ ਕਰ ਦਿੱਤੇ ਹਨ ਉਥੇ ਵਕਾਲਤ ਵਰਗੇ ਪੇਸ਼ੇ ਨੂੰ ਸਫਲਤਾ ਨਾਲ ਕਰਦਿਆਂ ਅਦਾਲਤੀ ਫੈਸਲਿਆਂ ਦੀ ਅਜਿਹੀ ਗਵਾਹ ਬਣ ਰਹੀਆਂ ਹਨ ਕਿ ਸਦੀਆਂ ਤੱਕ ਉਨ੍ਹਾਂ ਦੀ ਉਦਾਹਰਣ ਕਾਇਮ ਰਹੇਗੀ। ਗੱਲ ਕਰਦੇ ਹਾਂ ਨਿਊਜ਼ੀਲੈਂਡ ਦੇ ਵਿਚ ਇਸਤਰੀਆਂ ਦੇ ਵਕਾਲਤੀ ਪੇਸ਼ੇ ਦੀ। ਭਾਰਤੀਆਂ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਭਾਰਤੀ ਮਹਿਲਾਵਾਂ ਦੀ ਗਿਣਤੀ ਵੀ ਇਸ ਖੇਤਰ ਵਿਚ ਲਗਾਤਾਰ ਵਧ ਰਹੀ ਹੈ। ਪਿਛਲੇ ਦਿਨੀਂ 'ਔਕਲੈਂਡ ਵਿਮਨ ਲੋਇਅਰਜ਼ ਐਸੋਸੀਏਸ਼ਨ' ਵੱਲੋਂ ਇਕ ਸਮਾਗਮ ਹੋਇਆ ਜਿਸ ਦੇ ਵਿਚ ਇਸ ਗੱਲ ਉਤੇ ਤਸੱਲੀ ਪ੍ਰਗਟ ਕੀਤੀ ਗਈ ਕਿ ਨਵੀਆਂ ਕੁੜੀਆਂ ਇਸ ਖੇਤਰ ਦੇ ਵਿਚ ਕਾਫੀ ਆ ਰਹੀਆਂ ਹਨ ਅਤੇ ਇਸ ਸੰਸਥਾ ਦੇ ਨਾਲ ਜੁੜ ਰਹੀਆਂ ਹਨ। ਸੰਖੇਪ ਵਿਚ ਇਸ ਸੰਸਥਾ ਨੂੰ 'ਅਵਲਾ' ਨਾਂਅ ਦੇ ਜਾਣਿਆ ਜਾਂਦਾ ਹੈ, ਇਹ ਸੰਸਥਾ ਵਕਾਲਤ ਕਰਨ ਦੇ ਵਿਚ ਕੁੜੀਆਂ ਨੂੰ ਆ ਰਹੀਆਂ ਮੁਸ਼ਕਿਲਾਂ ਨੂੰ ਸੁਣਦੀ ਹੈ ਤੇ ਹੱਲ ਕਰਦੀ ਹੈ ਤਾਂ ਕਿ ਉਹ ਪੜ੍ਹਾਈ ਕਰਕੇ ਸਾਲੀ-ਸਿਟਰ, ਬੈਰਿਸਟਰ ਜਾਂ ਜੱਜ ਦੇ ਅਹੁਦੇ ਤੱਕ ਪਹੁੰਚ ਸਕਣ। ਇਸ ਸੰਸਥਾ ਨੂੰ 'ਔਕਲੈਂਡ ਡਿਸਟ੍ਰਿਕਟ ਲਾਅ ਸੁਸਾਇਟੀ', 'ਨਿਊਜ਼ੀਲੈਂਡ ਲਾਅ ਸੁਸਾਇਟੀ', 'ਦਾ ਨਿਊਜ਼ੀਲੈਂਡ ਬਾਰ ਐਸੋਸੀਏਸ਼ਨ', 'ਦਾ ਨਿਊਜ਼ੀਲੈਂਡ ਐਸੋਸੀਏਸ਼ਨ ਆਫ ਵਿਮਨ ਜੱਜਸ' ਸਮੇਤ ਕਈ ਲਾਅ ਫਰਮਾਂ ਵੱਲੋਂ ਪੂਰਨ ਸਹਿਯੋਗ ਮਿਲ ਰਿਹਾ ਹੈ। ਦੇ ਵਿਚ ਅਨੁਸ਼ਕਾ ਬਲੋਇਮ, ਖੁਸ਼ਬੂ ਸੁੰਦਰਜੀ, ਮੇਨਕਾ ਕੁਮਾਰ ਅਤੇ ਹੀਨਾ ਘੇੜਾ ਵੀ ਸ਼ਾਮਿਲ ਹਨ। ਔਰਤ-



ਭਾਰਤੀ ਮੂਲ ਦੀ ਕੁੜੀ ਅੰਜੀਤ ਸਿੰਘ ਜੋ ਕਿ ਸੀਨੀਅਰ ਕ੍ਰਿਮੀਨਲ ਡਿਫੈਂਸ ਲੌਇਰ ਹਨ ਨੇ ਗੱਲਬਾਤ ਕਰਦੇ ਦੱਸਿਆ ਕਿ ਵਕੀਲ ਮਹਿਲਾਵਾਂ ਦੀ ਇਸ ਸੰਸਥਾ ਦੇ ਵਿਚ ਭਾਰਤੀ ਮਹਿਲਾਵਾਂ ਦੀ ਖਾਸ ਭੂਮਿਕਾ ਬਣ ਰਹੀ ਹੈ, ਜੋ ਕਿ ਭਾਰਤੀ ਭਾਈਚਾਰੇ ਲਈ ਬਹੁਤ ਖੁਸ਼ੀ ਤੇ ਮਾਣ ਵਾਲੀ ਗੱਲ ਹੈ। ਵਰਨਣਯੋਗ ਹੈ ਕਿ ਭਾਰਤੀ ਮੂਲ ਦੀ ਇਸ ਕੁੜੀ ਦਾ ਪਰਿਵਾਰ ਵੀ ਅਦਾਲਤੀ ਖੇਤਰ ਨਾਲ ਸਬੰਧਿਤ ਹੈ ਅਤੇ ਇਸਨੇ ਕਾਮਰਸ ਅਤੇ ਲਾਅ (ਆਨਰਜ਼) ਦੇ ਵਿਚ ਯੂਨੀਵਰਸਿਟੀ ਆਫ ਔਕਲੈਂਡ ਤੋਂ ਡਿਗਰੀ ਕੀਤੀ ਹੋਈ ਹੈ। ਇਸ ਤੋਂ ਇਲਾਵਾ ਇਸ ਸੰਸਥਾ ਮਰਦ ਦੇ ਮਿਹਨਤਾਨਾ ਫਰਕ ਨੂੰ ਲੈ ਕੇ ਵੀ ਇਹ ਸੰਸਥਾ ਲਗਾਤਾਰ ਆਪਣੇ ਬਰਾਬਰ ਹੱਕਾਂ ਦੀ ਵਕਾਲਤ ਕਰਦੀ ਹੈ। ਇਹ ਸੰਸਥਾ ਕਈ ਪ੍ਰਕਾਰ ਦੇ ਪੈਨਲ ਚਰਚਾਵਾਂ ਵੀ ਕਰਦੀ ਹੈ, ਲੈਕਚਰ ਸੈਸ਼ਨ ਕਰਦੀ ਹੈ ਅਤੇ ਕਾਨੂੰਨੀ ਵਿਸ਼ੇ ਉਤੇ ਸੈਮੀਨਾਰ ਆਦਿ ਕਰਦੀ ਹੈ। ਇਸ ਵੇਲੇ ਵਕੀਲ ਮਹਿਲਾਵਾਂ ਦੀ ਇਸ ਸੰਸਥਾ ਦੀ ਪ੍ਰਧਾਨ ਅਨੁਸ਼ਕਾ ਬਲੋਇਮ ਹੈ। ਨਾਰੀ 'ਅਬਲਾ' ਨਹੀਂ ਸਗੋਂ ਅੱਵਲ ਹੈ ਨੂੰ ਬਰਕਰਾਰ ਰੱਖ ਰਹੀਆਂ ਅਤੇ ਵਕਾਲਤ ਦੇ ਖੇਤਰ ਵਿਚ ਆ ਰਹੀਆਂ ਇਨ੍ਹਾਂ ਭਾਰਤੀ ਮਹਿਲਾਵਾਂ ਦੇ ਲਈ ਸ਼ੁੱਭ ਕਾਮਨਾਵਾਂ!

# ਪ੍ਰਸਿੱਧ ਗੀਤਕਾਰ ਤੇ ਲੇਖਕ ਹਰਦਿਆਲ ਸਿੰਘ ਚੀਮਾ (ਸਿਆਟਲ ) ਦੀ ਪਿੰਡ ਮਚਾਕੀ ਮੱਲ ਸਿੰਘ ਵਿਖੇ ਫੇਰੀ

ਪ੍ਰਸਿੱਧ ਪ੍ਰਵਾਸੀ ਪੰਜਾਬੀ ਗੀਤਕਾਰ ਅਤੇ ਲੇਖਕ ਸਰਦਾਰ ਹਰਦਿਆਲ ਸਿੰਘ ਚੀਮਾ ਸਿਆਟਲ ਅੱਜਕਲ੍ਹ ਆਪਣੀ ਪੰਜਾਬ ਫੇਰੀ ਤੇ ਹਨ। ਇਸੇ ਦੌਰਾਨ ਅੱਜ ਉਹਨਾਂ ਨੇ ਫਰੀਦਕੋਟ ਦੇ ਕਈ ਮਿੱਤਰਾਂ ਅਤੇ ਸਨੇਹੀਆਂ ਦੇ ਨਾਲ ਮੁਲਾਕਾਤ ਕੀਤੀ।ਅੱਜ ਉਹ ਆਪਣੇ ਪਰਿਵਾਰ ਸਮੇਤ ਵਰਲਡ ਪੰਜਾਬੀ ਟਾਈਮਜ਼ ਦੀ ਐਂਕਰ ਅਤੇ ਲੇਖਿਕਾ ਰਾਜਨਦੀਪ ਕੌਰ ਮਾਨ ਦੇ ਘਰ ਵਿਖੇ ਪਧਾਰੇ।ਜਿੱਥੇ ਸਾਰੇ ਪਰਿਵਾਰ ਵਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ।ਗੱਲਾਂ ਬਾਤਾਂ ਦੌਰਾਨ ਸਰਦਾਰ ਚੀਮਾ ਦੀ ਨਵੀਂ ਆਈ ਕਿਤਾਬ ' ਕਿਰਤੀ ਸੰਘਰਸ਼ ਜਾਰੀ ਹੈ ' ਬਾਰੇ ਵੀ ਚਰਚਾ ਹੋਈ। ਸਰਦਾਰ ਚੀਮਾ ਨੇ ਆਪਣੀ ਇਸ ਨਵੀਂ






ਕਿਤਾਬ ਵਿੱਚ ਕਿਸਾਨੀ ਸੰਘਰਸ਼ ਬਾਰੇ ਬਹੁਤ ਖ਼ੂਬਸੂਰਤ ਗੀਤ ਲਿਖੇ ਹਨ। ਜਿਨ੍ਹਾਂ ਵਿਚੋਂ ਕਈ ਗੀਤ ਰਿਕਾਰਡ ਹੋ ਚੁੱਕੇ ਹਨ।ਵਿਦੇਸ਼ੀ ਧਰਤੀ ਉਪਰ ਕਈ ਦਹਾਕੇ ਪਹਿਲਾਂ ਤੋਂ ਵਸ ਚੁੱਕੇ ਸਰਦਾਰ ਹਰਦਿਆਲ ਸਿੰਘ ਚੀਮਾ ਜੀ ਆਪਣੇ ਦਿਲ ਵਿੱਚ ਪੰਜਾਬ ,ਪੰਜਾਬੀਅਤ ਅਤੇ ਪੰਜਾਬ ਦੀ ਕਿਸਾਨੀ ਲਈ ਕਿੰਨਾ ਦਰਦ ਚੁੱਕੀ ਫਿਰਦੇ ਹਨ,ਇਸ ਕਿਤਾਬ ਨੂੰ ਪੜ੍ਹਨ ਤੇ ਅੰਦਾਜ਼ਾ ਹੋ ਜਾਂਦਾ ਹੈ। ਉਹਨਾਂ ਦੀ ਬਾ ਕਮਾਲ ਲੇਖਣੀ ਅੱਗੇ ਸਹਿਜੇ ਹੀ ਸਿਰ ਸਿਜਦੇ ਵਜੋਂ ਝੁਕ ਜਾਂਦਾ ਹੈ।ਸਰਦਾਰ ਚੀਮਾ ਅਗਲੇ ਕੁਝ ਦਿਨ ਪੰਜਾਬ ਵਿੱਚ ਹੀ ਹਨ।ਰਾਜਨਦੀਪ ਕੌਰ ਮਾਨ ਵਲੋਂ ਉਹਨਾਂ ਦੀ ਨਵੀਂ ਕਿਤਾਬ ਲਈ ਉਹਨਾਂ ਨੂੰ ਸੁਭ ਕਾਮਨਾਵਾਂ ਦਿੱਤੀਆਂ ਗਈਆਂ।ਉਹਨਾਂ ਦੀ ਇਹ ਫੇਰੀ ਬਹੁਤ ਯਾਦਗਾਰ ਰਹੇਗੀ।

# ਕੁਲਵਿੰਦਰ ਸਿੰਘ ਨੇ ਭਾਰਟਾ ਸਕੂਲ ਦੇ ਜਸਕਰਨ ਦੀ ਦੱਸ ਹਜ਼ਾਰ ਨਾਲ ਸਹਾਇਤਾ ਕੀਤੀ

**ਮਾਹਿਲਪੁਰ–** ਸਰਕਾਰੀ ਮਿਡਲ ਸਕੂਲ ਭਾਰਟਾ ਗਣੇਸ਼ਪੁਰ ਦੇ ਟੌਪਰ ਵਿਦਿਆਰਥੀ ਜਸਕਰਨ ਸਿੰਘ ਨੂੰ ਅਗਲੀ ਕਲਾਸ ਦੀ ਪੜ੍ਹਾਈ ਵਾਸਤੇ ਦਾਨੀ ਕੁਲਵਿੰਦਰ ਸਿੰਘ ਮੋਹਾਲੀ ਨੇ ਦਸ ਹਜ਼ਾਰ ਦੀ ਸਹਾਇਤਾ ਦਿੱਤੀ।ਉਨ੍ਹਾਂ ਇਹ ਰਾਸ਼ੀ ਸਕੂਲ ਮੁਖੀ ਬਲਜਿੰਦਰ ਮਾਨ ਹੱਥੀਂ ਭੇਟ ਕਰਵਾਈ।ਉਨ੍ਹਾਂ ਅੱਗੇ ਕਿਹਾ ਕਿ ਇਹ ਵਿਦਿਆਰਥੀ ਜਿੰਨੀ ਪੜ੍ਹਾਈ ਕਰੇਗਾ ਉਸ ਵੱਲੋ ਖਰਚਾ ਕੀਤਾ ਜਾਵੇਗਾ।ਇੱਥੇ ਇਹ ਜ਼ਿਕਰਯੋਗ ਹੈ ਕਿ ਇਸ ਵਿਦਿਆਰਥੀ ਦੇ ਪਿਤਾ ਸਵਰਗਵਾਸ ਹੋ ਚੁੱਕੇ ਹਨ ਪਰ ਉਹ ਆਪਣੀ ਕਲਾਸ ਵਿੱਚੋਂ ਪਹਿਲੇ ਨੰਬਰ ਤੇ ਹੈ।ਇਸ ਮੌਕੇ ਸਕੂਲ ਮੁਖੀ ਬਲਜਿੰਦਰ ਮਾਨ ਨੇ ਕਿਹਾ ਕਿ ਉਨ੍ਹਾਂ ਦੇ ਸਟਾਫ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਕਿਸੇ ਪ੍ਰਕਾਰ ਦੀ ਮੁਸ਼ਕਲ



ਨਾ ਆਵੇ।ਜਿੱਥੇ ਉਹ ਖ਼ੁਦ ਵਿਦਿਆਰਥੀਆਂ ਦੀ ਹਰ ਲੋੜ ਨੂੰ ਪੂਰਾ ਕਰਦੇ ਹਨ ਉਥੇ ਦਾਨੀ ਸੱਜਣਾਂ ਤੋਂ ਸਹਿਯੋਗ ਵੀ ਲੈ ਕੇ ਵਿਦਿਆਰਥੀਆਂ ਦੀ ਸਹਾਇਤਾ ਵੀ ਕਰਵਾਉਂਦੇ ਹਨ।

ਇਸ ਮੌਕੇ ਮਾਤਾ ਭਜਨ ਕੌਰ ਐਜੂਕੇਸ਼ਨਲ ਟਰੱਸਟ ਵੱਲੋਂ ਹੁਸ਼ਿਆਰ ਵਿਦਿਆਰਥਣ ਸਿਮਰਨ ਕੌਰ ਅਤੇ ਵਿਕਾਸ ਨੂੰ ਵੀ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ।ਐਸ ਐਮ ਸੀ ਦੀ ਚੇਅਰਪਰਸਨ ਮਨਜੀਤ ਕੌਰ ਅਤੇ ਸਰਪੰਚ ਰਛਪਾਲ ਸਿੰਘ ਲਾਲੀ, ਬੱਚੇ ਦੀ ਮਾਤਾ ਸੋਨੀਆ ਵੱਲੋਂ ਦਾਨੀ ਸੱਜਣਾਂ ਦਾ ਵਿਸ਼ੇਸ ਧੰਨਵਾਦ ਕੀਤਾ ਗਿਆ।ਸਟਾਫ਼ ਮੈਂਬਰ ਪਵਨ ਕੁਮਾਰ, ਗੁਰਪ੍ਰੀਤ ਕੌਰ, ਸਤਵੀਰ ਕੌਰ ਅਤੇ ਮਨਜਿੰਦਰ ਸਿੰਘ ਨੇ ਦਾਨੀ ਸੱਜਣਾ ਦੀ ਚੜ੍ਹਦੀ ਕਲਾ ਲਈ ਕਾਮਨਾ ਕੀਤੀ।

# ਰਾਜਪੁਰਾ ਵਿਚ ਸਾਹਿਤਕ ਰੰਗ ਹੇਠ ਸੂਫੀ ਕਵਿਤਰੀ ਅਤੇ ਗਾਇਕ ਸੁਰਿੰਦਰ ਕੌਰ ਬਾੜ੍ਹਾ ਦਾ ਸਨਮਾਨ

**ਰਾਜਪੁਰਾ (ਪੰਜਾਬ) (ਪ੍ਰਮਿੰਦਰ ਪ੍ਰਵਾਨਾ/ ਡਾ. ਅਮਨ)–** ਬੀਤੇ ਦਿਨੀਂ ਲੋਕ ਸਾਹਿਤ ਸੰਗਮ ਰਾਜਪੁਰਾ ਦਾ ਸਾਹਿਤਕ ਰੰਗਾਰੰਗ ਪ੍ਰੋਗਰਾਮ ਡਾ. ਅਮਨ ਦੀ ਅਗਵਾਈ ਹੇਠ ਹੋਇਆ।ਜਿਸ ਵਿਚ ਪਟਿਆਲਾ, ਮੋਹਾਲੀ, ਚੰਡੀਗੜ੍ਹ, ਸਰਹਿੰਦ ਅਤੇ ਰਾਜਪੁਰਾ ਦੇ ਸਾਹਿਤਕਾਰਾਂ ਨੇ ਹਿੱਸਾ ਲਿਆ। ਮੁੱਖ ਮਹਿਮਾਨ ਕਵਿਤਰੀ ਗਾਇਕ ਸੁਰਿੰਦਰ ਕੌਰ ਬਾੜ੍ਹਾ ਦਾ ਵਿਸ਼ੇਸ਼ ਸਨਮਾਨ ਉਹਨਾਂ ਦਾ ਸੂਫੀ ਕਵਿਤਰੀ ਅਤੇ ਗਾਇਕਾ ਦੇ ਤੌਰ ਤੇ ਸਾਹਿਤਕ ਯੋਗਦਾਨ ਲਈ ਕੀਤਾ ਗਿਆ।




ਸਾਹਿਤਕ ਰੰਗਾਰੰਗ ਪ੍ਰੋਗਰਾਮ ਵਿਚ ਸੁਰਿੰਦਰ ਕੌਰ ਬਾੜ੍ਹਾ ਨੇ ਉਚੀ ਹੇਠ ਭਰੀ ਆਵਾਜ਼ ਵਿਚ ਸੂਫੀ ਕਲਾਮ 'ਤੇਰਾ ਇਸ਼ਕ ਨਚਾਉਂਦਾ ਤੇ ਚੈਨ ਨਾ ਆਵੇ' ਗਾ ਕੇ ਸਰੋਤਿਆਂ ਨੂੰ ਕੀਲ ਦਿੱਤਾ। ਹਾਜ਼ਰ ਸਾਹਿਤਕਾਰਾਂ ਨੇ ਗੀਤ ਗਜ਼ਲ ਅਤੇ ਕਵਿਤਾਵਾਂ ਰਾਹੀਂ ਸਾਹਿਤਕ ਰੰਗ ਭਰਿਆ। ਸ਼ਾਮਲ ਸਨ ਰਣਜੀਤ ਸਿੰਘ, ਅੰਗਰੇਜ਼ ਕਲੇਰ, ਗੁਰਵਿੰਦਰ ਅਮਨ (ਨੇ ਤਰੰਨਮ ਵਿਚ ਗਾਇਆ), ਸੁਰਿੰਦਰ ਸਿੰਘ ਸੋਹਣਾ ਰਾਜੇਮਾਹੀਆ, ਕੁਲਵੰਤ ਜੱਸਲ, ਸੁਮਿਤ ਕੁਮਾਰ ਛਾਬੜਾ, ਸਭਾ ਦੇ ਪ੍ਰਧਾਨ ਡਾ. ਗੁਰਵਿੰਦਰ ਸਿੰਘ ਅਮਨ ਨੇ ਆਪਣੀ ਕਵਿਤਾ 'ਬੋਟ ਦੀ ਪ੍ਰਵਾਜ਼' ਸੁਣਾ ਕੇ ਵਿਅੰਗ ਨੂੰ ਸਿਰੇ ਚੜ੍ਹਾਇਆ। ਉਹਨਾਂ ਨੇ ਸੰਗਮ ਵੱਲੋਂ ਸਰੋਤਿਆਂ ਅਤੇ ਕਵੀਆਂ ਦਾ ਧੰਨਵਾਦ ਕੀਤਾ। ਇਹ ਸੁਨੇਹਾ ਦਿੱਤਾ ਕਿ ਕਵੀ ਹਮੇਸ਼ਾ ਸ਼ਬਦਾਂ ਦੀ ਪ੍ਰਵਾਜ਼ ਭਰ ਅੰਬਰਾਂ ਤੇ ਉਡਾਰੀ ਮਾਰਦਾ ਹੈ।

ਰੋਟਰੀ ਕਲੱਬ ਰਾਜਪੁਰਾ ਵਿਚ ਚੱਲੇ ਇਸ ਸਾਹਿਤਕ ਰੰਗ ਦਾ ਮੰਚ ਸੰਚਾਲਨ ਬਲਦੇਵ ਸਿੰਘ ਖੁਰਾਨਾ ਵੱਲੋਂ ਬਾਖੂਬ ਨਿਭਾਇਆ ਗਿਆ। ਉਹਨਾਂ ਦੇ ਸੰਚਾਲਨ ਟੋਟਕੇ ਹਮੇਸ਼ਾ ਸਰੋਤਿਆਂ ਦਾ ਮਨ ਮੋਹ ਲੈਂਦੇ ਹਨ। ਇਸ ਸਾਹਿਤਕ ਰੰਗ ਦੇ ਰੋਚਕ ਅਤੇ ਉਸਾਰੂ ਪ੍ਰੋਗਰਾਮ ਦਾ ਸਭ ਨੇ ਆਨੰਦ ਮਾਣਿਆ।

# ਇਨਟੈਕ ਵਲੋਂ ਜਲਿਆਂ ਵਾਲਾ ਬਾਗ਼ ਦੀ ਵਿਰਾਸਤੀ ਫੇਰੀ




**ਅੰਮ੍ਰਿਤਸਰ–** ਇਨਟੈਕ ਦੇ ਅੰਮ੍ਰਿਤਸਰ ਚੈਪਟਰ ਵਲੋਂ ਅੰਮ੍ਰਿਤਸਰ ਦੇ ਸਕੂਲ ਹੈਰੀਟੇਜ ਕਲੱਬਾਂ ਦੇ ਵਿਦਿਆਰਥੀਆਂ ਨੂੰ ਜਲਿਆਂ ਵਾਲਾ ਬਾਗ਼ ਦੀ ਵਿਰਾਸਤੀ ਫੇਰੀ ਕਰਵਾਈ ਗਈ । ਕਲੱਬਾਂ ਦੇ ਕੋਆਰਡੀਨੇਟਰ ਇੰਜ ਸਵਿੰਦਰ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰਕਿਸ਼ਨ ਪਬਲਿਕ ਸਕੂਲ ਲਿੰਕ ਰੋਡ ਸੁਲਤਾਨਵਿੰਡ,ਹੋਲੀਹਰਟ ਪਬਲਿਕ ਸਕੂਲ, ਸਰਕਾਰੀਆ ਮੌਡਲ ਸੀਨੀਅਰ ਸੈਕੰਡਰੀ ਸਕੂਲ ਮੂਧਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਇਸ ਵਿੱਚ ਭਾਗ ਲਿਆ। ਇਸ ਮੌਕੇ ਤੇ ਪੰਜਾਬ ਦੇ ਸਟੇਟ ਕਨਵੀਨਰ ਡਾਕਟਰ ਸੁਖਦੇਵ ਸਿੰਘ, ਸਾਬਕਾ ਕੋਆਰਡੀਨੇਟਰ ਸ੍ਰੀ ਅੰਮ੍ਰਿਤ ਲਾਲ ਮੰਨਣ ਅਤੇ ਹੋਰ ਇਨਟੈਕ ਮੈਂਬਰ ਵੀ ਸ਼ਾਮਲ ਹੋਏ । ਵਿਦਿਆਰਥੀਆਂ ਨੇ ਜਲਿਆਂ ਵਾਲੇ ਬਾਗ ਦਾ ਆਜ਼ਾਦੀ ਸੰਗਰਾਮ ਵਿੱਚ ਜੋ ਮਹੱਤਵ ਹੈ,ਉਸ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

# ਬਹਿਬਲ ਕਲਾਂ ਕਾਂਡ ਦੇ ਸ਼ਹੀਦਾਂ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ ਵਿੱਚ ਲੱਗੀਆਂ



**ਅੰਮ੍ਰਿਤਸਰ–**2015 ਵਿੱਚ ਵਾਪਰੇ ਬਹਿਬਲ ਕਲਾਂ ਗੋਲੀ ਕਾਂਡ ਵਿੱਚ ਸ਼ਹੀਦ ਹੋਏ ਦੋ ਸਿੱਖ ਨੌਜਵਾਨਾਂ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਸਰਾਵਾਂ ਦੀਆਂ ਤਸਵੀਰਾਂ ਸ਼੍ਰੋਮਣੀ ਕਮੇਟੀ ਨੇ ਕੇਂਦਰੀ ਸਿੱਖ ਅਜਾਇਬਘਰ ਵਿੱਚ ਸਥਾਪਤ ਕੀਤੀਆਂ ਹਨ। ਇਨ੍ਹਾਂ ਤੋਂ ਇਲਾਵਾ ਪੰਜ ਹੋਰ ਸਿੱਖ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਵੀ ਸਥਾਪਤ ਕੀਤੀਆਂ ਗਈਆਂ ਹਨ।

ਅਜਾਇਬ ਘਰ ਵਿੱਚ ਲਗਾਈਆਂ ਗਈਆਂ ਤਸਵੀਰਾਂ ਵਿੱਚ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਹਰਬੰਸ ਸਿੰਘ ਘੁੰਮਣ, ਹਰਿਮੰਦਰ ਸਾਹਿਬ ਦੀ ਨੱਕਾਸ਼ੀ ਵਿਚ ਯੋਗਦਾਨ ਪਾਉਣ ਵਾਲੇ ਜੀਐੱਸ ਸੋਹਨ ਸਿੰਘ, ਸੰਤ ਪ੍ਰਿਥੀਪਾਲ ਸਿੰਘ ਸੱਯਦ, ਇੰਜਨੀਅਰ ਡਾ ਜਸਵੰਤ ਸਿੰਘ ਗਿੱਲ ਤੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਦੀਆਂ ਤਸਵੀਰਾਂ ਵੀ ਸ਼ਾਮਲ ਹਨ।

ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣਾ ਨੇ ਨਿਭਾਈ।

ਇਸ ਮੌਕੇ ਧਾਮੀ ਨੇ ਕਿਹਾ ਕਿ ਸਿੱਖ ਪੰਥ ਦੀ ਸੇਵਾ ਕਰਨ ਵਾਲੇ ਕੌਮ ਲਈ ਸਤਿਕਾਰਯੋਗ ਹਨ ਤੇ ਸਨਮਾਨ ਵਜੋਂ ਉਨ੍ਹਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬਘਰ ਵਿੱਚ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਬਹਿਬਲ ਕਲਾਂ ਵਿੱਚ ਸ਼ਹੀਦ ਹੋਏ ਭਾਈ ਕ੍ਰਿਸ਼ਨ ਭਗਵਾਨ ਸਿੰਘ ਤੇ ਭਾਈ ਗੁਰਜੀਤ ਸਿੰਘ ਸਰਾਵਾਂ ਸਿੱਖੀ ਜਜ਼ਬੇ ਦੀ ਮਿਸਾਲ ਹਨ। ਜਥੇਦਾਰ ਹਰਬੰਸ ਸਿੰਘ ਘੁੰਮਣ ਨੇ ਜੋਧਪੁਰ ਬੰਦੀ ਸਿੱਖਾਂ ਦੀ ਰਿਹਾਈ ਲਈ ਅਹਿਮ ਯਤਨ ਕੀਤੇ ਸਨ।

ਉਨ੍ਹਾਂ ਦੀਆਂ ਇਨ੍ਹਾਂ ਸੇਵਾਵਾਂ ਨੂੰ ਯਾਦ ਰੱਖਦਿਆਂ ਸਨਮਾਨ ਦਿੱਤਾ ਗਿਆ ਹੈ। ਇੰਜਨੀਅਰ ਮਰਹੂਮ ਜਸਵੰਤ ਸਿੰਘ ਗਿੱਲ ਨੇ ਕੋਲੇ ਦੀ ਖਾਨ ਵਿੱਚ ਫਸੇ ਮਜ਼ਦੂਰਾਂ ਦੀ ਜਾਨ ਬਚਾਈ ਸੀ, ਜਿਸ ਲਈ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਐਵਾਰਡ ਵੀ ਮਿਲ ਚੁੱਕਿਆ ਹੈ। ਇਸ ਮੌਕੇ ਇਨ੍ਹਾਂ ਸ਼ਖ਼ਸੀਅਤਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਵੀ ਦਿੱਤੇ ਗਏ।

# ਮੂਸੇਵਾਲਾ ਨੇ ਗੀਤ 'ਚ ਪੰਜਾਬੀਆਂ ਨੂੰ ਕਿਹਾ ਗੱਦਾਰ, ਮਚਿਆ ਹੰਗਾਮਾ

**ਮਾਨਸਾ–**ਆਪਣੇ ਗੀਤਾਂ ਅਤੇ ਹਰਕਤਾਂ ਕਰਕੇ ਅਕਸਰ ਵਿਵਾਦਾਂ 'ਚ ਘਿਰੇ ਰਹਿਣ ਵਾਲੇ ਕਾਂਗਰਸੀ ਨੇਤਾ ਅਤੇ ਪੰਜਾਬ ਗਾਇਕ ਸਿੱਧੂ ਮੂਸੇਵਾਲਾ ਦੇ ਹਾਲ ਹੀ ਚ ਰਿਲੀਜ਼ ਹੋਏ ਇਕ ਗਾਣੇ 'ਤੇ ਆਮ ਆਦਮੀ ਪਾਰਟੀ ਨੇ ਇਤਰਾਜ਼ ਦਰਜ ਕਰਵਾਇਆ ਹੈ ਜਿਸ ਲਈ ਆਮ ਆਦਮੀ ਪਾਰਟੀ ਨੇ ਕਾਂਗਰਸ ਨੂੰ ਮਾਫ਼ੀ ਮੰਗਣ ਲਈ ਵੀ ਕਿਹਾ ਹੈ। ਦਰਅਸਲ ਸ਼ੁਭਦੀਪ ਗਿੱਲ ਉਰਫ਼ ਸਿੱਧੂ ਮੂਸੇਵਾਲਾ ਨੇ ਬੀਤੇ ਕੱਲ੍ਹ ਇਕ ਗਾਣਾ ਕੱਢਿਆ ਸੀ ਜਿਸ ਵਿਚ ਉਨ੍ਹਾਂ ਕਈ ਪੰਜਾਬੀਆਂ ਖਿਲਾਫ਼ ਇਤਰਾਜ਼ਯੋਗ ਸ਼ਬਦਾਂ ਦਾ ਇਸਤੇਮਾਲ ਕੀਤਾ ਹੈ ਜਿਸ 'ਤੇ ਆਮ ਆਦਮੀ ਪਾਰਟੀ ਭੜਕ ਗਈ ਹੈ। ਗਾਇਕ ਤੇ ਕਾਂਗਰਸੀ ਆਗੂ ਸਿੱਧੂ ਮੂਸੇਵਾਲਾ ਦੀ ਪੰਜਾਬੀਆਂ ਨੂੰ ਗੱਦਾਰ ਕਹਿਣ ਵਾਲੀ ਟਿੱਪਣੀ 'ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਟਵੀਟ ਕੀਤਾ ਹੈ। ਬੈਂਸ ਨੇ ਸਿੱਧੂ ਮੂਸੇਵਾਲਾ ਦੇ ਬਿਆਨ ਨੂੰ ਸ਼ਰਮਨਾਕ ਦੱਸਿਆ ਹੈ। ਉਨ੍ਹਾਂ ਲਿਖਿਆ ਹੈ ਕਿ ਸਾਡੇ ਗੁਰੂ ਸਾਹਿਬ ਨੇ ਸਿਖਾਇਆ ਹੈ ਕਿ ਨਿਮਰਤਾ ਸਭ ਤੋਂ ਵੱਡਾ ਗੁਣ ਹੈ। ਹਾਰ ਨੂੰ ਸਬਕ ਵਜੋਂ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਤਨਜ਼ ਕੱਸਦੇ ਹੋਏ ਕਿਹਾ ਕਿ ਲੱਗਦਾ ਹੈ ਕਿ ਮੂਸੇਵਾਲਾ ਨੂੰ ਮਾਨਸਾ ਤੋਂ ਲੜੀ ਚੋਣ 'ਚ ਮਿਲੀ ਹਾਰ ਬਰਦਾਸ਼ ਨਹੀਂ ਹੋ ਰਹੀ, ਇਸ ਲਈ ਉਹ ਗੱਲਾਂ ਕਰ ਰਹੇ ਹਨ। ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਦਿਲੋਂ ਵੋਟਾਂ ਪਾਈਆਂ ਹਨ ਪਰ ਲੋਕਾਂ ਨੂੰ ਗੱਦਾਰ ਦੱਸ ਰਹੇ ਹਨ ਜੋ ਕਿ ਬਹੁਤ ਸ਼ਰਮਨਾਕ ਗੱਲ ਹੈ। 'ਆਪ' ਆਗੂ ਜੀਵਨਜੋਤ ਕੌਰ ਨੇ ਵੀ ਸਿੱਧੂ ਮੂਸੇਵਾਲਾ ਵੱਲੋਂ ਪੰਜਾਬੀਆਂ ਲਈ ਵਰਤੇ



ਇਤਰਾਜ਼ਯੋਗ ਸ਼ਬਦਾਂ ਪ੍ਰਤੀ ਗੁੱਸਾ ਜ਼ਾਹਿਰ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੂੰ ਗੱਦਾਰੀ ਨਹੀਂ ਆਉਂਦੀ। ਹੱਕ ਸੱਚ ਨਾਲ ਖੜ੍ਹਨ ਵਾਲੇ ਪੰਜਾਬੀਆਂ ਲਈ ਅਜਿਹੀ ਇਤਰਾਜ਼ਯੋਗ ਭਾਸ਼ਾ ਵਰਤਣੀ ਮੰਦਭਾਗਾ ਹੈ। ਰੋਪੜ ਤੋਂ ਵਿਧਾਇਕ ਦਿਨੇਸ਼ ਚੱਢਾ ਨੇ ਵੀ ਸਿੱਧੂ ਮੂਸੇਵਾਲਾ ਨੂੰ ਲੰਮੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਚੋਣ ਹਾਰਨ ਤੋਂ ਬਾਅਦ ਲੋਕ ਬੁਖ਼ਲਾਏ ਤਾਂ ਦੇਖੇ ਪਰ ਕਿਸੇ ਨੂੰ ਪਾਗਲ ਹੁੰਦਿਆਂ ਪਹਿਲੀ ਵਾਰ ਦੇਖਇਆ ਹੈ। ਸ਼ਰਮਨਾਕ ਹੈ ਕਿ ਪੰਜਾਬੀ ਤੋਂ ਹੀ ਵੱਡਾ ਨਾਂ ਲੈ ਕੇ ਹੁਣ ਸਿਰਫ਼ ਕੁਰਸੀ ਲਈ ਉਨ੍ਹਾਂ ਹੀ ਗੱਦਾਰ ਕਹਿ ਰਹੇ ਹੋ।

### ਕਾਂਗਰਸੀ ਖੁਦ ਨੂੰ ਇਸ ਵਿਵਾਦ ਤੋਂ ਵੱਖ ਕਰ ਰਹੇ ਨੇ

ਸਿੱਧੂ ਮੂਸੇਵਾਲਾ ਦੇ ਗੀਤ 'ਤੇ ਵਿਵਾਦ ਛਿੜਣ ਮਗਰੋਂ ਕਾਂਗਰਸੀ ਲੀਡਰ ਇਸ ਨਾਲੋਂ ਆਪਣੇ ਆਪ ਨੂੰ ਵੱਖ ਕਰਨ ਲੱਗੇ ਹਨ। ਸੰਸਦ ਮੈਂਬਰ ਗੁਰਜੀਤ ਔਜਲਾ ਨੇ ਕਿਹਾ ਹੈ ਕਿ ਇਹ ਗਾਣਾ ਕਾਂਗਰਸ ਪਾਰਟੀ ਨੇ ਨਹੀਂ ਲਿਖਿਆ ਹਰ ਕਿਸੇ ਦੇ ਆਪਣੇ ਵਿਚਾਰ ਹੋ ਸਕਦੇ ਹਨ। ਪਰਗਟ ਸਿੰਘ ਨੇ ਫੇਸਬੁੱਕ ਉੱਪਰ ਪੋਸਟ ਪਾਉਂਦਿਆ ਕਿਹਾ ਹੈ ਕਿ ਇੱਕ ਗੀਤ ਨੂੰ ਮੁੱਦਾ ਬਣਾ ਕੇ ਖੇਡਾਂ ਖੇਡਣ ਦੀ ਥਾਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਪ ਲੀਡਰਸ਼ਿਪ ਨੂੰ ਤੁਰੰਤ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਅਰਵਿੰਦ ਕੇਜਰੀਵਾਲ ਨੇ ਕਿਸ ਸਮਰੱਥਾ ਤਹਿਤ ਪੰਜਾਬ ਦੇ ਮੁੱਖ ਸਕੱਤਰ ਤੇ ਹੋਰ ਉੱਚ ਅਧਿਕਾਰੀਆਂ ਨੂੰ ਦਿੱਲੀ ਤਲਬ ਕੀਤਾ ਸੀ? ਉਨ੍ਹਾਂ ਕਿਹਾ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਕੇਜਰੀਵਾਲ ਨਹੀਂ ਭਗਵੰਤ ਮਾਨ ਹੈ।

# ਵਿਸਾਖੀ ਨੂੰ ਮੁੱਖ ਰੱਖਕੇ ਪੀਸੀਏ ਵੱਲੋਂ ਗੁਰਦਵਾਰਾ ਸਿੰਘ ਸਭਾ ਵਿਖੇ ਵਿਸ਼ੇਸ਼ ਦੀਵਾਨ ਸਜਾਏ ਗਏ










**ਫਰਿਜ਼ਨੋਂ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਦੇ ਸਮੂਹ ਮੈਂਬਰ ਜਿਹੜੇ ਕਿ ਸਮੇ ਸਮੇ ਸਿਰ ਉਸਾਰੂ ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਪ੍ਰੋਗਰਾਮ ਕਰਵਾਉਣ ਕਰਕੇ ਸਦਾ ਚਰਚਾ ਵਿਚ ਰਹਿੰਦੇ ਹਨ, ਵੱਲੋਂ ਵਿਸਾਖੀ ਦੇ ਮੌਕੇ ਨੂੰ ਮੁਖ ਰੱਖਕੇ ਖ਼ਾਲਸੇ ਦੇ ਸਾਜਨਾ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਦੀਵਾਨ ਸਥਾਨਿਕ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ 7 ਅਪ੍ਰੈਲ ਤੋਂ 10 ਅਪ੍ਰੈਲ ਤੱਕ ਸਜਾਏ ਗਏ। ਇਹਨਾਂ ਦੀਵਾਨਾ ਵਿਚ ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਸਰਬ-ਜੀਤ ਸਿੰਘ ਧੂੰਦਾ ਉਚੇਚੇ ਤੌਰ ਤੇ ਹਾਜ਼ਰੀ ਭਰਨ ਲਈ ਪਹੁੰਚੇ ਹੋਏ ਸਨ ਅਤੇ ਇਹਨਾਂ ਦੀਵਾਨਾ ਦਾ ਮੁੱਖ ਉਦੇਸ਼ ਸਾਡੀ ਨਵੀਂ ਪੀੜ੍ਹੀ ਨੂੰ ਗੁਰੂ ਸਿਧਾਂਤ ਤੋਂ ਜਾਣੂ ਕਰਵਾਉਣਾ ਅਤੇ ਸੰਗਤਾ ਨੂੰ ਸਿੱਖੀ ਨਾਲ ਜੋੜਨਾ ਹੈ। ਇਹਨਾਂ ਦੀਵਾਨਾਂ ਵਿੱਚ ਸੰਗਤਾ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਕੇ ਸ਼ਬਦ ਗੁਰੂ ਦੀ ਵਿਚਾਰ ਭਾਈ ਸਰਬਜੀਤ ਸਿੰਘ ਧੂੰਦਾ ਕੋਲੋ ਸਰਵਣ ਕੀਤੀ।

ਇਸ ਮੌਕੇ ਭਾਈ ਸਰਬਜੀਤ ਸਿੰਘ ਧੂੰਦਾ ਨੇ ਦੀਵਾਨਾ ਵਿੱਚ ਹਾਜ਼ਰੀ ਭਰਕੇ ਸੰਗਤ ਨੂੰ ਵਹਿਮਾਂ ਭਰਮਾ ਦਾ ਪੱਲ੍ਹਾ ਛੱਡਕੇ ਗੁਰੂ ਸ਼ਬਦ ਤੇ ਪਹਿਰਾ ਦੇਣ ਦੀ ਪੁਰਜ਼ੋਰ ਅਪੀਲ ਕੀਤੀ।ਇਸ ਮੌਕੇ ਉਹਨਾਂ ਕਲਾਕਾਰ ਵੀਰਾ ਨੂੰ ਵੀ ਚੰਡੀਗੜ ਦੇ ਮਸਲੇ ਤੇ ਖੁਲ੍ਹਕੇ ਬੋਲਣ ਦੀ ਬੇਨਤੀ ਕੀਤੀ। ਉਹਨਾਂ ਦਰਬਾਰ ਸਹਿਬ ਵਿਖੇ ਬੀਬੀਆਂ ਦੇ ਕੀਰਤਨ ਕਰਨ ਚੇ ਲੱਗੇ ਬੈਂਨ ਤੇ ਬੋਲਦਿਆਂ ਕਿਹਾ ਕਿ ਬੀਬੀਆਂ ਨੂੰ ਆਪਣੇ ਹੱਕ ਆਪ ਲੈਣੇ ਪੈਣੇ ਨੇ। ਉਹਨਾਂ ਕਿਹਾ ਕਿ ਸਿੱਖ ਪੰਥ ਵਿੱਚ ਅਖੌਤੀ ਲੀਡਰ ਤੇ ਕੱਚ ਘਰੜ ਵਿਦਵਾਨ ਬਹੁਤ ਭੰਬਲ ਭੂਸਾ ਫਿਲਾ ਰਹੇ ਹਨ, ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਵੈਸਾਖ ਮਹੀਨਾ, ਭਾਵ ਕਿ ਅਪ੍ਰੈਲ ਮਹੀਨੇ ਦਾ ਹੈ, ਜਦੋਂਕਿ ਇਹ ਨਵੰਬਰ ਵਿੱਚ ਮਨਾਇਆ ਜਾਂਦਾ ਹੈ, ਜਿਹੜਾ ਕਿ ਗਲਤ ਹੈ। ਉਹਨਾਂ ਕਿਹਾ ਕਿ ਪੁਰੇਵਾਲ ਸਾਬ੍ਹ ਨੇ ਬੜੀ ਮਿਹਨਤ ਨਾਲ ਨਿਰੋਲ ਨਾਨਕਸ਼ਾਹੀ ਕਲੰਡਰ ਤਿਆਰ ਕੀਤਾ ਸੀ, ਪਰ ਜਾਣ-ਬੁੱਝਕੇ ਉਸਨੂੰ ਲਾਗੂ ਨਹੀਂ ਕੀਤਾ ਜਾ ਰਿਹਾ।

ਇਸ ਮੌਕੇ ਪੀਸੀਏ ਮੈਂਬਰਾਂ ਨੇ ਭਾਈ ਸਰਬਜੀਤ ਸਿੰਘ ਧੂੰਦਾ ਨੂੰ ਕਿਸਾਨੀ ਸੰਘਰਸ਼ ਵਿੱਚ ਪਾਏ ਯੋਗਦਾਨ ਬਦਲੇ ਗੋਡਲ ਮੈਡਲ ਨਾਲ ਸਨਮਾਨਿਤ ਕੀਤਾ । ਇਸ ਮੌਕੇ ਗੁਰੂ-ਘਰ ਦੇ ਹਜ਼ੂਰੀ ਰਾਗੀ ਡਾਕਟਰ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ-ਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਸਟੇਜ ਸੰਚਾਲਨ ਗੁਰੂਘਰ ਦੇ ਸੈਕਟਰੀ ਗੁਰਪ੍ਰੀਤ ਸਿੰਘ ਮਾਨ ਨੇ ਬਾਖੂਬੀ ਕੀਤਾ ।

ਪੂਰੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਨ ਅਤੇ ਸਾਰੇ ਦੀਵਾਨਾ ਦੀ ਵੀਡੀਓ ਰਿਕਾਰਡਿੰਗ ਅਤੇ ਫੋਟੋਗ੍ਰਾਫੀ ਓਮਨੀ ਵੀਡੀਓ ਵਾਲੇ ਸਿਆਰਾ ਸਿੰਘ ਢੀਡਸਾ ਬੇਕਰਸਫੀਲਡ ਵਾਲਿਆ ਨੇ ਕੀਤੀ। ਪੀਸੀਏ ਵੱਲੋ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਲੰਗਰ ਦੀ ਸੇਵਾ ਭਾਈ ਗੁਰਇਕਬਾਲ ਸਿੰਘ ਅਤੇ ਸਾਥੀਆਂ ਨੇ ਤਨਦੇਹੀ ਨਾਲ ਕੀਤੀ।

# ਗਾਇਕ ਕੰਵਰ ਗਰੇਵਾਲ ਨੇ ਫਰਿਜ਼ਨੋ ਦੇ "ਫਤਿਹ ਮੇਲੇ" ਵਿੱਚ ਖੁੱਲ੍ਹੇ ਅਖਾੜੇ ਦੌਰਾਨ ਕੀਲੇ ਸਰੋਤੇ





**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ)**: ਕੈਲੀਫੋਰਨੀਆਂ ਦਾ ਸ਼ਹਿਰ ਫਰਿਜ਼ਨੋ ਪੰਜਾਬੀਅਤ ਦੀ ਸੰਘਣੀ ਵੱਸੋਂ ਹੋਣ ਕਰਕੇ ਆਪਣੇ ਰਸਮੀਂ ਮੇਲਿਆਂ ਅਤੇ ਤਿਉਹਾਰਾਂ ਨੂੰ ਰਲ ਵੱਡੇ ਇਕੱਠਾ ਵਿੱਚ ਪੂਰੇ ਰਿਵਾਇਤੀ ਢੰਗਾ ਨਾਲ ਮਨਾਉਂਦਾ ਹੈ। ਕੋਵਿੰਡ-19 ਦੀਆਂ ਬੰਦਸ਼ਾਂ ਖੁੱਲਣ ਤੋਂ ਬਾਅਦ ਹੁਣ ਲੋਕ ਫਿਰ ਪੂਰੇ ਰੋਹ ਵਿੱਚ ਆਏ ਹਨ। ਹੁਣ ਮੇਲਿਆਂ, ਨਗਰ ਕੀਰਤਨ ਅਤੇ ਹੋਰ ਭਾਰੀ ਇਕੱਠ ਪਹਿਲਾ ਵਾਂਗ ਸੁਰੂ ਹੋ ਗਏ ਹਨ।

ਇਸੇ ਦੌਰਾਨ ਫਰਿਜ਼ਨੋ ਸ਼ਹਿਰ ਦੇ 'ਵਿਰਸਾ ਫਾਊਡੇਸ਼ਨ' ਦੇ ਗਰੁੱਪ ਵਿੱਚ ਐਸ ਐਮ ਬ੍ਰਦਰਜ਼ (S.M. Brother's), ਬਿੱਲ ਨਿੱਝਰ ਅਤੇ ਐਸ ਡੀ ਐਮ ਸਟਾਰ (SDM Star) ਵੱਲੋਂ ਆਪਣੇ ਸਹਿਯੋਗੀਆਂ ਦੀ ਮਦਦ ਨਾਲ ਫਰਿਜ਼ਨੋ ਗੋਲਫ ਕਲੱਬ ਦੀ ਖੁੱਲ੍ਹੀ ਗਰਾਊਂਡ ਵਿੱਚ "ਫਤਹਿ ਮੇਲਾ" ਕਰਵਾਇਆ ਗਿਆ। ਜਿਸ ਵਿੱਚ ਭਾਰਤ ਵਿੱਚ ਕਿਰਸਾਨੀ ਸੰਘਰਸ਼ ਵਿੱਚ ਮੋਰਚਾ ਫ਼ਤਿਹ ਕਰਨ ਉਪਰੰਤ ਲੋਕ ਪ੍ਰਸਿੱਧ ਗਾਇਕ ਕੰਵਰ ਗਰੇਵਾਲ ਬਤੌਰ ਪ੍ਰਮੁੱਖ ਕਲਾਕਾਰ ਪਹੁੰਚੇ। ਲੋਕਾ ਦੇ ਭਾਰੀ ਇਕੱਠ ਦੌਰਾਨ ਮੇਲੇ ਦੀ ਸੁਰੂਆਤ ਦੌਰਾਨ ਜੀ ਐਚ ਜੀ ਡਾਂਸ ਅਤੇ ਸੰਗੀਤ ਅਕੈਡਮੀਂ ਦੇ ਬੱਚਿਆਂ ਅਤੇ ਹੋਰ ਬੱਚਿਆਂ ਨੇ ਪੰਜਾਬੀ ਗੀਤਾਂ ਉੱਪਰ ਡਾਂਸ, ਗਿੱਧੇ ਅਤੇ ਭੰਗੜੇ ਵਰਗੀਆਂ ਵੰਨਗੀਆਂ ਪੇਸ਼ ਕੀਤੀਆਂ ਗਈਆਂ। ਇਸ ਬਾਅਦ ਚੱਲੇ ਗਾਇਕੀ ਦੇ ਖੁੱਲੇ ਅਖਾੜੇ ਵਿੱਚ ਕੈਲੀਫੋਰਨੀਆਂ ਦੇ ਗਾਇਕ ਕਲਾਕਾਰ ਜੀਤਾ ਗਿੱਲ, ਗਾਇਕ ਪੱਪੀ ਭਦੌੜ ਅਤੇ ਗਾਇਕ ਸੱਤੀ ਪੱਬਲਾ ਨੇ ਹਾਜ਼ਰੀ ਭਰੀ। ਅੰਤ ਵਿੱਚ ਚੱਲੇ ਗਾਇਕੀ ਦੇ ਖੁੱਲ੍ਹੇ ਅਖਾੜੇ ਵਿੱਚ ਗਾਇਕ ਕੰਵਰ ਗਰੇਵਾਲ ਨੇ ਭਾਰਤ ਦੇ ਕਿਰਸਾਨੀ ਅੰਦੋਲਨ ਅਤੇ ਹੋਰ ਗੀਤਾਂ ਰਾਹੀ ਢਾਈ ਘੰਟੇ ਦੇ ਲਗਭਗ ਸਰੋਤਿਆਂ ਨੂੰ ਕੀਲੀ ਰੱਖਿਆ। ਪ੍ਰਬੰਧਕਾਂ ਵੱਲੋਂ ਕਿਰਸਾਨੀ ਸੰਘਰਸ਼ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਕਰਕੇ ਕੰਵਰ ਗਰੇਵਾਲ ਦਾ ਸਨਮਾਨ ਵੀ ਕੀਤਾ ਗਿਆ। ਇਸ ਮੇਲੇ ਦਾ ਮਹੌਲ ਬਾਹਰ ਲੱਗੇ ਵੱਖ-ਵੱਖ ਸਟਾਲਾਂ ਆਦਿਕ ਕਰਕੇ ਪੰਜਾਬ ਦੇ ਮੇਲੇ ਦੀ ਨੁਹਾਰ ਪੇਸ਼ ਕਰ ਰਿਹਾ ਸੀ। ਵਿਦੇਸ਼ੀ ਸਟੇਜ਼ਾ ਦੌਰਾਨ ਕੰਵਰ ਗਰੇਵਾਲ ਨੇ ਵੀ ਖੁੱਲ੍ਹੇ ਅਖਾੜੇ ਵਿੱਚ ਗਾ ਖੁਸ਼ੀ ਪਰਗਟ ਕੀਤੀ। ਮੇਲੇ ਦੌਰਾਨ ਸਟੇਜ਼ ਸੰਚਾਲਨ ਦਾ ਕੰਮ ਸਟੇਜ਼ਾ ਦੀ ਮਲਕਾ ਪੰਜਾਬੀਅਤ ਦਾ ਮਾਣ ਬੀਬੀ ਆਸ਼ਾ ਸ਼ਰਮਾਂ ਨੇ ਬਾਖੂਬੀ ਸਾਇਰਨਾਂ ਅੰਦਾਜ ਵਿੱਚ ਕੀਤਾ। ਉਚੇਚੇ ਪ੍ਰਬੰਧਾਂ ਲਈ ਪ੍ਰਬੰਧਕ ਵੀਰ ਵਧਾਈ ਦੇ ਪਾਤਰ ਨੇ। ਦਰਸ਼ਕਾਂ ਦਾ ਠਾਠਾਂ ਮਾਰਦਾ ਇਕੱਠ, ਲੱਗਦੇ ਨਾਅਰੇ, ਝੂਲਦੇ ਕਿਸਾਨੀ ਝੰਡੇ ਟਿਕਰੀ ਬਾਡਰ ਦੀ ਯਾਦ ਤਾਜਾ ਕਰਵਾ ਰਹੇ ਸਨ। ਆਸਟਰੇਲੀਆ ਵਾਲੇ ਪੱਤਰਕਾਰ ਮਿੰਟੂ ਬਰਾੜ ਨੇ ਵੀ ਮੇਲੇ ਵਿੱਚ ਖ਼ਾਸ ਤੌਰ ਤੇ ਹਾਜਰੀ ਭਰੀ। ਪ੍ਰਬੰਧਕਾਂ ਵਿੱਚ ਬਿੱਟੂ ਕੁੱਸਾ, ਜਸਵੀਰ ਸਰਾਏ, ਮਿੰਟੂ ਧਾਲੀਵਾਲ, ਰਾਜ ਧਾਲੀਵਾਲ, ਬੌਬੀ ਸਿੱਧੂ, ਸਨੀ ਮਹੇਟ ਅਤੇ ਬਿੱਲ ਨਿੱਝਰ ਨੇ ਸਭਨਾਂ ਦਾ ਮੇਲੇ ਨੂੰ ਕਾਮਯਾਬ ਕਰਨ ਲਈ ਧੰਨਵਾਦ ਕੀਤਾ। ਅੰਤ ਪੰਜਾਬ, ਪੰਜਾਬੀਅਤ ਵਿੱਚ ਰੰਗਿਆ ਇਹ ਮੇਲਾ ਆਪਣੀਆਂ ਯਾਦਗਾਰੀ ਪੈੜਾ ਛੱਡ ਸਮਾਪਤ ਹੋਇਆ।




# ਸਕਾਟਲੈਂਡ: ਇੱਕ ਮਿਲੀਅਨ ਪਰਿਵਾਰ ਨਹੀਂ ਬਣੇ ਮਰਦਮਸ਼ੁਮਾਰੀ ਦਾ ਹਿੱਸਾ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-** ਸਕਾਟਲੈਂਡ ਵਿੱਚ ਇਸ ਸਾਲ ਹੋਈ ਮਰਦਮਸ਼ੁਮਾਰੀ ਵਿੱਚ ਤਕਰੀਬਨ ਇੱਕ ਮਿਲੀਅਨ ਲੋਕ ਆਪਣਾ ਫਾਰਮ ਭਰ ਕੇ ਵਾਪਸ ਭੇਜਣ ਵਿੱਚ ਅਸਫਲ ਰਹੇ ਹਨ। ਸਾਹਮਣੇ ਆਇਆ ਹੈ ਕਿ 2011 ਵਿੱਚ ਹੋਈ ਮਰਦਮਸ਼ੁਮਾਰੀ ਦੇ ਮੁਕਾਬਲੇ 2022 ਦੀ ਮਰਦਮਸ਼ੁਮਾਰੀ ਵਿੱਚ ਬਹੁਤ ਘੱਟ ਲੋਕਾਂ ਨੇ ਹਿੱਸਾ ਲਿਆ। ਇਸ ਵਾਰ ਸਿਰਫ਼ 60 ਫ਼ੀਸਦੀ ਸਕਾਟਿਸ਼ ਲੋਕਾਂ ਨੇ 20 ਮਾਰਚ ਦੇ ਸਰਕਾਰੀ ਦਿਨ ਤੋਂ 15 ਦਿਨਾਂ ਬਾਅਦ ਆਨਲਾਈਨ ਜਾਂ ਡਾਕ ਰਾਹੀਂ ਫਾਰਮ ਭਰੇ ਪਰ 2011 ਵਿੱਚ 74 ਫ਼ੀਸਦੀ ਨੇ ਸਿਰਫ਼ 10 ਦਿਨਾਂ ਵਿੱਚ ਹੀ ਆਪਣੇ ਜਨਗਣਨਾ ਫਾਰਮ ਵਾਪਸ ਕਰ ਦਿੱਤੇ ਸਨ। ਇਸ ਵਾਰ ਜਨਗਣਨਾ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ ਜਾਂ ਗਲਤ ਜਾਣਕਾਰੀ ਦੇਣ ਲਈ ਲੋਕਾਂ ਨੂੰ 1,000 ਪੌਂਡ ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ।

ਨੈਸ਼ਨਲ ਰਿਕਾਰਡ ਸਕਾਟਲੈਂਡ ਦੀ ਰਿਪੋਰਟ ਅਨੁਸਾਰ 2011 ਦੀ ਮਰਦਮਸ਼ੁਮਾਰੀ ਵੇਲੇ




ਸਕਾਟਲੈਂਡ ਵਿੱਚ 2,372,777 (74 ਪ੍ਰਤੀਸ਼ਤ) ਪਰਿਵਾਰ ਸਨ ਜਿਹਨਾਂ ਨੇ ਫਾਰਮ 10 ਦਿਨਾਂ ਵਿੱਚ ਭਰ ਦਿੱਤੇ ਸਨ। ਇਸਦਾ ਮਤਲਬ ਲਗਭਗ 617,000 ਫਾਰਮ ਭਰਨ ਲਈ ਬਚੇ ਸਨ, ਜਦੋਂ ਕਿ ਲਗਭਗ 1.8 ਮਿਲੀਅਨ ਵਾਪਸ ਆ ਗਏ ਸਨ। 2011 ਵਿੱਚ ਸਮੁੱਚੀ ਸੰਪੂਰਨਤਾ ਦਰ 94 ਪ੍ਰਤੀਸ਼ਤ ਸੀ ਐੱਨ ਆਰ ਐੱਸ ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਸਕਾਟਲੈਂਡ ਵਿੱਚ 2,507,625 ਪਰਿਵਾਰ ਹਨ, ਮਤਲਬ ਕਿ ਲਗਭਗ 1-5 ਮਿਲੀਅਨ ( ਲਗਭਗ 60 ਪ੍ਰਤੀਸ਼ਤ) ਨੇ 15 ਦਿਨਾਂ ਵਿੱਚ ਆਪਣੀ ਜਨਗਣਨਾ ਭਰ ਦਿੱਤੀ ਹੈ। ਇਸ ਸਾਲ ਐੱਨ ਆਰ ਐੱਸ ਅਨੁਸਾਰ ਮਰਦਮਸ਼ੁਮਾਰੀ ਵਾਲੇ ਦਿਨ ਤੋਂ 15 ਦਿਨ ਬਾਅਦ ਲਗਭਗ 10 ਲੱਖ ਪਰਿਵਾਰਾਂ ਨੂੰ ਅਜੇ ਵੀ ਜਨਗਣਨਾ ਭਰਨ ਦੀ ਲੋੜ ਹੈ, ਜੋ ਕਿ 1 ਮਈ ਤੱਕ ਪੂਰੀ ਹੋ ਜਾਣੀ ਹੈ। ਐੱਨ ਆਰ ਐੱਸ ਦੇ ਬੁਲਾਰੇ ਅਨੁਸਾਰ ਜਨਗਣਨਾ ਨੂੰ ਪੂਰਾ ਕਰਨਾ ਇੱਕ ਕਾਨੂੰਨੀ ਜਿੰਮੇਵਾਰੀ ਹੈ ਅਤੇ ਪਰਿਵਾਰਾਂ ਕੋਲ ਇਸ ਨੂੰ ਭਰਨ ਲਈ 1 ਮਈ ਤੱਕ ਦਾ ਸਮਾਂ ਹੈ।

# ਯੂਕੇ: ਐੱਨ ਐੱਚ ਐੱਸ ਟਰੱਸਟ ਦੁਆਰਾ ਯੂਕਰੇਨ ਨੂੰ ਦਿੱਤੀਆਂ ਜਾਣਗੀਆਂ ਐਂਬੂਲੈਂਸਾਂ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-** ਰੂਸੀ ਹਮਲੇ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਦੇਸ਼ ਯੂਕਰੇਨ ਵਿੱਚ ਸਿਹਤ ਸੇਵਾਵਾਂ ਦੀ ਬਿਹਤਰੀ ਲਈ ਯੂਕੇ ਵੱਲੋਂ ਐਂਬੂਲੈਂਸਾਂ ਪ੍ਰਦਾਨ ਕੀਤੀਆਂ ਜਾਣਗੀਆਂ। ਯੂਕੇ ਸਰਕਾਰ ਦਾ ਕਹਿਣਾ ਹੈ ਕਿ ਐੱਨ ਐੱਚ ਐੱਸ ਟਰੱਸਟ ਰੂਸੀ ਬੰਬਾਰੀ ਦੌਰਾਨ ਨੁਕਸਾਨੀਆਂ ਗਈਆਂ ਗੱਡੀਆਂ ਨੂੰ ਬਦਲਣ ਵਿੱਚ ਮਦਦ ਕਰਨ ਲਈ ਯੂਕਰੇਨ ਨੂੰ ਐਂਬੂਲੈਂਸਾਂ ਦਾ ਇੱਕ ਫਲੀਟ ਦਾਨ ਕਰੇਗਾ। ਵਿਦੇਸ਼ ਦਫਤਰ ਨੇ ਕਿਹਾ ਕਿ 20 ਐਂਬੂਲੈਂਸਾਂ ਦਾ ਇਹ ਦਾਨ ਯੂਕਰੇਨ ਦੀਆਂ ਐਮਰਜੈਂਸੀ ਸੇਵਾਵਾਂ ਨੂੰ ਬਿਹਤਰ ਕਰਨ ਵਿੱਚ ਮਦਦ ਕਰੇਗਾ। ਇਹਨਾਂ ਵਾਹਨਾਂ ਦੇ ਇਸ ਹਫਤੇ ਦੇ ਅੰਤ ਵਿੱਚ ਸਭ ਤੋਂ ਵੱਧ ਲੋੜ ਵਾਲੇ ਖੇਤਰਾਂ ਵਿੱਚ ਲਿਜਾਣ ਤੋਂ ਪਹਿਲਾਂ ਯੂਕਰੇਨ ਦੇ ਪੱਛਮੀ ਸ਼ਹਿਰ ਲਵੀਵ ਵਿੱਚ ਪਹੁੰਚਣ ਦੀ ਉਮੀਦ ਹੈ।




ਵਿਭਾਗ ਨੇ ਕਿਹਾ ਕਿ ਉਹ ਗੋਲਾਬਾਰੀ ਕਾਰਨ ਤਬਾਹ ਹੋਈਆਂ ਯੂਕਰੇਨੀ ਐਂਬੂਲੈਂਸਾਂ ਨੂੰ ਬਦਲਣ ਵਿੱਚ ਮਦਦ



ਕਰਨਗੇ ਅਤੇ ਪਿਛਲੇ ਮਹੀਨੇ ਮਾਰੀਉਪੋਲ ਦੇ ਘੇਰਾਬੰਦੀ ਵਾਲੇ ਬੰਦਰਗਾਹ ਵਾਲੇ ਸ਼ਹਿਰ ਵਿੱਚ ਇੱਕ ਪ੍ਰਸੂਤੀ ਹਸਪਤਾਲ 'ਤੇ

ਇਹਨਾਂ ਵਿੱਚ ਦੱਖਣੀ ਕੇਂਦਰੀ ਐਂਬੂਲੈਂਸ ਸੇਵਾ ਫਾਊਂਡੇਸ਼ਨ ਟਰੱਸਟ ਦੁਆਰਾ ਮੁਹੱਈਆ ਕਰਵਾਈਆਂ ਜਾ ਰਹੀਆਂ ਚਾਰ ਐਂਬੂਲੈਂਸਾਂ ਵੀ ਸ਼ਾਮਲ ਹਨ। ਜਿਕਰਯੋਗ ਹੈ ਕਿ ਯੂਕਰੇਨ ਲਈ ਯੂਕੇ ਸਭ ਤੋਂ ਵੱਡੇ ਸਹਾਇਤਾ ਦਾਨੀਆਂ ਵਿੱਚੋਂ ਇੱਕ ਰਿਹਾ ਹੈ, ਜੋ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਭੋਜਨ, ਦਵਾਈਆਂ ਅਤੇ ਜਨਰੇਟਰ ਪ੍ਰਦਾਨ ਕਰਦਾ ਹੈ। ਇਹ ਐਂਬੂਲੈਂਸਾਂ ਹੁਣ ਸੰਘਰਸ਼ ਵਿੱਚ ਜ਼ਖਮੀ ਹੋਏ ਲੋਕਾਂ ਨੂੰ ਜੀਵਨ ਬਚਾਉਣ ਦੀ ਦੇਖਭਾਲ ਪ੍ਰਦਾਨ ਕਰਨਗੀਆਂ। ਇਸਦੇ ਇਲਾਵਾ ਵਿਦੇਸ਼ ਦਫਤਰ ਦੇ ਅਨੁਸਾਰ, ਯੂਕੇ ਨੇ ਯੂਕਰੇਨ ਨੂੰ 380,000 ਦਵਾਈਆਂ ਦੇ ਪੈਕ ਅਤੇ 3,000 ਬਾਲਗ ਰੀਸੂਸੀਟੇਟਰਾਂ ਸਮੇਤ ਮੈਡੀਕਲ ਸਪਲਾਈ ਦੀਆਂ ਮਿਲੀਅਨ ਤੋਂ ਵੱਧ ਵਸਤੂਆਂ ਦਾਨ ਕੀਤੀਆਂ ਹਨ।

# ਅਮਰੀਕਾ 'ਚ ਭਾਰਤੀ ਵਿਦਿਆਰਥੀ 12 ਫੀਸਦੀ ਵਧੇ, ਚੀਨੀ ਵਿਦਿਆਰਥੀ 8 ਫੀਸਦੀ ਘਟੇ

**ਵਾਸ਼ਿੰਗਟਨ-** ਅਮਰੀਕਾ ਵਿੱਚ 2021 ਵਿੱਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ 12 ਫੀਸਦੀ ਤੋਂ ਵੱਧ ਦਾ ਵਾਧਾ ਹੋਇਆ ਹੈ, ਜਦਕਿ ਚੀਨੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਅੱਠ ਫੀਸਦੀ ਤੋਂ ਵੱਧ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਹ ਜਾਣਕਾਰੀ ਬੁੱਧਵਾਰ ਨੂੰ ਇਕ ਸਰਕਾਰੀ ਰਿਪੋਰਟ 'ਚ ਮਿਲੀ ਹੈ। ਸਭ ਤੋਂ ਵੱਧ ਚੀਨੀ ਵਿਦਿਆਰਥੀ ਪੜ੍ਹਾਈ ਲਈ ਅਮਰੀਕਾ ਆਉਂਦੇ ਹਨ। ਯੂਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂਐਸਸੀਆਈਐਸ) ਨੇ ਆਪਣੀ ਸਾਲਾਨਾ ਰਿਪੋਰਟ ਵਿੱਚ ਕਿਹਾ ਹੈ ਕਿ ਕੋਵਿਡ -19 ਮਹਾਂਮਾਰੀ 2021 ਵਿੱਚ ਅਮਰੀਕਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਨੂੰ ਪ੍ਰਭਾਵਤ ਕਰ ਰਹੀ ਹੈ। ਸਟੂਡੈਂਟਸ ਐਂਡ ਐਕਸਚੇਂਜ ਵਿਜ਼ਿਟਰ ਇਨਫਰਮੇਸ਼ਨ ਸਿਸਟਮ (SEVIS) ਦੇ ਸਰਗਰਮ F-1 ਅਤੇ M-1 ਵਿਦਿਆਰਥੀਆਂ ਦੀ ਕੁੱਲ ਸੰਖਿਆ 2021 ਵਿੱਚ 12,36,748 ਰਹੀ, ਜੋ ਕਿ 2020 ਤੋਂ 1.2 ਪ੍ਰਤੀਸ਼ਤ ਘੱਟ ਹੈ। F-1 ਅਤੇ M-1 ਦੋ ਗੈਰ-ਪ੍ਰਵਾਸੀ ਵਿਦਿਆਰਥੀ ਵੀਜ਼ੇ ਹਨ। J-1 ਇੱਕ ਗੈਰ-ਪ੍ਰਵਾਸੀ ਵਿਦਿਆਰਥੀ ਵੀਜ਼ਾ ਵੀ ਹੈ ਪਰ ਜ਼ਿਆਦਾਤਰ ਖੋਜ ਪ੍ਰੋਗਰਾਮਾਂ ਲਈ ਦਿੱਤਾ ਜਾਂਦਾ ਹੈ। 2021 ਵਿੱਚ, ਵਿਦਿਆਰਥੀ ਅਤੇ ਐਕਸਚੇਂਜ ਵਿਜ਼ਿਟਰ ਪ੍ਰੋਗਰਾਮ (SEVP) ਦੁਆਰਾ ਪ੍ਰਮਾਣਿਤ 8,038 ਸਕੂਲ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਰਜਿਸਟਰ ਕਰਨ ਦੇ ਯੋਗ ਸਨ। ਇਸ ਤੋਂ



ਪਹਿਲਾਂ 2020 ਵਿੱਚ ਇਨ੍ਹਾਂ ਸਕੂਲਾਂ ਦੀ ਗਿਣਤੀ 8,369 ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਚੀਨ ਅਤੇ ਭਾਰਤ ਵਿੱਚ ਏਸ਼ੀਆ ਮਹਾਂਦੀਪ ਨਾਲੋਂ ਵੱਧ ਵਿਦਿਆਰਥੀ ਹਨ। ਹਾਲਾਂਕਿ, 2020 ਦੇ ਮੁਕਾਬਲੇ 2021 ਵਿੱਚ ਚੀਨ ਤੋਂ ਘੱਟ ਵਿਦਿਆਰਥੀ ਆਏ, ਜਦੋਂ ਕਿ ਭਾਰਤ ਨੇ ਵਧੇਰੇ ਵਿਦਿਆਰਥੀ ਭੇਜੇ। ਇਸ ਵਿਚ ਕਿਹਾ ਗਿਆ ਹੈ ਕਿ 37 ਫੀਸਦੀ ਭਾਰਤੀ ਵਿਦਿਆਰਥੀ ਔਰਤਾਂ ਹਨ। ਕੁੱਲ ਮਿਲਾ ਕੇ, ਚੀਨ 3,48,992 ਵਿਦਿਆਰਥੀਆਂ ਨੂੰ ਅਮਰੀਕਾ ਭੇਜ ਕੇ ਸੂਚੀ ਵਿਚ ਸਿਖਰ 'ਤੇ ਬਣਿਆ ਹੋਇਆ ਹੈ। ਇਸੇ ਤਰ੍ਹਾਂ ਭਾਰਤ ਤੋਂ 2,35,851 ਵਿਦਿਆਰਥੀ ਅਮਰੀਕਾ ਆਏ ਹਨ। ਇਸ ਤੋਂ ਬਾਅਦ ਦੱਖਣੀ ਕੋਰੀਆ ਤੋਂ 58,787, ਕੈਨੇਡਾ ਤੋਂ 37,453, ਬ੍ਰਾਜ਼ੀਲ ਤੋਂ 33,552, ਵੀਅਤਨਾਮ ਤੋਂ 29,597, ਸਾਊਦੀ ਅਰਬ ਤੋਂ 28,600, ਤਾਈਵਾਨ ਤੋਂ 25,406, ਜਾਪਾਨ ਤੋਂ 20,144 ਅਤੇ ਮੈਕਸੀਕੋ ਤੋਂ 19,680 ਵਿਦਿਆਰਥੀ ਹਨ। ਰਿਪੋਰਟ ਦੇ ਅਨੁਸਾਰ, ਪਿਛਲੇ ਸਾਲ ਏਸ਼ੀਆ ਅਤੇ ਆਸਟ੍ਰੇਲੀਆ/ਪ੍ਰਸ਼ਾਂਤ ਟਾਪੂ ਖੇਤਰਾਂ ਤੋਂ ਅਮਰੀਕਾ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਮੀ ਆਈ ਹੈ ਜਦੋਂ ਕਿ ਬਾਕੀ ਸਾਰੇ ਮਹਾਂਦੀਪਾਂ ਦੇ ਵਿਦਿਆਰਥੀਆਂ ਵਿੱਚ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਭਾਰਤ ਅਤੇ ਚੀਨ ਤੋਂ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ 71-9 ਫੀਸਦੀ ਹੈ।

# ਨਿਊਯਾਰਕ ਦੇ ਬਰੁਕਲਿਨ ਦੇ ਸਬਵੇ ਮੈਟਰੋ ਸਟੇਸ਼ਨ 'ਤੇ ਹਮਲਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ ਫਰਿਜਨੋ (ਕੈਲੀਫੋਰਨੀਆਂ)-** 2001 ਵਿੱਚ ਹੋਏ ਅੱਤਵਾਦੀ



ਹਮਲੇ ਦੇ 21 ਪਿੱਛੋਂ ਨਿਊਯਾਰਕ ਦੇ ਬਰੁਕਲਿਨ ਦੇ ਸਬਵੇ ਮੈਟਰੋ ਸਟੇਸ਼ਨ 'ਤੇ ਇੱਕ ਵਾਰ ਫੇਰ ਵੱਡਾ ਹਮਲਾ ਹੋਇਆ। ਜਿਸ 'ਚ 16 ਲੋਕ ਜਖਮੀ ਹੋਏ। ਇਸ ਹਮਲੇ ਦੌਰਾਨ ਘੱਟੋ ਘੱਟ 10 ਲੋਕਾਂ ਨੂੰ ਗੋਲੀ ਲੱਗੀ, ਅਤੇ ਇੱਕ ਬੰਬ ਵੀ ਫਟਿਆ ਦੱਸਿਆ ਜਾ ਰਿਹਾ ਹੈ। ਫਾਈਰਿੰਗ ਤੋਂ ਬਾਅਦ ਨਿਊਯਾਰਕ 'ਚ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਸ਼ੁਰੂਆਤੀ ਜਾਂਚ ਤੋਂ ਬਾਅਦ ਦੱਸਿਆ ਜਾ ਰਿਹਾ ਹੈ ਕਿ ਗੋਲੀ ਚਲਾਉਣ ਵਾਲਾ



ਵਿਅਕਤੀ ਮੈਟਰੋ ਸਟੇਸ਼ਨ 'ਚ ਕੰਸਟ੍ਰਕਸ਼ਨ ਵਰਕਰ ਦੇ ਕੱਪੜਿਆਂ 'ਚ ਆਇਆ ਸੀ। ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਸਾਰੇ ਸੀਸੀਟੀਵੀ ਕੈਮਰੇ ਖੰਗਾਲੇ ਜਾ ਰਹੇ ਹਨ ਅਤੇ ਦੋਸ਼ੀ ਦੀ ਭਾਲ ਜਾਰੀ ਹੈ। ਫਿਲਹਾਲ ਹੀ ਇਹ ਅੱਤਵਾਦੀ ਘਟਨਾ ਹੈ ਜਾਂ ਫ਼ਿਰ ਕੋਈ ਸਾਜ਼ਿਸ਼ ਇਸ ਦੀ ਅਜੇ ਤੱਕ ਕੋਈ ਪੁਸ਼ਟੀ ਨਹੀਂ ਹੋ ਪਾਈ ਹੈ।

# ਕ੍ਰਿਕਟਰ ਜੈਸੂਰੀਆ ਨੇ ਭਾਰਤ ਨੂੰ ਕਿਹਾ 'ਵੱਡਾ ਭਰਾ', ਮਦਦ ਲਈ ਮੋਦੀ ਦਾ ਧੰਨਵਾਦ

**ਕੋਲੰਬੋ-** ਆਰਥਿਕ ਸੰਕਟ ਵਿੱਚੋਂ ਲੰਘ ਰਹੇ ਸ੍ਰੀਲੰਕਾ ਲਈ ਭਾਰਤ ਨੇ ਮਦਦ ਦਾ ਹੱਥ ਵਧਾਇਆ ਹੈ। ਪਿਛਲੇ 24 ਘੰਟਿਆਂ ਵਿੱਚ 36,000 ਮੀਟ੍ਰਿਕ ਟਨ ਪੈਟਰੋਲ ਅਤੇ 40,000 ਮੀਟ੍ਰਿਕ ਟਨ ਡੀਜ਼ਲ ਦੀ ਖੇਪ ਟਾਪੂ ਦੇਸ਼ ਲਈ ਰਵਾਨਾ ਕੀਤੀ ਗਈ ਹੈ। ਇਸ 'ਤੇ ਸ਼੍ਰੀਲੰਕਾ ਦੇ ਸਾਬਕਾ ਕ੍ਰਿਕਟਰ ਸਨਥ ਜੈਸੂਰੀਆ ਨੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਭਾਰਤ ਨੂੰ 'ਵੱਡਾ ਭਰਾ' ਦੱਸਦੇ ਹੋਏ ਉਨ੍ਹਾਂ ਨੇ ਮਦਦ ਭੇਜਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ। ਦੱਸ ਦੇਈਏ ਕਿ 24 ਘੰਟਿਆਂ ਵਿੱਚ ਭਾਰਤ ਤੋਂ ਸ਼੍ਰੀਲੰਕਾ ਨੂੰ 76 ਹਜ਼ਾਰ ਟਨ ਈਂਧਨ ਭੇਜਿਆ ਗਿਆ ਹੈ। ਸ੍ਰੀਲੰਕਾ ਦਾ ਆਰਥਿਕ ਸੰਕਟ ਕਿੰਨਾ ਡੂੰਘਾ ਹੋ ਗਿਆ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਬਾਲਣ, ਰਸੋਈ ਗੈਸ ਲਈ ਲੰਬੀਆਂ ਲਾਈਨਾਂ ਲੱਗੀਆਂ ਹੋਈਆਂ ਹਨ। ਲੋਕ ਪੈਟਰੋਲ ਪੰਪਾਂ 'ਤੇ ਪੈਟਰੋਲ ਅਤੇ ਡੀਜ਼ਲ ਲਈ ਕਈ-ਕਈ ਘੰਟੇ ਇੰਤਜ਼ਾਰ ਕਰਨ ਲਈ ਮਜਬੂਰ ਹਨ। ਜ਼ਰੂਰੀ ਵਸਤਾਂ ਦੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ ਅਤੇ ਹੋਰ ਘੰਟਿਆਂ ਦੇ ਬਿਜਲੀ ਕੱਟਾਂ ਤੋਂ ਲੋਕ ਤੰਗ ਆ ਚੁੱਕੇ ਹਨ। ਭਾਰਤ ਦੀ ਮਦਦ ਕਰਨ ਬਾਰੇ ਜੈਸੂਰੀਆ ਨੇ ਕਿਹਾ ਕਿ ਸਾਡੇ ਦੇਸ਼ ਦੇ ਗੁਆਂਢੀ ਅਤੇ ਵੱਡੇ ਭਰਾ ਹੋਣ ਦੇ ਨਾਤੇ ਭਾਰਤ ਨੇ ਹਮੇਸ਼ਾ ਸਾਡੀ ਮਦਦ ਕੀਤੀ ਹੈ। ਅਸੀਂ



ਭਾਰਤ ਸਰਕਾਰ ਅਤੇ ਪ੍ਰਧਾਨ ਮੰਤਰੀ ਮੋਦੀ ਦੇ ਧੰਨਵਾਦੀ ਹਾਂ। ਮੌਜੂਦਾ ਹਾਲਾਤਾਂ ਕਾਰਨ ਸਾਡੇ ਲਈ ਇਸ ਸਥਿਤੀ ਵਿੱਚ ਰਹਿਣਾ ਆਸਾਨ ਨਹੀਂ ਹੈ। ਭਾਰਤ ਅਤੇ ਹੋਰ ਦੇਸ਼ਾਂ ਦੀ ਮਦਦ ਨਾਲ ਅਸੀਂ ਇਸ ਸੰਕਟ ਵਿੱਚੋਂ ਨਿਕਲਣ ਦੀ ਉਮੀਦ ਕਰਦੇ ਹਾਂ।

ਜਨਮ ਦਿਨ 'ਤੇ ਵਿਸ਼ੇਸ਼

# ਲੋਕ ਕਵੀ ਸੰਤ ਰਾਮ ਉਦਾਸੀ ਨੂੰ ਯਾਦ ਕਰਦਿਆਂ



ਗੁਰਤੇਜ ਮੱਲੂਮਾਜਰਾ
91-98144-75783

ਮਾਂ ਧਰਤੀਏ !ਤੇਰੀ ਗੋਦ ਨੂੰ ਚੰਨ ਹੋਰ ਬਥੇਰੇ ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ ।

ਸੰਤ ਰਾਮ ਉਦਾਸੀ ਦਾ ਜਨਮ 20 ਅਪ੍ਰੈਲ,1939 ਨੂੰ ਪਿਤਾ ਸ।ਮਿਹਰ ਸਿੰਘ ਦੇ ਘਰ ਮਾਤਾ ਧਨ ਕੌਰ ਦੀ ਕੁੱਖੋਂ ਪਿੰਡ ਰਾਏਸਰ( ਅਜੋਕੇ ਜ਼ਿਲ੍ਹਾ ਬਰਨਾਲਾ) ਵਿੱਚ ਹੋਇਆ ਸੀ। ਉਸ ਦੇ ਵੱਡੇ-ਵਡੇਰੇ ਭਾਈਕੇ ਦਿਆਲਪੁਰਾ ਪਿੰਡ ਤੋਂ ਆ ਕੇ ਪਹਿਲਾਂ ਰਾਏਸਰ ਵਸੇ ਅਤੇ ਫਿਰ ਸਰਸਾ ਸ਼ਹਿਰ ਕੋਲ ਜਗਮਲੇਰੇ ਪਿੰਡ 'ਚ ਵੀ ਰਹੇ ਸਨ । ਪਿੰਡ ਮੂੰਮ ਦੇ ਡੇਰੇ ਵਿਚ ਇੱਕ ਸਾਧੂ (ਈਸ਼ਰ ਦਾਸ) ਦਾ ਬਸੇਰਾ ਸੀ ।ਜਿੱਥੋਂ ਸੰਤ ਰਾਮ ਉਦਾਸੀ ਦੀਆਂ ਅੱਖਾਂ ਦੀ ਬਿਮਾਰੀ ਨੂੰ ਕੁਝ ਆਰਾਮ ਆਇਆ ਸੀ ।ਉਸ ਦੀ ਮਾਤਾ ਨੇ ਡੇਰੇ ਸੁੱਖਿਆ ਸੀ ਕਿ, ਇਹਦੀ ਬਿਮਾਰੀ ਠੀਕ ਹੋ ਜਾਏ, ਇਸ ਨੂੰ ਡੇਰੇ ਹੀ ਚੜ੍ਹਾਅ ਦੇਵੇਗੀ। ਪ੍ਰੰਤੂ ਉਸ ਡੇਰੇ ਦੇ ਸਾਧੂ ਨੇ ਅਜਿਹਾ ਕਰਨ ਤੋਂ ਰੋਕਿਆ ਅਤੇ ਇਸ ਬਾਲਕ ਨੂੰ ਸਕੂਲ ਵਿੱਚ ਦਾਖ਼ਲ ਕਰਾਉਣ ਦਾ ਸੁਝਾਅ ਦਿੱਤਾ । ਇਸ ਦਿਨ ਤੋਂ ਪਿੱਛੋਂ ਉਨ੍ਹਾਂ ਦੇ ਦਾਦਾ ਸ। ਭਗਤ ਸਿੰਘ ਨੇ ਸੰਤ ਰਾਮ ਦੇ ਨਾਮ ਨਾਲ ਉਦਾਸੀ ਜੋੜ ਦਿੱਤਾ ਸੀ ।ਇਹ ਪਰਿਵਾਰ ਦਲਿਤ -ਵਰਗ ਨਾਲ ਸਬੰਧ ਰੱਖਦਾ ਸੀ। ਉਨ੍ਹਾਂ ਦੇ ਮਾਤਾ ਵੱਡੇ ਘਰਾਂ 'ਚ ਗੋਹਾ-ਕੂੜਾ ਕਰਿਆ ਕਰਦੀ ਸੀ ਅਤੇ ਪਿਤਾ ਭੇਡਾਂ ਚਾਰਦੇ ਸਨ ।ਇਸ ਦਲਿਤ-ਵਰਗ ਦਾ ਸੰਤਾਪ ਸੰਤ ਰਾਮ ਉਦਾਸੀ ਨੇ ਵੀ ਹੱਡੀ ਹੰਢਾਇਆ। ਉਨ੍ਹਾਂ ਦਾ ਜਨਮ ਦਲਿਤ ਪਰਿਵਾਰ ਦੇ ਉਸ ਘਰ ਵਿੱਚ ਹੋਇਆ, ਜਿਨ੍ਹਾਂ ਦੇ ਮੁੰਡੇ , ਸਾਰੀ ਉਮਰ ਮਾਂ - ਬਾਪ ਦਾ ਕਰਜ਼ਾ ਉਤਾਰਦੇ ਹੀ ਦੁਨੀਆਂ ਤੋਂ ਤੁਰ ਜਾਂਦੇ ਸਨ। ਇਹ ਲੋਕ ਆਪਣੇ ਪੁੱਤਰਾਂ ਨੂੰ ਸੀਰੀ ਰਲਾਉਂਦੇ ਸਨ ।ਇਨ੍ਹਾਂ ਨੂੰ ਪੜ੍ਹਾਉਣਾ ਤਾਂ ਬਹੁਤ ਦੂਰ ਦੀ ਗੱਲ ਹੁੰਦੀ ਸੀ। ਅਜਿਹੇ ਪਰਿਵਾਰ 'ਚੋਂ ਉੱਠ ਕੇ ਸੰਤ ਰਾਮ ਉਦਾਸੀ ਨੇ ਆਪਣਾ ਨਾਮ ਕਮਾਇਆ ਸੀ।

ਸੰਨ 1957 'ਚ ਜਦੋਂ ਸੰਤ ਰਾਮ ਉਦਾਸੀ ਖ਼ਾਲਸਾ ਹਾਈ ਸਕੂਲ ਬਖ਼ਤਗੜ੍ਹ ਵਿਖੇ ਦਸਵੀਂ 'ਚ ਪੜ੍ਹਦਾ ਸੀ ਤਾਂ ਉਸੇ ਸਾਲ ਪਿਤਾ ਦਾ ਦੇਹਾਂਤ ਹੋ ਗਿਆ। ਫਿਰ ਅਗਲੇ ਸਾਲ ਦਸਵੀਂ ਪ੍ਰਾਈਵੇਟ ਪਾਸ ਕਰ ਕੇ ਉਹ ਪੌਂਗ ਡੈਮ ਉੱਤੇ ਮੁਨਸ਼ੀ ਦੀ ਨੌਕਰੀ ਕਰਨ ਲੱਗ ਪਏ। ਜਿੱਥੇ ਉਹ ਠੇਕੇਦਾਰ ਵੱਲੋਂ ਮਜ਼ਦੂਰਾਂ ਉੱਤੇ ਕੀਤੇ ਜਾਂਦੇ ਜ਼ੁਲਮ ਤੋਂ ਤੰਗ ਆ ਕੇ ਨੌਕਰੀ ਤੋਂ ਅਸਤੀਫ਼ਾ ਦੇ ਆਏ ਸਨ। ਨੌਕਰੀ ਛੱਡਣ ਉਪਰੰਤ ਹੀ ਸ।ਬਲਵੰਤ ਸਿੰਘ ਹੈੱਡ ਮਾਸਟਰ ਨੇ ਉਨ੍ਹਾਂ ਨੂੰ ਖ਼ਾਲਸਾ ਹਾਇਰ ਸੈਕੰਡਰੀ ਸਕੂਲ, ਬਖ਼ਤਗੜ੍ਹ ਜੇਬੀਟੀ ਵਿੱਚ ਦਾਖ਼ਲਾ ਦਿਵਾ ਦਿੱਤਾ ਸੀ। ਕੋਰਸ ਪੂਰਾ ਹੁੰਦੇ ਹੀ ਉਹ ਕਾਂਜਲੇ ਸਕੂਲ ਵਿਚ ਪ੍ਰਾਈਵੇਟ ਪੜ੍ਹਾਉਣ ਲੱਗੇ ਸਨ। ਸਤੰਬਰ,1961 ਵਿਚ ਉਨ੍ਹਾਂ ਦੀ ਰੈਗੂਲਰ ਨਿਯੁਕਤੀ ਸਰਕਾਰੀ ਹਾਈ ਸਕੂਲ ਬੀਹਲਾ ਵਿਖੇ ਹੋਈ ਸੀ । ਇਸ ਸਕੂਲ ਵਿੱਚ ਨੌਕਰੀ ਕਰਦੇ ਸਮੇਂ ਹੀ ਉਨ੍ਹਾਂ ਦਾ ਵਿਆਹ ਨਸੀਬ ਕੌਰ ਨਾਲ ਹੋਇਆ। ਜਿਨ੍ਹਾਂ ਦੀ ਕੁੱਖੋਂ ਉਨ੍ਹਾਂ ਦੇ ਗ੍ਰਹਿ ਵਿਖੇ ਦੋ ਪੁੱਤਰਾਂ (ਬੱਲੀ, ਮੋਹਕਮ ਸਿੰਘ) ਅਤੇ ਤਿੰਨ ਧੀਆਂ (ਇਕਬਾਲ ਕੌਰ, ਪ੍ਰਿਤਪਾਲ ਕੌਰ ਅਤੇ ਕੀਰਤਨ ਕੌਰ) ਨੇ ਜਨਮ ਲਿਆ।

ਸੰਤ ਰਾਮ ਉਦਾਸੀ ਤੁਕਬੰਦੀ ਕਰਨ ਤਾਂ ਭਾਵੇਂ ਪੰਜਵੀਂ ਕਲਾਸ ਵਿੱਚ ਹੀ ਲੱਗ ਪਏ ਸੀ, ਪ੍ਰੰਤੂ ਉਨ੍ਹਾਂ ਦੀਆਂ ਮੁੱਢਲੀਆਂ ਕਵਿਤਾਵਾਂ ਲਿਖਣ ਵਿੱਚ ਗੁਰਦਾਸਪੁਰ ਦੇ ਸ੍ਰੀ ਗਿਆਨ ਚੰਦ ਪ੍ਰਾਸ਼ਰ (ਹੈੱਡ ਮਾਸਟਰ) ਨੇ ਸਹਾਇਤਾ ਕੀਤੀ ਸੀ। ਸਭ ਤੋਂ ਪਹਿਲੀ ਰਚਨਾ ਉਨ੍ਹਾਂ ਨੇ ਆਪਣੇ ਮੁਰਸ਼ਦ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਦੇ ਵਿਛੋੜੇ 'ਚ ਸ਼ਰਧਾਂਜਲੀ ਵਜੋਂ ਲਿਖੀ ਸੀ , ਕਿਉਂਕਿ , ਉਨ੍ਹਾਂ ਦਾ ਪਰਿਵਾਰ ਨਾਮਧਾਰੀ ਲਹਿਰ ਨਾਲ ਜੁੜਿਆ ਹੋਇਆ ਸੀ ।ਕੁਝ ਨਾਮਧਾਰੀ ਪਰਿਵਾਰ ਵਾਲੇ ਹੀ ਉਦਾਸੀ ਦੇ ਪਰਿਵਾਰ ਨੂੰ ਜਗਮਲੇਰੇ (ਹਰਿਆਣਾ) ਲੈ ਗਏ ਸਨ।

ਸੰਨ 1960 ਪਿੱਛੋਂ ਸੰਤ ਰਾਮ ਉਦਾਸੀ ਦੇ ਗੀਤਾਂ ਅਤੇ ਇਨਕਲਾਬੀ ਭਾਵਨਾਵਾਂ ਦੀ ਚਰਚਾ ਜਦੋਂ ਪਿੰਡ ਵਿੱਚ ਹੋਣ ਲੱਗੀ ਤਾਂ ਉਨ੍ਹਾਂ ਦਾ ਸੰਪਰਕ ਮਾਸਟਰ ਸ ਗੁਰਦਿਆਲ ਸਿੰਘ ਨਾਲ ਹੋਇਆ । ਸ ਗੁਰਦਿਆਲ ਸਿੰਘ ਇਨ੍ਹਾਂ ਦਿਨਾਂ ਵਿੱਚ ਕਮਿਊਨਿਸਟਾਂ ਦਾ ਪ੍ਰਚਾਰਕ ਸੀ । ਸਾਲ 1962 'ਚ ਹੋਏ ਚੀਨ ਦੇ ਹਮਲੇ ਪਿੱਛੋਂ ਉਦਾਸੀ ਉੱਤੇ ਕਮਿਊਨਿਸਟਾਂ ਦੀ ਵਿਚਾਰਧਾਰਾ ਦਾ ਹੋਰ ਵੀ ਡੂੰਘਾ ਪ੍ਰਭਾਵ ਪਿਆ। ਜਦੋਂ ਤੋਂ ਉਨ੍ਹਾਂ ਨੇ ਗੋਰਕੀ, ਸ਼ੋਲੋਖੋਵ, ਆਸਤਰਾਵਸਕੀ ,ਵਾਂਦਾ ਅਤੇ ਜੂਲੀਅਸ ਫਿਊਚਿਕ ਨੂੰ ਡੂੰਘਾਈ ਨਾਲ ਪੜ੍ਹਿਆ, ਉਦੋਂ ਤੋਂ, ਉਨ੍ਹਾਂ ਅੰਦਰ ਇੱਕ ਕ੍ਰਾਂਤੀਕਾਰੀ ਪੁਰਸ਼ ਜਾਗ ਉੱਠਿਆ ਸੀ। ਜਿਸ ਦੀ ਬਦੌਲਤ ਉਹ ਸਾਲ 1967-68 ਵਿੱਚ ਚੱਲੀ ਨਕਸਲਬਾੜੀ ਲਹਿਰ ਨਾਲ ਇਕਦਮ ਜੁੜ ਗਏ, ਕਿਉਂਕਿ ਉਨ੍ਹਾਂ ਨੂੰ, ਇਸ ਲਹਿਰ ਦੇ ਸਿਧਾਂਤਾਂ ਵਿਚੋਂ ਆਪਣੇ ਕਿਰਤੀ ਲੋਕਾਂ ਦੇ ਸੁਪਨੇ ਸਾਕਾਰ ਹੁੰਦੇ



ਨਜ਼ਰ ਆਏ ਸਨ। ਇਸ ਲਹਿਰ ਦੇ ਸਿਧਾਂਤਾਂ/ਵਿਚਾਰਾਂ ਦਾ ਉਨ੍ਹਾਂ ਨੇ ਪਿੰਡ-ਪਿੰਡ ਜਾ ਕੇ ਪ੍ਰਚਾਰ ਕਰਨਾ ਸ਼ੁਰੂ ਕੀਤਾ ਸੀ।

ਜਦੋਂ ਹੀ ਉਦਾਸੀ ਇਕ ਇਨਕਲਾਬੀ ਯੋਧਾ ਅਤੇ ਕਵੀ ਬਣ ਕੇ ਸਾਹਮਣੇ ਆਇਆ ਤਾਂ, ਉਸ ਨੂੰ ਨਕਸਲੀ ਗਤੀਵਿਧੀਆਂ ਕਾਰਨ ਆਰਥਿਕ ਘਾਟਾ ਵੀ ਪਿਆ। ਪਰਿਵਾਰ ਨੂੰ ਭੁੱਖਾ ਰਹਿ ਕੇ ਦੁੱਖ ਸਹਿਣੇ ਪਏ । ਉਦਾਸੀ ਆਪ ਵੀ ਪੁਲੀਸ ਦੇ ਤਸ਼ੱਦਦ ਨੂੰ ਸਰੀਰ ਤੇ ਸਹਿੰਦਾ ਰਿਹਾ ਸੀ। ਆਪਣੇ ਲੋਕਾਂ ਦੀ ਆਜ਼ਾਦੀ ਖ਼ਾਤਰ, ਉਸ ਨੇ ਆਵਾਜ਼ ਬੁਲੰਦ ਕੀਤੀ। ਪਰੰਤੂ ਸਰਕਾਰ ਉਸ ਨੂੰ ਅਪਾਹਜ ਕਰਨ/ਮਨਸੂਬਿਆਂ 'ਚ ਅਸਫਲ ਕਰਨ ਲਈ ਹਰ ਤਰ੍ਹਾਂ ਦਾ ਯਤਨ ਕਰ ਰਹੀ ਸੀ। ਉਸ ਦੇ ਸਾਥੀਆਂ ਨੂੰ ਮਾਰ ਦਿੱਤਾ ਗਿਆ ਅਤੇ ਉਸ ਨੂੰ ਵਾਰ ਵਾਰ ਕੇਸ ਪਾ ਕੇ ਜੇਲ ਭੇਜਿਆ ਗਿਆ। ਪਹਿਲੀ ਵਾਰ 11 ਜਨਵਰੀ,1971 'ਚ ਤੇਰਾਂ ਦਿਨ, ਦੂਜੀ ਵਾਰ ਨਵੰਬਰ,1972 'ਚ ਡੇਢ ਮਹੀਨੇ ਲਈ, ਤੀਜੀ ਵਾਰ ਜੂਨ,1975 'ਚ ਡੇਢ ਮਹੀਨੇ ਲਈ, ਅਤੇ ਚੌਥੀ ਵਾਰ ਅਗਸਤ,1975 'ਚ ਸਾਥੀਆਂ ਸਮੇਤ ਪੰਜ ਮਹੀਨਿਆਂ ਲਈ ਜੇਲ੍ਹ ਭੇਜਿਆ ਗਿਆ ਸੀ। ਪੁਲਿਸ ਉਦਾਸੀ ਦੇ ਦਿਲ ਦਿਮਾਗ਼ ਚੋਂ ਮਾਓ-ਜੇ-ਤੁੰਗ ਦੇ ਇਨਕਲਾਬੀ ਵਿਚਾਰਾਂ ਨੂੰ ਕੱਢਣ ਲਈ ਉਸ ਉੱਤੇ ਜ਼ੁਲਮ ਕਰਦੀ ਸੀ।

ਦੂਜੇ ਪਾਸੇ ਵਾਰ-ਵਾਰ ਗ੍ਰਿਫ਼ਤਾਰੀਆਂ ਹੋਣ ਕਾਰਨ ਉਦਾਸੀ ਨੂੰ ਨੌਕਰੀ ਤੋਂ ਮੁਅੱਤਲ ਕੀਤਾ ਜਾਂਦਾ ਰਿਹਾ। ਪਤਨੀ ਅਤੇ ਬੱਚੇ ਥਾਂ-ਥਾਂ ਖੱਜਲ -ਖੁਆਰ ਹੁੰਦੇ ਆ ਰਹੇ ਸਨ । ਪੁਲੀਸ ਝੂਠੇ ਕੇਸ ਪਾ ਕੇ, ਕੁੱਟਮਾਰ ਕਰਕੇ ਉਸ ਤੋਂ ਕ੍ਰਾਂਤੀਕਾਰੀਆਂ ਦੀਆਂ ਗਤੀਵਿਧੀਆਂ ਜਾਣਨ ਦੀ ਕੋਸ਼ਿਸ਼ ਕਰਦੀ ਸੀ ਅਤੇ ਉਸ ਦੀ ਇਨਕਲਾਬੀ ਸੋਚ ਨੂੰ ਖ਼ਤਮ ਕਰਨ ਲਈ ਵਾਰ ਵਾਰ ਸਿਰ ਉੱਤੇ ਸੱਟਾਂ ਮਾਰਦੀ ਰਹੀ ਸੀ ।ਇਸ ਤਰ੍ਹਾਂ ਦੇ ਜ਼ੁਲਮ ਦਾ ਸ਼ਿਕਾਰ ਹੋਏ ਸੰਤ ਰਾਮ ਉਦਾਸੀ ਦੇ ਸਿਰ ਦਾ ਇਲਾਜ ਤਾਂ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਕੋਲ ਵੀ ਨਹੀਂ ਸੀ।

ਸਾਲਾਂ 1977 ਵਿੱਚ ਇੱਕ ਦਿਨ (01-04-1977) ਅਜਿਹਾ ਵੀ ਆਇਆ ਕਿ ਪੁਲੀਸ ਨੂੰ ਸਾਰੇ ਝੂਠੇ ਕੇਸ ਵਾਪਸ ਲੈਣੇ ਪਏ। ਸਾਰੇ ਕੇਸ ਖਾਰਜ ਹੋਣ ਉਪਰੰਤ ਉਸ ਨੂੰ ਨੌਕਰੀ 'ਤੇ ਬਹਾਲ ਕੀਤਾ ਗਿਆ । ਬਹਾਲੀ ਤੋਂ ਬਾਅਦ ਉਦਾਸੀ ਦੀ ਖਨੌਰੀ ਕਲਾਂ (ਸੰ-ਗਰੂਰ )ਸਕੂਲ ਤੋਂ ਬਦਲੀ ਚੰਨਣਵਾਲ ਦੇ ਸਰਕਾਰੀ ਹਾਈ ਸਕੂਲ ਵਿਚ ਹੋਈ । ਇਸ ਤੋਂ ਇਲਾਵਾ ਉਸ ਨੇ ਕਾਂਝਲੇ ਅਤੇ ਬੀਹਲੇ ਆਦਿ ਸਕੂਲਾਂ ਵਿੱਚ ਪੜ੍ਹਾਇਆ ਸੀ ।

ਸਾਈਕਲ ਅਤੇ ਉਦਾਸੀ ਦਾ ਗੂੜ੍ਹਾ ਰਿਸ਼ਤਾ ਸੀ। ਉਹ ਜਿੱਥੇ ਵੀ ਜਾਂਦੇ ਸਾਈਕਲ 'ਤੇ ਹੀ ਜਾਂਦੇ ਸਨ। ਉਦਾਸੀ 40 ਤੋਂ 50 ਕਿਲੋਮੀਟਰ ਤੱਕ ਦਾ ਸਫਰ ਸਾਈਕਲ ਉੱਤੇ ਹੀ ਕਰ ਲੈਂਦੇ ਸਨ। ਬੀਹਲੇ ਪਿੰਡ ਦੇ ਸਕੂਲ ਵਿੱਚ ਪੜ੍ਹਾਉਂਦੇ ਸਮੇਂ ਉਨ੍ਹਾਂ ਨੇ ਇੱਕ ਨਵਾਂ ਸਾਈਕਲ ਖ਼ਰੀਦਿਆ ਸੀ। ਜਿਹੜਾ ਉਨ੍ਹਾਂ ਦਾ ਇਕ ਸੱਚੇ ਮਿੱਤਰ ਦੀ ਤਰ੍ਹਾਂ ਹੀ ਸਾਥ ਨਿਭਾਉਂਦਾ ਸੀ। ਜ਼ਿਆਦਾਤਰ ਉਦਾਸੀ ਸਾਈਕਲ ਉੱਤੇ ਜਾਂਦੇ- ਆਉਂਦੇ ਹੀ ਰਚਨਾ ਕਰਦੇ ਸਨ। ਜਿੱਥੇ ਵੀ ਉਨ੍ਹਾਂ ਦੇ ਮਨ ਵਿੱਚ ਕੋਈ ਵਿਚਾਰ/ਖਿਆਲ /ਭਾਵ ਆਉਂਦਾ ਸੀ,ਉਹ ਸਾਈਕਲ ਰੋਕ ਕੇ ਭਾਵਾਂ ਨੂੰ ਲਿਖਣ ਲਈ ਬੈਠ ਜਾਂਦੇ ਸਨ। ਜੇਕਰ ਉਨ੍ਹਾਂ ਨੂੰ ਕਦੇ ਦੂਰ-ਦੁਰਾਡੇ ਜਾਣਾ ਵੀ ਪੈ ਜਾਂਦਾ ਤਾਂ ਵੀ ਸਾਈਕਲ ਨੂੰ ਬੱਸ ਉੱਤੇ ਰੱਖ ਕੇ ਹੀ ਨਿਯਤ ਸਥਾਨ 'ਤੇ ਪਹੁੰਚ ਜਾਂਦੇ ਸਨ। ਜਦੋਂ ਸਕੂਲੋਂ ਛੁੱਟੀ ਹੋਣ 'ਤੇ ਉਹ ਆਪਣੇ ਘਰ ਆਉਂਦੇ ਤਾਂ ਘਰੋਂ ਦਾਤੀ-ਪੱਲੀ ਚੱਕ ਕੇ ਖੇਤਾਂ ਵਿਚੋਂ ਪਸ਼ੂਆਂ ਲਈ ਹਰਾ-ਚਾਰਾ ਲੈਣ ਚਲਾ ਜਾਂਦੇ ਸਨ।

ਸੰਤ ਰਾਮ ਉਦਾਸੀ ਲੋਕ ਕਵੀ ਅਤੇ ਗੀਤਕਾਰ ਹੋਣ ਕਰਕੇ ਬਹੁਤ ਪ੍ਰਸਿੱਧ ਹੋਏ ਸਨ। ਗਾਉਣ ਦੀ ਕਲਾ ਤਾਂ ਉਨਾਂ ਨੂੰ ਰੱਬ ਦੀ ਬਖਸ਼ੀ ਅਨਮੋਲ ਦਾਤ ਸੀ। ਹਰ ਫੰਕਸ਼ਨ ਵਾਲੀ ਥਾਂ ਉਹਨਾਂ ਦੀ ਲੋੜ ਜਾਪਦੀ ਸੀ। ਉਹ ਲਗਪਗ ਹਰੇਕ ਸਮਾਗਮ ਵਿਚ ਹੀ ਹਾਜ਼ਰ ਹੁੰਦੇ ਸਨ, ਭਾਵੇਂ ਉਹ ਹੜਤਾਲ /ਜਲਸਾ ਜਾਂ ਕੋਈ ਵਿਆਹ-ਸ਼ਾਦੀ ਦਾ ਪ੍ਰੋਗਰਾਮ ਅਤੇ ਸਾਹਿਤਕ ਸਮਾਗਮ ਆਦਿ ਹੀ ਕਿਉਂ ਨਾ ਹੁੰਦਾ ।ਹੋਰ ਰਾਜਾਂ ਵੱਲੋਂ ਵੀ ਉਨ੍ਹਾਂ ਨੂੰ ਸੱਦੇ-ਪੱਤਰ ਆਉਂਦੇ ਰਹਿੰਦੇ ਸਨ। ਉਹ ਹਰ ਸਮਾਗਮ ਵਾਲੀ ਥਾਂ 'ਤੇ ਪਹੁੰਚ ਕੇ, ਹਾਜ਼ਰੀ ਭਰਨ ਦੇ ਇਕ ਸੱਚੇ ਤੇ ਪੱਕੇ ਪਹਿਰੇਦਾਰ ਸਨ। ਕੈਨੇਡਾ ਬੁਲਾਇਆ, ਕੈਨੇਡਾ ਚਲੇ ਗਏ। ਕਲਕੱਤੇ ਬੁਲਾਇਆ ਤਾਂ ਕਲਕੱਤਾ ਚਲੇ ਗਏ। ਹਰ ਸਾਲ 26 ਜਨਵਰੀ ਅਤੇ 15 ਅਗਸਤ ਵਾਲੇ ਦਿਨ ਉਨ੍ਹਾਂ ਨੂੰ ਲਾਲ ਕਿਲ੍ਹੇ (ਦਿੱਲੀ) ਗੀਤ ਗਾਉਣ ਲਈ ਬੁਲਾਇਆ ਜਾਂਦਾ ਸੀ। ਉਨ੍ਹਾਂ ਨੂੰ ਅਨੇਕਾਂ ਥਾਵਾਂ ਤੋਂ ਮਾਣ ਸਨਮਾਨ ਮਿਲਦੇ-ਰਹਿੰਦੇ ਸਨ। ਸੰਨ 1986 ਵਿੱਚ ਨੇਪਾਲ ਗਏ ਸਨ । ਉਥੋਂ ਵਾਪਸੀ ਸਮੇਂ ਰੇਲ ਗੱਡੀ ਵਿੱਚ ਸਫ਼ਰ ਕਰਦੇ ਸਮੇਂ ਕੁਝ ਯਾਤਰੀਆਂ ਨੇ ਉਨ੍ਹਾਂ ਨੂੰ ਗੱਡੀ ਵਿੱਚੋਂ ਬਾਹਰ ਧੱਕਾ ਦੇ ਦਿੱਤਾ ਸੀ। ਇਸ ਘਟਨਾ ਤੋਂ ਉਹ ਵਾਲ ਵਾਲ ਬਚ ਕੇ ਸਹੀ ਸਲਾਮਤ ਘਰ ਪਹੁੰਚ ਗਏ ਸਨ ।

ਅਕਤੂਬਰ,1986 ਦੇ ਅੱਧ ਪਿੱਛੋਂ ਉਨ੍ਹਾਂ ਨੂੰ ਹਜ਼ੂਰ ਸਾਹਿਬ ਤੋਂ ਇਕ ਪੱਤਰ ਰਾਹੀਂ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਮਨਾਉਣ ਲਈ ਉਲੀਕੇ ਪ੍ਰੋਗਰਾਮ ਉਤੇ ਆਉਣ ਦੀ ਸਹਿਮਤੀ ਮੰਗੀ ਤਾਂ ਉਨ੍ਹਾਂ ਨੇ ਸਹਿਮਤੀ ਭੇਜ ਦਿੱਤੀ ਸੀ ।3 ਨਵੰਬਰ,1986 ਨੂੰ ਹਜ਼ੂਰ ਸਾਹਿਬ ਵਿਖੇ ਰੱਖੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਨੇ ਸਕੂਲ ਵਿੱਚੋਂ ਕੁਝ ਦਿਨਾਂ ਦੀ ਛੁੱਟੀ ਵੀ ਲੈ ਲਈ ਸੀ। ਹਜ਼ੂਰ ਸਾਹਿਬ ਵਿਖੇ ਜਾਣ ਲਈ ਉਹ 1 ਨਵੰਬਰ,1986 ਨੂੰ ਘਰੋਂ ਚੱਲ ਪਏ ਸਨ। ਉੱਥੋਂ ਦੇ ਸਮਾਗਮ ਵਿੱਚ ਉਨ੍ਹਾਂ ਨੇ ਸਿੱਖੀ ਨਾਲ ਸਬੰਧਤ ਧਾਰਮਿਕ ਗੀਤ ਗਾਏ ਸਨ। ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਉਦਾਸੀ ਅਤੇ ਡਾ। ਬਲਕਾਰ ਸਿੰਘ ਦੋਵੇਂ ਹੀ ਪੰਜਾਬ ਵਾਪਸ ਆਉਂਦੇ ਸਮੇਂ ਇਕ ਹੀ ਰੇਲ ਗੱਡੀ ਵਿੱਚ ਇਕੱਠੇ ਹੀ ਸਫ਼ਰ ਕਰ ਰਹੇ ਸਨ, ਕਿ ਮਨਵਾੜ (ਮਹਾਰਾਸ਼ਟਰ) ਦੇ ਰੇਲਵੇ ਸਟੇਸ਼ਨ ਪਹੁੰਚਣ ਤੋਂ ਪਹਿਲਾਂ ਹੀ ਉਹ ਇਸ ਸੰਸਾਰ ਨੂੰ ਅਲਵਿਦਾ ਆਖ ਗਏ ।ਮਨਵਾੜ ਹੀ ਉਨ੍ਹਾਂ ਦੀ ਦੇਹ ਉਤਾਰੀ ਗਈ ।

ਜਦੋਂ ਡਾ ਬਲਕਾਰ ਸਿੰਘ ਪੰਜਾਬ ਨੂੰ ਆ ਗਏ ਤਾਂ ਉੱਥੋਂ ਦੇ ਲੋਕਾਂ ਨੇ ਸੰਤ ਰਾਮ ਉਦਾਸੀ ਦੀ ਲਾਸ਼ ਨੂੰ ਲਾਵਾਰਸ ਕਹਿ ਕੇ ਸਸਕਾਰ ਕਰ ਦਿੱਤਾ ਸੀ।

ਸੰਤ ਰਾਮ ਉਦਾਸੀ ਦਲਿਤ-ਕਾਵਿ ਅਤੇ ਜੁਝਾਰ ਕਾਵਿ ਦੇ ਸਿਰਮੌਰ ਕਵੀ ਸਨ। ਉਨ੍ਹਾਂ ਨੇ ਜਾਤ ਪਾਤ ਦੇ ਕੋਹੜ ਨੂੰ ਝੱਲਦੇ ਹੋਏ ਇੱਕ ਕ੍ਰਾਂਤੀਕਾਰੀ ਯੋਧੇ ਦੇ ਰੂਪ ਵਿਚ ਸੰਘਰਸ਼ਮਈ ਜੀਵਨ ਬਤੀਤ ਕੀਤਾ। ਉਹ ਆਪਣੇ ਕਿਰਤੀ ਭਾਈਚਾਰੇ ਅਤੇ ਵਿਹੜਿਆਂ ਦੀ ਜ਼ਿੰਦਗੀ ਨੂੰ ਰੌਸ਼ਨ ਕਰਨ ਲਈ ਹਰ ਸਮੇਂ ਡਟੇ ਰਹਿੰਦੇ ਸਨ। ਉਹ ਜਾਨ ਤਲੀ ਉੱਤੇ ਰੱਖ ਕੇ ਵੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਸਟੇਜਾਂ ਉੱਤੇ ਗਾ ਗਾ ਕੇ ਕਰਿਆ ਕਰਦੇ ਸਨ।

ਅਨੇਕਾਂ ਗੀਤਾਂ ਦੇ ਰਚੇਤਾ ਅਤੇ ਉੱਚੀ ਸ਼ਖ਼ਸੀਅਤ ਦੇ ਮਾਲਕ ਸੰਤ ਰਾਮ ਉਦਾਸੀ ਨੇ ਪੰਜਾਬੀ ਸਾਹਿਤ ਜਗਤ ਨੂੰ ਲਹੂ ਭਿੱਜੇ ਬੋਲ(1971) ਸੈਨਤਾਂ (1976) ਚੌ-ਨੁੱਕਰੀਆਂ ਸੀਖਾਂ (1978) ਲਹੂ ਤੋਂ ਲੋਹੇ ਤੱਕ (1979) ਅਤੇ ਸਮੁੱਚੀ ਕਾਵਿ- ਰਚਨਾ (1996)ਪੁਸਤਕਾਂ ਦਿੱਤੀਆਂ। ਭਾਵੇਂ ਅੱਜ ਸੰਤ ਰਾਮ ਉਦਾਸੀ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਹਾਜ਼ਰ ਨਹੀਂ ਹਨ। ਪ੍ਰੰਤੂ ਉਨ੍ਹਾਂ ਦੇ ਗੀਤ ਅਤੇ ਰਚਨਾਵਾਂ ਉਨ੍ਹਾਂ ਨੂੰ ਹਮੇਸ਼ਾਂ ਅਮਰ ਰੱਖਣਗੀਆਂ ।ਉਨ੍ਹਾਂ ਦੀ ਇਕ ਕਾਵਿ ਰਚਨਾ ਦੇ ਇਹ ਬੋਲ ਵੀ ਕੁਝ ਇਸ ਤਰ੍ਹਾਂ ਹੀ ਆਖ ਰਹੇ ਹਨ।
ਮੈਂ ਨਹੀਂ ਹੋਵਾਂਗਾ ਇਸ ਦਾ ਗਮ ਨਹੀਂ।
ਗੀਤ ਤਾਂ ਲੋਕਾਂ ਵਿਚ ਵੱਸਦੇ ਰਹਿਣਗੇ।

# ਬੀਬੀ ਸਿਮਰਜੀਤ ਕੌਰ ਅਤੇ ਕਾਕਾ ਤਲਵਿੰਦਰ ਸਿੰਘ ਦੇ ਆਨੰਦ ਕਾਰਜ ਦੀ ਰਸਮ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਭਾਈ ਕਮਲਜੀਤ ਸਿੰਘ ਦੇ ਜੱਥੇ ਨੇ ਪੂਰਨ ਗੁਰ-ਮਰਿਆਦਾ ਅਨੁਸਾਰ ਨਿਭਾਈ

**ਨਾਭਾ-** ਅੱਜ ਕੱਲ੍ਹ ਵਿਆਹਾਂ ਉੱਪਰ ਬਹੁਤ ਜ਼ਿਆਦਾ ਖਰਚ ਅਤੇ ਫਜ਼ੂਲ ਦੀਆਂ ਨਵੀਆਂ ਰਸਮਾਂ ਕਰਕੇ ਸਮਾਜ ਅੰਦਰ ਨਵੀਂ ਪਿਰਤ ਪੈ ਚੁੱਕੀ ਹੈ। ਪਰ ਫਿਰ ਵੀ ਸਾਦੇ ਵਿਆਹ ਉਹ ਵੀ ਪੂਰਨ ਗੁਰਮਰਿਆਦਾ ਅਨੁਸਾਰ ਕਰਵਾਉਣ ਵਾਲੇ ਲੜਕੇ ਅਤੇ ਲੜਕੀ ਦਾ ਵਿਆਹ ਵੇਖਣ ਨੂੰ ਮਿਲਦਾ ਹੈ ਤਾਂ ਮਨ ਨੂੰ ਬਹੁਤ ਸਕੂਨ ਮਿਲਦਾ ਹੈ। ਜਿਨ੍ਹਾਂ ਮਾਪਿਆਂ ਨੇ ਸਮਾਜ ਦੇ ਫੋਕੇ ਰੀਤੀ ਰਿਵਾਜ਼ਾਂ ਨੂੰ ਦਰਕਿਨਾਰ ਕਰਕੇ ਆਪਣੇ ਬੱਚਿਆਂ ਨੂੰ ਇਨ੍ਹਾਂ ਸਾਦੇ ਪੂਰਨ ਗੁਰਮਰਿਆਦਾ ਵਾਲੇ ਵਿਆਹਾਂ ਦੀ ਲੜੀ 'ਚ ਪਰੋਇਆ ਹੈ, ਉਹ ਸੱਚਮੁੱਚ ਭਾਗਾਂ ਵਾਲੇ ਹਨ। ਇਸੇ ਤਰ੍ਹਾਂ ਹੀ ਨਾਭਾ ਦੇ ਸਰਦਾਰਨੀ ਰਾਜਵੰਤ ਕੌਰ ਅਤੇ ਸ੍ਰ. ਮੇਜਰ ਸਿੰਘ ਦੀ ਸਪੁੱਤਰੀ ਬੀਬਾ ਸਿਮਰਜੀਤ ਕੌਰ ਦਾ ਵਿਆਹ ਬਾਬਾ ਬੁੱਢਾ ਜੀ ਨਾਲ ਸਬੰਧਤ ਇਤਿਹਾਸਕ ਸਥਾਨ ਰਮਦਾਸ (ਅਜਨਾਲਾ) ਦੇ ਸਰਦਾਰਨੀ ਰੁਪਿੰਦਰ ਕੌਰ ਅਤੇ ਸ੍ਰ. ਗੁਰਚਰਨ ਸਿੰਘ ਦੇ ਸਪੁੱਤਰ ਕਾਕਾ ਤਲਵਿੰਦਰ ਸਿੰਘ ਨਾਲ ਸਾਦੇ ਅਤੇ ਪੂਰਨ ਸਿੱਖ ਗੁਰਮਰਿਆਦਾ ਨਾਲ ਹੋਈ ਜੋ ਕਿ ਪਟਿਆਲਾ ਵਿਖੇ ਇੱਕੋ ਕਾਲਜ ਵਿੱਚ ਅਸਿਸਟੈਂਟ ਪ੍ਰੋਫੈਸਰ ਦੀ ਸੇਵਾ ਨਿਭਾ ਰਹੇ ਹਨ। ਸੁਭਾਗੀ ਜੋੜੀ ਦੇ ਆਨੰਦ ਕਾਰਜ ਦੀ ਰਸਮ ਗੁਰਦੁਆਰਾ ਸਾਹਿਬ, ਗੁਰੂ ਤੇਗ ਬਹਾਦਰ ਨਗਰ ਨਾਭਾ ਵਿਖੇ ਹਜ਼ੂਰੀ ਰਾਗੀ ਜੱਥਾ ਭਾਈ ਕਮਲਜੀਤ ਸਿੰਘ ਸ੍ਰੀ ਦਰਬਾਰ ਸਾਹਿਬ ਨੇ ਰਸਭਿੰਨਾ ਕੀਰਤਨ ਕਰਕੇ ਨਿਭਾਈ।



ਭਾਈ ਕਮਲਜੀਤ ਸਿੰਘ ਦੇ ਜੱਥੇ ਵਲੋਂ ਆਨੰਦ ਕਾਰਜ ਦੀ ਰਸਮ ਸਮੇਂ ਕੀਤੇ ਕੀਰਤਨ ਦਾ ਸੰਗਤਾਂ ਵਲੋਂ ਭਰਪੂਰ ਆਨੰਦ ਮਾਣਿਆ ਗਿਆ। ਸੁਭਾਗੀ ਜੋੜੀ ਨੂੰ ਭਾਈ ਕਮਲਜੀਤ ਸਿੰਘ ਨੇ ਸਿਰੋਪਾਓ ਬਖਸ਼ਿਸ਼ ਕਰਕੇ ਆਸ਼ੀਰਵਾਦ ਦਿੱਤਾ। ਨਾਮਵਰ ਸਖਸ਼ੀਅਤਾਂ ਅਤੇ ਰਿਸਤੇਦਾਰਾਂ,ਸੁਨੇਹੀਆਂ ਵਲੋਂ ਵੀ ਨਵੀਂ ਸੁਭਾਗੀ ਜੋੜੀ ਨੂੰ ਵਧਾਈਆਂ ਅਤੇ ਆਸ਼ੀਰਵਾਦ ਦਿੱਤਾ ਗਿਆ।ਇਸ ਸਮੇਂ ਵਿਲੱਖਣਤਾ ਵਾਲੀ ਗੱਲ ਇਹ ਸੀ ਕਿ ਅੱਜਕੱਲ੍ਹ ਦੇ ਵਿਆਹਾਂ ਵਾਲੀ ਚਮਕ ਦਮਕ ਕਿਤੇ ਦਿਖਾਈ ਨਹੀਂ ਦਿੱਤੀ ।ਫਾਲਤੂ ਦੀਆਂ ਰਸਮਾਂ ਨੂੰ ਤਿਲਾਂਜਲੀ ਦੇ ਕੇ ਦੋਨਾਂ ਪਰਿਵਾਰਾਂ ਨੇ ਸਾਦੀਆਂ ਰਸਮਾਂ ਨਿਭਾ ਕੇ ਨਵੀਂ ਪਿਰਤ ਪਾ ਕੇ ਸਮਾਜ ਲਈ ਚੰਗਾ ਸੁਨੇਹਾ ਦਿੱਤਾ ਹੈ। ਇਸ ਤਰ੍ਹਾਂ ਜਿਥੇ ਪੈਸੇ ਦੀ ਫਜ਼ੂਲ ਬਰਬਾਦੀ ਤੋਂ ਬਚਾਅ ਹੁੰਦਾ ਹੈ ਉਥੇ ਹੀ ਸਾਡੇ ਬੱਚਿਆਂ ਨੂੰ ਵਿਆਹਾਂ ਅੰਦਰ ਕਈ ਕੁਝ ਦੇ ਨਾਂ ਤੇ ਪਰੋਸੀ ਜਾਂਦੀ ਲੱਚਰਤਾ ਤੋਂ ਵੀ ਨਿਜਾਤ ਮਿਲੇਗੀ। ਸਾਰੀਆਂ ਰਸਮਾਂ ਸਮੇਂ ਸਿਰ ਸੰਪੂਰਨ ਕੀਤੀਆਂ ਗਈਆਂ , ਜਿਸ ਨੂੰ ਸਾਰਿਆਂ ਵਲੋਂ ਸਰਾਹਿਆ ਗਿਆ। ਸਿੱਖ ਸਮਾਜ ਨੂੰ ਗੁਰੂ ਸਾਹਿਬਾਨ ਵਲੋਂ ਦਰਸਾਏ ਮਾਰਗ ਅਨੁਸਾਰ ਵਿਆਹ ਕਰਨਾ ਸਮੇਂ ਦੀ ਮੰਗ ਬਣਦੀ ਜਾ ਰਹੀ ਹੈ। ਸਾਨੂੰ ਇਹੋ ਜਿਹੇ ਪਰਿਵਾਰਾਂ ਦੀ ਸੋਚ ਤੋਂ ਸੇਧ ਲੈਣੀ ਚਾਹੀਦੀ ਹੈ।ਬੱਚਿਆਂ ਦੇ ਮਨਾਂ ਅੰਦਰ ਸ਼ੁਰੂ ਤੋਂ ਹੀ ਸਾਦੇ ਵਿਆਹਾਂ ਦੀ ਸੋਚ ਨੂੰ ਪਰੋਣਾ ਚਾਹੀਦਾ ਹੈ। ਵਾਹਿਗੁਰੂ ਜੀ ਇਸ ਸੁਭਾਗੀ ਜੋੜੀ ਨੂੰ ਹਮੇਸ਼ਾਂ ਚੜ੍ਹਦੀਕਲਾ ਬਖਸ਼ੇ।

# ਫ਼ਿਲਮਾਂ ਰਾਹੀਂ ਸਿੱਖ ਪੰਥ ਦੀ ਸਿਧਾਂਤਕ ਘੇਰਾਬੰਦੀ ਖ਼ਤਰਨਾਕ



ਤਸਵਿੰਦਰ ਸਿੰਘ ਬੜੈਚ
91-98763-22677

ਖ਼ਾਲਸੇ ਦੀ ਪੂਜਣਯੋਗ ਮਾਤਾ 'ਮਾਤਾ ਸਾਹਿਬ ਕੌਰ ਜੀ' ਬਾਰੇ ਬਣੀ ਫ਼ਿਲਮ 'ਮਦਰਹੁੱਡ' ਸਿਨੇਮਿਆਂ ਵਿਚ ਲੱਗਣ ਜਾ ਰਹੀ ਹੈ, ਜਿਸ ਵਿਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਵਿਚਾਲੇ 'ਹੀਰ-ਰਾਂਝਿਆਂ' ਵਾਂਗੂੰ ਇਸ਼ਕ ਮਿਜਾਜ਼ੀ ਵਾਲੇ ਨਿਹਾਇਤ ਘਟੀਆ ਵਾਰਤਾਲਾਪ ਦਿਖਾ ਕੇ ਸਿੱਖਾਂ ਦੀ ਸੁਰਤ ਨੂੰ ਉੱਚੇਰੇ ਇਸ਼ਕ ਹਕੀਕੀ ਦੇ ਗਗਨ ਮੰਡਲਾਂ ਤੋਂ ਉਤਾਰ ਕੇ ਲੈਲਾ-ਮਜਨੂੰਆਂ ਵਾਲੇ ਇਸ਼ਕ ਮਿਜਾਜ਼ੀ ਦੇ ਕੱਚੇ ਰੰਗਾਂ ਨਾਲ ਬਦਰੰਗ ਕਰਨ ਦੀ ਹਿਮਾਕਤ ਕੀਤੀ ਜਾ ਰਹੀ ਹੈ, ਜਿਸ ਬਾਰੇ ਅਸੀਂ ਅਜੇ ਤੱਕ ਬਿਲਕੁਲ ਅਚੇਤ ਅਵਸਥਾ 'ਚ ਹਾਂ। ਹਾਲਾਂਕਿ ਸ਼੍ਰੋਮਣੀ ਕਮੇਟੀ ਨੇ ਇਸ ਫ਼ਿਲਮ ਦੀ ਸਕਰਿਪਟ ਨੂੰ ਵੇਖਣ ਤੋਂ ਬਾਅਦ ਸਖ਼ਤ ਸਿਧਾਂਤਕ ਇਤਰਾਜ਼ ਪ੍ਰਗਟ ਕਰਦਿਆਂ ਇਸ ਨੂੰ ਮਨਜ਼ੂਰੀ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ ਹੈ ਪਰ ਇਸ ਦੇ ਬਾਵਜੂਦ ਇਸ ਫ਼ਿਲਮ ਨੂੰ ਬਣਾਉਣ ਵਾਲੀ ਸੰਸਥਾ ਆਪਣੀ ਜ਼ਿੱਦ ਦੇ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ 'ਤੇ ਉਤਾਰੂ ਹੋਈ ਪਈ ਹੈ।

ਦਰਅਸਲ ਇਕੀਵੀਂ ਸਦੀ 'ਚ ਖ਼ਾਲਸਾ ਪੰਥ ਨੂੰ ਖ਼ਤਮ ਕਰਨ 'ਤੇ ਤੁਲੀਆਂ ਬਿਪਰਵਾਦੀ ਤਾਕਤਾਂ ਵਲੋਂ ਬੜੇ ਸੂਖ਼ਮ ਅਤੇ ਕਾਮਯਾਬ ਘਾੜਤ ਸ਼ਕਤੀ ਦੇ ਨਾਲ ਹਮਲੇ ਕੀਤੇ ਜਾ ਰਹੇ ਹਨ। ਸਿੱਖ ਨਿਆਰੇਪਨ ਨੂੰ ਜਜ਼ਬ ਕਰਨ ਦੇ ਮਨੋਰਥ 'ਤੇ ਆਧਾਰਤ ਇਨ੍ਹਾਂ ਖ਼ਤਰਨਾਕ ਅਤੇ ਬਹੁਪਰਤੀ ਹਮਲਿਆਂ ਦਾ ਮੁੱਢਲਾ ਨਿਸ਼ਾਨਾ ਸਿੱਖ ਦੀ ਉਸ ਰੂਹਾਨੀ ਪ੍ਰੇਰਨਾ ਅਤੇ ਸੁਰਤ ਦੀ ਇਕਾਗਰਤਾ ਨੂੰ ਭੰਗ ਕਰਨਾ ਹੈ, ਜਿਹੜੀ ਦਸ ਗੁਰੂ ਸਾਹਿਬਾਨ ਦੇ ਸਰੀਰਕ ਜਾਮੇ ਵਿਚੋਂ ਚਲੇ ਜਾਣ ਤੋਂ ਬਾਅਦ ਵੀ ਸਿੱਖਾਂ ਨੂੰ ਅਠ੍ਹਾਰਵੀਂ ਸਦੀ ਦੇ ਘੱਲੂਘਾਰਿਆਂ ਦੌਰਾਨ, ਬੰਦ-ਬੰਦ ਕਟਵਾਉਂਦਿਆਂ, ਚਰਖੜ੍ਹੀਆਂ 'ਤੇ ਚੜ੍ਹਦਿਆਂ, ਆਰਿਆਂ ਨਾਲ ਸਰੀਰ ਚਿਰਵਾਉਂਦਿਆਂ, ਖੋਪਰ ਲੁਹਾਉਂਦਿਆਂ, ਦੇਗ਼ਾਂ 'ਚ ਉਬਾਲੇ ਖਾਂਦਿਆਂ, ਪੁੱਠੀਆਂ ਖੱਲਾਂ ਲੁਹਾਉਂਦਿਆਂ ਅਤੇ ਬੱਚਿਆਂ ਦੇ ਟੋਟੇ-ਟੋਟੇ ਕਰਵਾ ਕੇ ਸਿੱਖ ਮਾਵਾਂ ਦੁਆਰਾ ਗਲ਼ਾਂ ਵਿਚ ਹਾਰ ਪਵਾਉਂਦਿਆਂ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਅਸਹਿ ਤੇ ਅਕਹਿ ਤਸੀਹੇ ਝੱਲ ਕੇ ਹੁਣ ਤੱਕ 9 ਲੱਖ ਤੋਂ ਵੱਧ ਹੋਏ ਸ਼ਹੀਦਾਂ-ਮੁਰੀਦਾਂ ਨੂੰ ਸਿੱਖੀ ਸਿਦਕ ਨਿਭਾਉਣ ਦੀ ਤਾਕਤ ਬਖ਼ਸ਼ਦੀ ਰਹੀ ਹੈ। ਸਿੱਖ ਨੂੰ ਉਸ ਰੂਹਾਨੀ ਪ੍ਰੇਰਨਾ ਅਤੇ ਦੈਵੀ ਤਾਕਤ ਤੋਂ ਹੀਣਾ ਕਰਨ ਲਈ ਸਿੱਖ ਦਾ ਸ਼ਬਦ-ਗੁਰੂ ਨਾਲੋਂ ਰਿਸ਼ਤਾ ਤੋੜਨ ਅਤੇ ਗੁਰੂ ਸਾਹਿਬਾਨ ਦੀ ਪੈਗੰਬਰੀ ਸ਼ਾਨ ਅਤੇ ਦੈਵੀ ਬਿੰਬ ਨੂੰ ਸਿੱਖ ਅਵਚੇਤਨ ਵਿਚੋਂ ਮਿਟਾਉਣ ਲਈ ਹੀ ਐਨੀਮੇਟਿਡ/ ਮਨੁੱਖੀ ਕਿਰਦਾਰਾਂ ਵਾਲੀਆਂ ਧਾਰਮਿਕ ਫ਼ਿਲਮਾਂ ਦਾ ਸਹਾਰਾ ਲਿਆ ਜਾ ਰਿਹਾ ਹੈ।

ਸਿੱਖ ਕੌਮ ਅਥਵਾ ਖ਼ਾਲਸਾ ਪੰਥ ਦੀ ਅੱਡਰੀ ਹੋਂਦ-ਹਸਤੀ ਨੂੰ ਜਜ਼ਬ ਕਰਨ ਜਾਂ ਹਿੰਦੂਤਵ ਵਿਚ ਤਬਦੀਲ ਕਰਨ ਲਈ ਸਿੱਖ ਅਵਚੇਤਨ ਨੂੰ ਗੁਰੂ ਦੀ ਚੇਤਨਾ ਨਾਲੋਂ ਤੋੜਨਾ ਸਭ ਤੋਂ ਜ਼ਰੂਰੀ ਹੈ ਅਤੇ ਇਸੇ ਨਾਪਾਕ ਕਾਰਜ ਲਈ ਹੀ ਗੁਰੂ ਸਾਹਿਬਾਨ ਅਤੇ ਗੁਰੂ ਪਰਿਵਾਰਾਂ 'ਤੇ ਬਣ ਰਹੀਆਂ ਐਨੀਮੇਟਿਡ ਅਤੇ ਉਸ ਤੋਂ ਅਗਾਂਹ ਗੁਰੂ ਸਾਹਿਬਾਨ ਦੇ ਮਨੁੱਖੀ ਕਿਰਦਾਰਾਂ ਵਾਲੀਆਂ ਫ਼ਿਲਮਾਂ ਸਹਾਈ ਹੋ ਰਹੀਆਂ ਹਨ। ਭਾਵੇਂਕਿ ਸਿੱਖ ਇਤਿਹਾਸ 'ਤੇ ਐਨੀਮੇਟਿਡ ਫ਼ਿਲਮਾਂ ਨੂੰ ਪਹਿਲਾਂ-ਪਹਿਲ ਬਣਾਉਣ ਵਾਲੇ ਨਿਰੋਲ ਧਾਰਮਿਕ ਸ਼ਰਧਾ ਤਹਿਤ ਹੀ ਫ਼ਿਲਮਾਂ ਬਣਾ ਰਹੇ ਹੋਣਗੇ, ਪਰ ਉਹ ਅਚੇਤ ਰੂਪ ਵਿਚ ਸਿੱਖ ਵਿਰੋਧੀ ਤਾਕਤਾਂ ਦੇ ਸਿੱਖਾਂ ਦੀ ਵੱਖਰੀ ਤੇ ਨਿਰਾਲੀ ਹੋਂਦ ਨੂੰ ਜਜ਼ਬ ਕਰਨ ਵਾਲੇ ਸਿਧਾਂਤਕ ਹਮਲੇ ਦਾ ਰਾਹ ਹੀ ਪੱਧਰਾ ਕਰਦੇ ਸਾਬਤ ਹੋਏ ਹਨ। ਇਹ ਫ਼ਿਲਮਾਂ ਸਿੱਖਾਂ ਦੀ ਅਗਲੀ ਪੀੜ੍ਹੀ ਦੇ ਕੋਮਲ ਮਨਾਂ 'ਚ ਇਹ ਗੱਲ ਪੱਕੀ ਕਰ ਰਹੀਆਂ ਹਨ ਕਿ ਗੁਰੂ ਸਾਹਿਬ ਦੀ ਮੂਰਤੀ ਵੀ ਬਣਾਈ ਜਾ ਸਕਦੀ ਹੈ ਅਤੇ ਕੰਪਿਊਟਰ ਗ੍ਰਾਫਿਕਸ ਦੇ ਜ਼ਰੀਏ ਇਕ ਜਿਊਂਦੇ-ਜਾਗਦੇ ਇਨਸਾਨ ਵਾਂਗ ਗੁਰੂ ਸਾਹਿਬ ਦੇ ਜਿਸਮ ਦੀ ਘਾੜਤ ਵੀ ਘੜੀ ਜਾ ਸਕਦੀ ਹੈ। ਫਿਰ ਇਕ ਦਿਨ ਐਸਾ ਵੀ ਆਵੇਗਾ ਜਦੋਂ ਇਸ ਤਰ੍ਹਾਂ ਦੇ ਵਿਗੜੇ ਹੋਏ ਸਿੱਖ ਅਵਚੇਤਨ ਨੂੰ, ਸਿਰਸੇ ਵਾਲੇ ਪਖੰਡੀ ਸਾਧ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਰਾਬਰੀ ਕਰਨ ਦੀ ਕੀਤੀ ਗਈ ਨਾਪਾਕ ਕੋਸ਼ਿਸ਼ ਕਿਸੇ ਤਰ੍ਹਾਂ ਵੀ ਗ਼ਲਤ ਨਹੀਂ ਜਾਪੇਗੀ, 1978 ਦੀ ਵਿਸਾਖੀ ਵਾਲੇ ਦਿਨ ਨਕਲੀ ਨਿਰੰਕਾਰੀਆਂ ਦਾ ਵਿਰੋਧ ਕਰਦੇ ਹੋਏ ਸ਼ਹੀਦ




ਸਿੰਘਾਂ ਦੀ ਪਵਿੱਤਰ ਕੁਰਬਾਨੀ ਵੀ ਗ਼ੈਰ-ਵਾਜਬ ਜਾਪੇਗੀ, ਕਿਉਂਕਿ ਹਕੀਕੀ ਤੌਰ 'ਤੇ ਇਨ੍ਹਾਂ ਸਿੱਖ ਬੱਚਿਆਂ ਦਾ ਸਿੱਖ ਅਵਚੇਤਨ, ਹਿੰਦੂ ਅਵਚੇਤਨ 'ਚ ਤਬਦੀਲ ਹੋ ਚੁੱਕਿਆ ਹੋਵੇਗਾ, ਕਿਉਂਕਿ ਹਿੰਦੂ ਅਵਚੇਤਨ, ਹਿੰਦੂ ਅਵਤਾਰਾਂ ਦੇ ਆਮ ਬੰਦਿਆਂ ਵਲੋਂ ਕਿਰਦਾਰ ਨਿਭਾਉਣ 'ਤੇ ਕੋਈ ਤਕਲੀਫ਼ ਮਹਿਸੂਸ ਨਹੀਂ ਕਰਦਾ, ਸਗੋਂ ਹਿੰਦੂ ਧਰਮ ਵਿਚ ਤਾਂ ਹਿੰਦੂ ਅਵਤਾਰਾਂ ਦੇ ਕਿਰਦਾਰ, ਕਸਬੇ-ਸ਼ਹਿਰਾਂ 'ਚ ਨਾਟਕਾਂ ਤੋਂ ਲੈ ਕੇ ਫ਼ਿਲਮਾਂ ਤੱਕ ਬੜੇ ਸ਼ੌਕ ਨਾਲ ਕੀਤੇ ਅਤੇ ਕਰਵਾਏ ਜਾਂਦੇ ਹਨ।

ਕੁਝ ਸਮਾਂ ਪਹਿਲਾਂ 'ਨਾਨਕ ਸ਼ਾਹ ਫ਼ਕੀਰ' ਫ਼ਿਲਮ ਵਿਚ ਮਹਾਂਪਾਪ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ, ਮਾਤਾ ਤ੍ਰਿਪਤਾ ਜੀ, ਪਿਤਾ ਮਹਿਤਾ ਕਾਲੂ ਜੀ, ਭੈਣ ਬੇਬੇ ਨਾਨਕੀ ਜੀ, ਭਾਈ ਮਰਦਾਨਾ ਜੀ, ਰਾਇ ਬੁਲਾਰ ਜੀ ਆਦਿ ਦੇ ਮਨੁੱਖੀ ਕਿਰਦਾਰ ਨਿਭਾਉਣ ਕਾਰਨ, ਸਿੱਖ ਪੰਥ ਦਾ ਰੋਹ ਅਤੇ ਰੋਸ ਸੱਤਵੇਂ ਅਸਮਾਨ 'ਤੇ ਚਲਾ ਗਿਆ ਸੀ, ਕਿਉਂਕਿ ਸਿੱਖ ਅਵਚੇਤਨ ਅਜੇ ਤੱਕ ਸ਼ਬਦ-ਗੁਰੂ-ਪਿਆਰ ਨਾਲ ਲਬਰੇਜ਼ ਹੈ। ਬੇਸ਼ੱਕ ਉਹ ਵਿਵਾਦਗ੍ਰਸਤ ਫਿਲਮ ਸਿੱਖਾਂ ਦੇ ਸਿੱਖਰਾਂ ਦੇ ਗੁੱਸੇ ਨੂੰ ਵੇਖਦਿਆਂ ਚਲਾਈ ਨਹੀਂ ਜਾ ਸਕੀ ਪਰ ਬਹੁਪਰਤੀ ਵਿਉਂਤਬੰਦੀ ਨਾਲ ਸਿੱਖਾਂ ਦੇ ਅਵਚੇਤਨ ਨੂੰ ਹਿੰਦੂ ਅਵਚੇਤਨ ਦੇ ਵਿਚ ਬਦਲਣ ਲਈ ਜੋ ਸੂਖ਼ਮ ਸਿਧਾਂਤਕ ਘੇਰਾਬੰਦੀ ਕੀਤੀ ਜਾ ਰਹੀ ਹੈ, ਉਸ ਨੂੰ ਸਮਝਣ ਦੀ ਇਸ ਵੇਲੇ ਬਹੁਤ ਲੋੜ ਹੈ, ਕਿਉਂਕਿ ਇਕ ਪਾਸੇ ਅਸੀਂ 'ਨਾਨਕ ਸ਼ਾਹ ਫ਼ਕੀਰ' ਫ਼ਿਲਮ ਦਾ ਪੁਰਜ਼ੋਰ ਵਿਰੋਧ ਕਰਦੇ ਰਹੇ ਹਾਂ, ਪਰ ਦੂਜੇ ਪਾਸੇ ਪਿਛਲੇ ਸਮੇਂ ਦੌਰਾਨ ਐਨੀਮੇਟਿਡ ਫ਼ਿਲਮ 'ਚਾਰ ਸਾਹਿਬਜ਼ਾਦੇ' ਨੂੰ ਲੈ ਕੇ ਜਜ਼ਬਾਤੀ ਉਲਾਰਵਾਦੀ ਵੀ ਹੋਏ ਅਤੇ ਧੜਾਧੜ ਇਕ-ਦੂਜੇ ਨੂੰ ਇਹ ਫ਼ਿਲਮ ਵੇਖਣ ਦੇ ਸਿੱਖਾਂ ਨੇ ਮੋਬਾਇਲ ਫ਼ੋਨਾਂ 'ਤੇ ਇਕ-ਦੂਜੇ ਨੂੰ ਸੁਨੇਹੇ ਵੀ ਘੱਲੇ ਸਨ, ਉਸ ਤੋਂ ਬਾਅਦ 'ਬਾਬਾ ਬੰਦਾ ਸਿੰਘ ਬਹਾਦਰ' ਅਤੇ 'ਭਾਈ ਤਾਰੂ ਸਿੰਘ' ਵਰਗੇ ਲਾਸਾਨੀ ਸ਼ਹੀਦਾਂ ਬਾਰੇ ਬੜੇ ਦੁਨਿਆਵੀ ਤੇ ਭੌਤਿਕ ਪੱਧਰ ਦੇ ਖਿਆਲਾਂ ਵਿਚ ਗੁਆਉਣ ਵਾਲੀਆਂ ਐਨੀਮੇਟਿਡ ਫ਼ਿਲਮਾਂ ਆਈਆਂ।

ਖ਼ਾਲਸਾ ਜੀ! ਫ਼ਿਲਮਾਂ ਭਾਵੇਂ ਐਨੀਮੇਟਿਡ ਹੋਣ ਜਾਂ ਫਿਰ ਮਨੁੱਖੀ ਕਿਰਦਾਰਾਂ ਵਲੋਂ ਬਣਾਈਆਂ, ਫ਼ਿਲਮਾਂ ਭਾਵੇਂ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਹੋਣ ਜਾਂ ਫਿਰ ਮਹਾਨ ਸੂਰਬੀਰ ਸਿੱਖ ਸ਼ਹੀਦਾਂ ਨਾਲ ਸਬੰਧਤ, ਸਿਧਾਂਤਕ ਤੌਰ 'ਤੇ ਇਹ ਜਾਣੇ-ਅਨਜਾਣੇ 'ਚ ਸਿੱਖਾਂ ਦੇ ਅਵਚੇਤਨ ਨੂੰ ਤਬਾਹ ਕਰਨ ਦਾ ਕਾਰਜ ਕਰਨ ਵਿਚ ਹੀ ਲੱਗੀਆਂ ਹੋਈਆਂ ਹਨ। ਸਿਧਾਂਤਕ ਤੌਰ 'ਤੇ ਇਹ ਸਾਡੇ ਨਿਰਲੇਪਨ ਨੂੰ ਖ਼ਤਮ ਕਰਨ ਦਾ ਹੀ ਰਾਹ ਪੱਧਰਾ ਕਰ ਰਹੀਆਂ ਹਨ। ਇਸ ਵੇਲੇ ਫ਼ਿਲਮਾਂ ਰਾਹੀਂ ਧਰਮ ਪ੍ਰਚਾਰ ਦੀ ਤਰਫ਼ਦਾਰੀ ਕਰਨ ਵਾਲਿਆਂ ਨੂੰ ਭੁਲੇਖੇ ਵਿਚੋਂ ਨਿਕਲਣਾ ਚਾਹੀਦਾ ਹੈ, ਕਿਉਂਕਿ ਫ਼ਿਲਮਕਾਰੀ ਰਾਹੀਂ ਧਰਮ ਪ੍ਰਚਾਰ ਦੀਆਂ ਗੱਲਾਂ ਰੋਮਾਂਟਿਕ ਵਿਚਾਰਵਾਦ ਤੋਂ ਵੱਧ ਕੁਝ ਨਹੀਂ ਹਨ।

ਇਸ ਸੰਦਰਭ ਵਿਚ ਇਕ ਵਾਰੀ ਸਾਨੂੰ ਆਪਣਾ ਮੁਖ ਗੁਰੂ-ਸਿਧਾਂਤ ਅਤੇ ਗੁਰ-ਇਤਿਹਾਸ ਵੱਲ ਕਰਨ ਦੀ ਲੋੜ ਹੈ। ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੇਲੇ ਸੰਗਤਾਂ ਨੇ ਗੁਰੂ ਸਾਹਿਬ ਦੇ ਸਨਮੁਖ ਇਕ ਵਾਰ ਇਹ ਵਿਚਾਰ ਰੱਖਿਆ ਕਿ ਆਪ ਪੰਥ ਦੇ ਰੂਹਾਨੀ ਮੁਖੀ ਹੋਣ ਦੇ ਨਾਲ-ਨਾਲ ਪੰਥ ਦੇ ਸੰਸਾਰਕ ਮੁਖੀ ਵੀ ਹੋ। ਇਸ ਲਈ ਆਪ ਦੇ ਸਰੂਪ ਨੂੰ ਹੂ-ਬ-ਹੂ ਬਿਆਨ ਕਰਦਾ ਹੋਇਆ ਚਿੱਤਰ ਤਿਆਰ ਹੋਣਾ ਚਾਹੀਦਾ ਹੈ। ਪਰ ਗੁਰੂ ਸਾਹਿਬ ਨੇ ਇਸ ਵਿਚਾਰ ਨੂੰ ਆਪਣੀ ਪਾਵਨ ਰਸਨਾ ਨਾਲ ਰੱਦ ਕਰ ਦਿੱਤਾ ਸੀ ਅਤੇ ਸੰਗਤਾਂ ਨੂੰ ਇਕ ਵਾਰ ਫਿਰ ਦ੍ਰਿੜ੍ਹ ਕਰਵਾਇਆ ਸੀ ਕਿ ਸ਼ਬਦ ਹੀ ਗੁਰੂ ਹੈ। ਭਾਈ ਗੁਰਦਾਸ ਜੀ ਦਾ ਫ਼ਰਮਾਨ ਹੈ :

ਗੁਰ ਮੂਰਤਿ ਗੁਰ ਸਬਦੁ ਹੈ,
ਸਾਧਸੰਗਤਿ ਸਮਸਰਿ ਪਰਵਾਣਾ।

ਸਿੱਖ ਪੰਥ ਨੂੰ ਇਸ ਸਾਖੀ ਵਿਚਲੀ ਦੈਵੀ ਸਿੱਖਿਆ ਨੂੰ ਸਮਝਣ ਅਤੇ ਅਪਨਾਉਣ ਦੀ ਲੋੜ ਹੈ। ਜੇਕਰ ਤਸਵੀਰਾਂ ਰਾਹੀਂ ਹੀ ਸਿੱਖੀ ਦਾ ਪ੍ਰਚਾਰ-ਪ੍ਰਸਾਰ ਕਰਨਾ ਹੁੰਦਾ ਤਾਂ ਇਹ ਗੁਰੂ ਸਾਹਿਬਾਨ ਦੇ ਵੇਲੇ ਤੋਂ ਹੀ ਸ਼ੁਰੂ ਹੋ ਜਾਣਾ ਸੀ ਅਤੇ ਹਰ ਗੁਰੂ ਸਾਹਿਬ ਦਾ ਚਿੱਤਰ, ਗੁਰੂ ਸਾਹਿਬਾਨ ਦੇ ਵਕਤ ਹੀ ਤਿਆਰ ਹੋ ਜਾਣਾ ਸੀ। ਪਰ ਪਹਿਲੇ ਜਾਮੇ ਤੋਂ ਲੈ ਕੇ ਦਸਵੇਂ ਜਾਮੇ ਤੱਕ ਦਸ ਪਾਤਿਸ਼ਾਹੀਆਂ ਨੇ ਪੰਥ ਦੇ ਅੰਦਰ ਸ਼ਬਦ-ਗੁਰੂ ਦਾ ਹੀ ਪ੍ਰਕਾਸ਼ ਕੀਤਾ ਅਤੇ ਸਿੱਖਾਂ ਨੂੰ ਅਮਲੀ ਜੀਵਨ ਦੀ ਜੁਗਤ ਦਿੱਤੀ।

ਜਿੱਥੋਂ ਤੱਕ ਗੱਲ ਹੈ ਸਾਡੇ ਇਤਿਹਾਸ ਨੂੰ ਅਗਲੀ ਪੀੜ੍ਹੀ ਤੱਕ ਨਾਟਕਾਂ-ਫ਼ਿਲਮਾਂ ਰਾਹੀਂ ਪਹੁੰਚਾਉਣ ਅਤੇ ਨਵੀਂ ਪੀੜ੍ਹੀ ਨੂੰ ਸਿੱਖੀ ਮੁੱਖ ਧਾਰਾ ਨਾਲ ਜੋੜਨ ਦੀ, ਇਕ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਫ਼ਿਲਮਾਂ ਧਰਮ ਪ੍ਰਚਾਰ ਕਰਨ ਜਾਂ ਸਿੱਖ ਇਤਿਹਾਸ ਦਾ ਪ੍ਰਭਾਵ ਬਿਹਤਰੀਨ ਤਰੀਕੇ ਨਾਲ ਛੱਡਣ ਦਾ, ਸਿੱਖ ਸਾਖ਼ੀ ਪਰੰਪਰਾ ਤੋਂ ਵਧੇਰੇ ਚੰਗਾ ਜ਼ਰੀਆ ਹੁੰਦੀਆਂ ਤਾਂ ਹੁਣ ਤੱਕ ਦੀ ਸਿੱਖ ਇਤਿਹਾਸ 'ਤੇ ਬਣੀ ਸਭ ਤੋਂ ਚਰਚਿਤ ਫ਼ਿਲਮ 'ਚਾਰ ਸਾਹਿਬਜ਼ਾਦੇ' ਨੂੰ ਬਣਾਉਣ ਵਾਲੇ ਡਾਇਰੈਕਟਰ, ਪ੍ਰੋਡਿਊਸਰ ਕਿਉਂ ਨਹੀਂ ਸਿੱਖ ਸਜ ਸਕੇ? ਕੀ ਅੱਜ ਤੱਕ ਕੋਈ ਇਕ ਵੀ ਅਜਿਹਾ ਸਿੱਖ ਵਿਖਾਇਆ ਜਾ ਸਕਦਾ ਹੈ, ਜਿਹੜਾ ਕਿਸੇ ਧਾਰਮਿਕ ਫ਼ਿਲਮ ਤੋਂ ਪ੍ਰਭਾਵਿਤ ਹੋ ਕੇ ਸਿੱਖ ਰੂਹਾਨੀ ਚੇਤਨਾ ਦੀਆਂ ਉਡਾਰੀਆਂ ਮਾਰਨ ਦੇ ਸਮਰੱਥ ਹੋ ਸਕਿਆ ਹੋਵੇ? ਅਜੋਕੇ ਸਮੇਂ 'ਚ ਫ਼ਿਲਮਾਂ-ਨਾਟਕਾਂ ਜ਼ਰੀਏ ਸਿੱਖੀ ਦਾ ਪ੍ਰਚਾਰ ਕਰਨ ਦੇ ਤਰਫ਼ਦਾਰਾਂ ਦੀਆਂ ਦਲੀਲਾਂ ਦਾ ਗੁਰਮਤਿ ਦੇ ਨਜ਼ਰੀਏ ਤੋਂ ਖੰਡਨ ਕਰਨ ਲਈ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਚਿੱਤਰ ਨਾਟਕ ਵਿਚ ਕੀਤਾ ਫ਼ਰਮਾਨ ਬਿਲਕੁਲ ਢੁੱਕਵਾਂ ਹੈ:

ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕਹ ਆਵਤ ਲਾਜਾ॥

ਭਾਵ; ਧਰਮ ਕਰਮ ਕਰਨ ਲਈ ਜੋ ਸਾਧਕ ਨਾਟਕ ਅਤੇ ਚੇਟਕ ਕਰਦੇ ਹਨ, ਅਜਿਹੇ ਪ੍ਰਪੰਚਾਂ ਨੂੰ ਵੇਖ ਕੇ ਪਰਮਾਤਮਾ ਦੇ ਸੱਚੇ ਭਗਤਾਂ ਨੂੰ ਲੱਜਾ ਆਉਂਦੀ ਹੈ, ਕਿਉਂਕਿ ਅਜਿਹੇ ਵਿਖਾਵੇ ਵਾਹਿਗੁਰੂ ਅਕਾਲ ਪੁਰਖ ਨੂੰ ਨਹੀਂ ਭਾਉਂਦੇ, ਉਸ ਦੇ ਦਰ 'ਤੇ ਸਿਰਫ਼ ਸੱਚੀ ਕਰਨੀ ਹੀ ਸਵੀਕਾਰ ਹੈ, ਉਹ ਸਿਰਫ਼ ਸ਼ੁੱਭ ਜੀਵਨ ਅਮਲਾਂ 'ਤੇ ਹੀ ਰੀਝਦਾ ਹੈ। ਤਾਂਤੇ ਜੇਕਰ ਅਸੀਂ ਵੀ ਆਪਣੇ ਸਿਧਾਂਤਾਂ ਤੋਂ ਓਝੜੇ ਪੈ ਕੇ ਨਾਟਕ-ਚੇਟਕ ਦੀਆਂ ਕੁਰੀਤੀਆਂ-ਕੁਚਾਲਾਂ ਵਿਚ ਫ਼ਸ ਕੇ ਧਰਮ ਪ੍ਰਚਾਰ ਕਰਨ ਦਾ ਭੁਲੇਖਾ ਪਾਲੀ ਬੈਠਾਂਗੇ ਤਾਂ ਫਿਰ ਉਹ ਬੁਨਿਆਦੀ ਸਿਧਾਂਤਾਂ ਅਤੇ ਪਵਿੱਤਰ ਆਦਰਸ਼ਾਂ ਦਾ ਮਹਾਨ ਫ਼ਲਸਫ਼ਾ ਕਿੱਧਰ ਜਾਵੇਗਾ, ਜਿਸ ਨੂੰ ਅਮਲੀ ਜੀਵਨ ਵਿਚ ਨਿਭਾਉਣ ਦੀ ਸਾਡੇ ਅੰਦਰ ਦ੍ਰਿੜ੍ਹਤਾ ਪੱਕੀ ਕਰਨ ਲਈ ਦਸ ਜਾਮਿਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 249 ਸਾਲ ਦਾ ਸਮਾਂ ਲਗਾਉਣਾ ਪਿਆ ਸੀ।

****

# ਪੰਜਾਬ ਦੀ ਤਕਦੀਰ ਵਿੱਚੋਂ ਤਦਬੀਰ ਦਾ ਸਿਰਨਾਵਾਂ — ਵਿਸਾਖੀ

ਪੰਜਾਬ ਵਿੱਚ ਵਿਸਾਖੀ ਦਾ ਦਿਨ ਹਾੜ੍ਹੀ ਦੀ ਫਸਲ ਕਣਕ ਪੱਕਣ ਦੀ ਖੁਸ਼ੀ ਵਿੱਚ ਮੰਨਾਉਣਾ ਸ਼ੁਰੂ ਹੋਇਆ। ਇਸ ਦੀ ਮਹੱਤਤਾ ਸਿੱਖਾਂ ਅੰਦਰ ਵੱਧ ਗਈ ਜਦ ਡੱਲਾ ਨਿਵਾਸੀ ਭਾਈ ਪਾਰੋ ਜੀ ਨੇ ਗੁਰੂ ਅਡਗਦ ਦੇਵ ਜੀ ਦੀ ਆਗਿਆ ਨਾਲ ਇਸ ਨੂੰ ਗੁਰਮੱਤ ਅਨੁਸਾਰ ਮੰਨਾਉਣਾ ਸ਼ੁਰੂ ਕੀਤਾ। ਵਿਸਾਖੀ ਵਿਸਾਖ ਮਹੀਨੇ ਦੀ

ਸੁਖਪਾਲ ਸਿੰਘ ਗਿੱਲ
91-98781-114451

ਪਹਿਲੀ ਤਰੀਕ ਨੂੰ ਮੰਨਾਉਣ ਵਾਲਾ ਤਿਉਹਾਰ ਹੈ। ਪੂਰੇ ਭਾਰਤ ਅਤੇ ਹਿੰਦੂ ਮੱਤ ਵਿੱਚ ਵੀ ਇਸ ਦੀ ਮਾਨਤਾ ਹੈ। ਕਣਕ ਦੀ ਫਸਲ ਨੂੰ ਸਾਂਭਣ ਤੋਂ ਬਾਅਦ ਖੁਸ਼ੀ ਦਾ ਪ੍ਰਗਟਾਵਾ ਕਰਦੇ ਵਿਸਾਖੀ ਦੇ ਮੇਲੇ ਨੂੰ ਜਾਂਦੇ ਹਨ। "ਚੜ੍ਹੇ ਵਿਸਾਖ, ਵਿਸਾਖੀ ਆਈ, ਮੇਲਾ ਦੇਖਣ ਤੁਰੀ ਲੁਕਾਈ " ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਪਉੜੀ ਸਤਾਈ ਵਿੱਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਇਉਂ ਉਚਾਰਿਆ "ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ" ਇਨਕਲਾਬ ਦੀ ਭਾਸ਼ਾ ਵਿੱਚ ਪੰਜਾਬ ਦੀ ਤਕਦੀਰ ਵਿੱਚੋਂ ਤਦਬੀਰ ਦਾ ਸਿਰਨਾਵਾਂ ਬਾਬਰ ਨੂੰ ਜਾਬਰ ਕਹਿਣ ਤੇ ਸ਼ੁਰੂ ਹੋ ਕੇ 1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਹੋਰ ਗੂੜ੍ਹਾ ਹੋ ਗਿਆ। ਪੰਜ ਪਿਆਰੇ ਸਾਜ ਕੇ ਗੁਰੂ ਸਾਹਿਬ ਨੇ ਹੱਕਾਂ, ਗਰੀਬਾਂ ਦੀ ਲੜਾਈ ਲੜਨ ਲਈ ਭੇਦਭਾਵ ਮਿਟਾ ਦਿੱਤਾ। "ਆਪੇ ਗੁਰ ਚੇਲਾ" ਦਾ ਫ਼ਲਸਫ਼ਾ ਲਾਗੂ ਕਰ ਦਿੱਤਾ।

ਵਿਸਾਖੀ ਨਾਲ ਪੰਜਾਬੀਆਂ ਦਾ ਜਿਸਮ ਰੂਹ ਵਾਲਾ ਰਿਸ਼ਤਾ ਹੈ। ਇਸ ਵਿੱਚ ਪੰਜਾਬੀਆਂ ਦੇ ਜ਼ਜ਼ਬੇ , ਜ਼ਜ਼ਬਾਤ, ਸਾਹਿਤ, ਧਾਰਮਿਕਤਾ, ਇਨਕਲਾਬ ਅਤੇ ਸੱਭਿਆਚਾਰਕ ਸਾਂਝਾ ਸ਼ਾਮਿਲ ਹਨ। 13 ਅਪ੍ਰੈਲ 1919 ਨੂੰ ਜਲਿਆਂ ਵਾਲੇ ਬਾਗ ਵਿੱਚ ਹੋਏ ਸਾਕੇ ਨੇ ਅੰਗਰੇਜ਼ੀ ਰਾਜ ਨੂੰ ਖਤਮ ਕਰਨ ਦੀ ਨੀਂਹ ਪੱਕੀ



ਕਰ ਦਿੱਤੀ। 1200 ਦੇ ਲੱਗਭਗ ਸ਼ਹੀਦੀਆਂ ਅਤੇ 3600 ਦੇ ਲੱਗਭਗ ਲੋਕ ਜ਼ਖਮੀ ਹੋਏ। ਜਨਰਲ ਡਾਇਰ ਨੇ ਇਸ ਘਿਨੋਣੇ ਅਪਰਾਧ ਨੇ ਭਾਰਤੀਆਂ ਵਿੱਚ ਨਵੀਂ ਰੂਹ ਫੂਕ ਦਿੱਤੀ। ਸ਼ਹੀਦ ਊਧਮ ਸਿੰਘ ਨੇ 21 ਸਾਲਾਂ ਦੇ ਸਬਰ ਤੋਂ ਬਾਅਦ 16 ਮਾਰਚ 1940 ਜਨਰਲ ਡਾਇਰ ਤੋਂ ਪੰਜਾਬੀਆਂ ਦੇ ਖ਼ੂਨ ਦਾ ਬਦਲਾ ਲੈ ਕੇ ਸ਼ਹੀਦਾਂ ਦੀ ਆਤਮਾ ਨੂੰ ਸ਼ਾਂਤੀ ਦਿੱਤੀ। ਪੰਜਾਬੀਆਂ ਨੇ ਆਪਣੀ ਤਕਦੀਰ ਕਿਸਾਨ ਅੰਦੋਲਨ ਸਮੇਂ ਲਿਖ ਕੇ ਆਪਣੀ ਮਹੱਤਵਤਾ ਅਤੇ ਮਹਾਨਤਾ ਕਾਇਮ ਰੱਖੀ। ਇਸ ਅੰਦੋਲਨ ਦੀ ਜਿੱਤ ਵਿੱਚੋਂ ਉਪਜੀ ਲੋਅ ਨੇ ਪੰਜਾਬ ਵਿੱਚ ਰਾਜ ਪਲਟਾ ਮਾਰਿਆ। ਹੁਣ ਸਾਡੇ ਵਿੱਚ ਇਹ ਸੁਭਾਅ ਖੁਸਦਾ ਜਾਂਦਾ ਹੈ ਕਿ ਅਸੀ ਵਿਸਾਖੀ ਨੂੰ ਮਹੱਤਵਤਾ ਅਤੇ ਮਹਾਨਤਾ ਦੀ ਸਮਝ ਤੋਂ ਮੱਧਮ ਹੋਏ। ਵਿਸਾਖੀ ਦਾ ਤਿਉਹਾਰ ਹੀ ਰੰਗਲੇ ਪੰਜਾਬ ਦੀ ਮੁੱਢ ਬੰਨ੍ਹਦਾ ਹੈ। ਪੰਜਾਬ ਨੂੰ ਰੰਗਲਾ ਬਣਾਉਣ ਦੀ ਆਸ ਨਵੀਂ ਸਰਕਾਰ ਤੋਂ ਜ਼ਰੂਰ ਬੱਝੀ ਹੈ । ਸ਼ਾਲਾ ਵਿਸਾਖੀ ਨੂੰ ਇਸਦੇ ਸਾਰੇ ਪੱਖਾਂ ਤੋਂ ਘੋਖ ਕੇ ਆਪਣੇ ਹਿਰਦੇ ਵਿੱਚ ਵਸਾ ਸਕੀਏ। ਪ੍ਰਿੰਸੀਪਲ ਕਰਮਜੀਤ ਸਿੰਘ ਗਠਵਾਲਾ ਨੇ ਆਪਣੀ ਕਵਿਤਾ "ਵਿਸਾਖੀ ਤੇਰੀ ਬੁੱਕਲ ਦੇ ਵਿੱਚ" ਵਿਸਾਖੀ ਦੀ ਵਿਰਾਸਤ ਨੂੰ ਇਓਂ ਪਰੋਇਆ ਹੈ —

ਵਿਸਾਖੀ ਤੇਰੀ ਬੁੱਕਲ ਦੇ ਵਿੱਚ
ਛੁਪੀਆਂ ਹੋਈਆਂ ਕਈ ਗੱਲਾਂ ਨੀਂ।
ਕਿੱਤੇ ਗੱਭਰੂ ਪਾਉਂਦੇ ਭੰਗੜੇ ਨੇ,
ਕਿਤੇ ਕੁਰਬਾਨੀਆਂ ਦੀ ਛੱਲਾਂ ਨੀਂ।
ਖੜ੍ਹਾ ਗੋਬਿੰਦ ਸਾਨੂੰ ਦਿੱਸਦਾ ਏ,
ਗੱਲ ਜਿਸਦੀ ਨੂੰ ਕੰਨ ਸੁਣ ਰਹੇ ਨੇ ।
ਖਿੰਡਰੇ — ਪੁੰਡਰੇ ਪੰਥ ਵਿੱਚੋਂ ਕੁੱਝ
ਲਾਲ ਅਮੋਲਕ ਚੁਣ ਰਹੇ ਨੇ।
ਜਿਨ੍ਹਾਂ ਰੁੜ੍ਹਦੇ ਜਾਂਦੇ ਧਰਮ ਤਾਈਂ, ਪਾ ਦਿੱਤੀਆਂ ਸਨ ਠੱਲਾ ਨੀਂ।
ਯਾਦ ਆਵੇ ਬਾਗ ਜਲ੍ਹਿਆਂਵਾਲਾ, ਜਿੱਥੇ ਹੜ੍ਹ ਸਨ ਖ਼ੂਨ ਵਗਾ ਦਿੱਤੇ।
ਅਜ਼ਾਦੀ ਦੇ ਸ਼ੋਲੇ ਹੋਰ ਸਗੋਂ, ਉਸ ਖ਼ੂਨ ਦੀ ਲਾਲੀ ਮਘਾ ਦਿੱਤੇ।

ਖ਼ੂਨ ਡੁੱਲਿਆ ਜੋ ਪਰਵਾਨਿਆਂ ਦਾ, ਉਸ ਨੇ ਪਾਈਆਂ ਤਰਥੱਲਾਂ ਨੀਂ। ਅੱਜ ਵੱਜਦੇ ਕਿੱਧਰੇ ਢੋਲ ਸੁਣਨ, ਕਿਸਾਨ ਪਏ ਭੰਗੜੇ ਪਾਉਂਦੇ ਨੇ। ਮੁਟਿਆਰਾਂ ਦੇ ਗਿੱਧੇ, ਲੋਕਾਂ ਦੇ ਸੋਹਲ ਦਿਲਾਂ ਤਾਈਂ ਹਿਲਾਉਦੇਂ ਨੇ । ਇਸ ਖ਼ੁਸ਼ੀ ਦੀ ਲੋਰ ਮੇਰਾ ਜੀ ਕਰਦਾ, ਅੱਜ ਨੀਰ ਵਾਂਗ ਵਹਿ ਚੱਲਾ ਨੀਂ।

# ਪਹਿਲੇ ਕਾਨੂੰਨ ਮੰਤਰੀ ਤੇ ਸੰਵਿਧਾਨ ਨਿਰਮਾਤਾ - ਡਾ ਬੀ ਆਰ ਅੰਬੇਦਕਰ

ਡਾ ਭੀਮ ਰਾਓ ਅੰਬੇਦਕਰ ਦਾ ਜੀਵਨ ਸਮਾਜਿਕ ਬਰਾਬਰੀ ਨੂੰ ਸਮਰਪਿਤ ਰਿਹਾ ਸੀ । ਉਹਨੇ ਦੇ ਬਣਾਏ ਸੰਵਿਧਾਨ ਨੇ ਭਾਰਤ ਦੇ ਹਰ ਨਾਗਰਿਕ ਨੂੰ ਸਨਮਾਨਯੋਗ ਜੀਵਨ ਜਿਉਣ ਦੀ ਅਜਾਦੀ ਬਖਸੀ । ਭਾਵੇ ਪਿਤਾ ਸਰਕਾਰੀ ਅਫਸਰ ਸੀ ਪਰ ਸਮਜਿਕ ਨਾਬਰਾਬਰੀ ਦੇ ਵਿਵਹਾਰ ਤੋ ਬਚ ਨਾ ਸਕੇ। ਜਿਸ ਕਾਰਨ ਸਮਾਜਿਕ ਅਦਰੂੰਨੀ ਅਜਾਦੀ ਨੂੰ ਕਨੂੰਨੀ ਰੂਪ ਦੇਣ ਦਾ ਮਹਾਨ ਉਪਰਾਲਾ ਕੀਤਾ ।ਅੰਬੇਡਕਰ ਦਾ ਜਨਮ 14 ਅਪ੍ਰੈਲ 1891 ਨੂੰ ਮੱਧ ਪ੍ਰਦੇਸ਼ ਦੇ ਮਹੂ ਕਸਬੇ ਵਿੱਚ ਹੋਇਆ । ਉਹ ਸੂਬੇਦਾਰ ਪਿਤਾ ਰਾਮਜੀ ਮਾਲੋਜੀ ਸਕਪਾਲ ਅਤੇ ਮਾਤਾ ਭੀਮਾਬਾਈ ਸਕਪਾਲ ਦਾ 14ਵਾਂ ਬੱਚਾ ,ਪਰਿਵਾਰ ਮਹਾਰਾਸ਼ਟਰ ਦੇ ਰਤਨਾਗਿਰੀ ਜ਼ਿਲੇ ਦੇ ਅੰਬਦਾਵੇ ਕਸਬੇ ਤੋਂ ਮਰਾਠੀ ਪਿਛੋਕੜ ਦੇ ਸਨ।ਅੰਬੇਡਕਰ ਦਾ ਜਨਮ ਮਹਾਰ (ਦਲਿਤ) ਜਾਤੀ ਵਿੱਚ ਹੋਇਆਜਿਨ੍ਹਾਂ ਨੂੰ ਅਛੂਤ ਸਮਝਿਆ ਜਾਂਦਾ ਸੀ । ਜੋ ਅਕਸਰ ਸਮਾਜਿਕ ਵਿਤਕਰੇ ਦੇ ਸ਼ਿਕਾਰ ਹੁੰਦੇ ਸਨ। ਅੰਬੇਡਕਰ ਦੇ ਪੂਰਵਜਾਂ ਨੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੀ ਫੌਜ ਲਈ ਲੰਬੇ ਸਮਾ ਕੰਮ ਕੀਤਾ। ਸਕੂਲ ਸਮੇ ਅੰਬੇਡਕਰ ਅਤੇ ਹੋਰ ਅਛੂਤ ਬੱਚੇ ਵੱਖਰੇ ਬਠਾਏ ਜਾਦੇ ਸਨ। ਉਨ੍ਹਾਂ ਵੱਲ ਅਧਿਆਪਕਾਂ ਦੁਆਰਾ ਘੱਟ ਧਿਆਨ ਦਿੱਤਾ ਜਾਦਾ ਸੀ। ਕਈ ਵਾਰ ਕਲਾਸ ਦੇ ਅੰਦਰ ਬੈਠਣ ਦੀ ਮਨਾਹੀ ਹੁੰਦੀ । ਜਦੋਂ ਉਨ੍ਹਾਂ ਨੂੰ ਪਾਣੀ ਪੀਣ ਦੀ ਜ਼ਰੂਰਤ ਹੁੰਦੀ ਤਾਂ ਉੱਚ ਜਾਤੀ ਦੇ ਵਿਅਕਤੀ ਵਲੋ ਡੋਲੂ ਨਾਲਪਾਣੀ ਦਿੱਤਾ ਜਾਦਾ, ਕਿਉਂਕਿ ਉਨ੍ਹਾਂ ਨੂੰ ਪਾਣੀ ਜਾਂ ਭਾਂਡੇ ਨੂੰ ਛੂਹਣ ਦੀ ਆਗਿਆ ਨਹੀਂ ਸੀ। ਇਹ ਕੰਮ ਸਕੂਲ ਦੇ ਚਪੜਾਸੀ ਦੁਆਰਾ ਅੰਬੇਡਕਰ ਲਈ ਕੀਤਾ ਜਾਂਦਾਅਤੇ ਜੇ ਚਪੜਾਸੀ ਉਪਲਬਧ ਨਹੀਂ ਤਾਂ ਉਸ ਨੂੰ ਪਾਣੀ ਤੋਂ ਬਿਨਾਂ ਰਿਹਣਾ ਪੈਂਦਾ ਸੀ । ਆਪਣੀਆ " ਚਪੜਾਸੀ ਨਹੀ, ਪਾਣੀ ਨਹੀਂ" ਕਿਤਾਬ ਵਿੱਚ ਜਿਕਰ ਕੀਤਾ। ਜਮਾਤ ਵਿੱਚ ਬੈਠਣ ਲਈ ਘਰੋ ਹੀ ਬੋਰੀ ਲੈ ਕੇ ਜਾਦੇ ਤੇ ਵਾਪਿਸ ਲਿਉਣੀ ਵੀ ਲਾਜਮੀ ਕੀਤਾ ਹੋਇਆ ਸੀ ।ਦੂਜੇ ਬੱਚੇ ਭਾਵੇ ਸਕੂਲ ਹੀ ਰੱਖ ਸਕਦੇ ਸਨ ।

1897 ਵਿੱਚ ਅੰਬੇਡਕਰ ਦਾ ਪਰਿਵਾਰ ਮੁੰਬਈ ਆ ਗਿਆ ਜਿੱਥੇ ਅੰਬੇਡਕਰ ਐਲਫਿੰਸਟਨ ਹਾਈ ਸਕੂਲ ਵਿੱਚ ਦਾਖਲ ਹੋਣ ਵਾਲੇ ਪਹਿਲਾ ਅਛੂਤ ਵਿਦਿਆਰਥੀ ਸੀ ।1906 ਵਿੱਚ ਜਦੋਂ ਉਹ ਲਗਭਗ 15 ਸਾਲ ਦੇ ਸਨ, ਇੱਕ ਲੜਕੀ ਰਮਾਬਾਈ ਨਾਲ ਵਿਆਹ ਕਰਵਾ ਲਿਆ। ਅੰਬੇਡਕਰ ਨੇ 1907 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਪਾਸ ਕੀਤੀ ਅਤੇ ਅਗਲੇ ਸਾਲ ਉਸਨੇ ਐਲਫਿੰਸਟਨ ਕਾਲਜ ਵਿੱਚ ਦਾਖਲਾ ਲਿਆ, ਜੋ ਕਿ ਬੰਬਈ ਯੂਨੀਵਰਸਿਟੀ ਨਾਲ ਮਾਨਤਾ ਪ੍ਰਾਪਤ ਸੀ । ਮਹਾਰ ਜਾਤੀ ਵਿੱਚੋਂ ਮੈਟ੍ਰਿਕ ਦੀ ਪ੍ਰੀਖਿਆ ਪਾਸ ਪਹਿਲਾ ਵਿਅਕਤੀ ਬਣ ਗਿਆ। ਜਦੋਂ ਉਸਨੇ ਆਪਣੀ ਅੰਗਰੇਜ਼ੀ ਜਮਾਤ ਦੀ ਪ੍ਰੀਖਿਆ ਪਾਸ ਕੀਤੀ,ਤਾਂ ਉਸਦੇ ਭਾਈਚਾਰੇ ਦੇ ਲੋਕ ਜਸ਼ਨ ਮਨਾਉਣਾ ਚਹੁੰਦੇ ਸਨ ਕਿਉਂਕਿ ਉਹ ਸਮਝਦੇ ਸਨ ਕਿ ਉਹ "ਮਹਾਨ ਉਚਾਈਆਂ"'ਤੇ ਪਹੁੰਚ ਗਿਆ "ਦੂਜੇ ਭਾਈਚਾਰਿਆਂ ਵਿੱਚੋ ਸਿੱਖਿਆ ਦੇ ਮੁਕਾਬਲੇ ਦਾ ਕੋਈ ਨਹੀ "। ਉਸਦੀ ਸਫਲਤਾ ਦਾ ਜਸ਼ਨ ਮਨਾਉਣ ਲਈ ਜਨਤਕ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਦਾਦਾ ਕੇਲੁਸਕਰ, ਲੇਖਕਾ ਅਤੇ ਪਰਿਵਾਰਕ ਦੋਸਤ ਦੁਆਰਾ ਬੁੱਧ ਦੀ ਜੀਵਨੀ ਭੇਂਟ ਕੀਤੀ ਗਈ। 1912 ਤੱਕ ਉਸਨੇ ਬੰਬਈ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ ਵਿੱਚ ਆਪਣੀ ਡਿਗਰੀ ਪ੍ਰਾਪਤ ਕਰ ਲਈ ।ਜਲਦ ਬੜੌਦਾ ਸਰਕਾਰ ਵਿੱਚ ਨੌਕਰੀ ਸੁਰੂ ਕਰ ਦਿੱਤੀ । ਪਤਨੀ ਨੇ ਵੀ ਪਰਿਵਾਰ ਦੀ ਦੇਖਭਾਲ ਦਾ ਜੁੰਮਾ ਚੁਕਿਆ ਜਿਸ ਲਈ ਬਿਮਾਰ ਪਿਤਾ ਨੂੰ ਦੇਖਣ ਲਈ ਮੁੰਬਈ ਵਾਪਸ ਜਾਣਾ ਪਿਆ, ਪਰ 2 ਫਰਵਰੀ 1913 ਨੂੰ ਮੌਤ ਹੋ ਗਈ ਸੀ।

ਸਯਾਜੀਰਾਓ ਗਾਇਕਵਾੜ ਦੁਆਰਾ ਬੜੌਦਾ ਸਟੇਟ ਸਕਾਲਰਸ਼ਿਪ ਸਥਾਪਿਤ ਕੀਤੀ ਗਈ। ਇਸ ਤਹਿਤ ਤਿੰਨ ਸਾਲਾਂ ਲਈ ਪ੍ਰਤੀ ਮਹੀਨਾ ਵਜੀਫੇ ਦੀ ਰਕਮ ਦਿੱਤੀ ਜਾਦੀ ਸੀ । ਅਸਲ ਵਿੱਚ ਇਹ ਯੋਜਨਾ ਅੰਬੇਡਕਰ ਨੂੰ ਪੋਸਟ ਗ੍ਰੈਜੂਏਟ ਸਿੱਖਿਆ ਦਾ ਮੌਕੇ ਪ੍ਰਦਾਨ ਕਰਨ ਲਈ ਤਿਆਰ ਕੀਤੀ ਗਈ ਸੀ । ਜਿਸ ਸਦਕਾ1913 ਨੂੰ 22 ਸਾਲ ਦੀ ਉਮਰ ਵਿੱਚ ਕੋਲੰਬੀਆ ਯੂਨੀਵਰਸਿਟੀ ਦਖਲ ਹੋਏ । ਨਿਊਯਾਰਕ ਸਿਟੀ ਪਹੁੰਚਣ ਤੇ ਲਿਵਿੰਗਸਟਨ ਹਾਲ ਵਿੱਚ ਪਾਰਸੀ ਨੇਵਲ ਭਥੇਨਾ ਨਾਲ ਕਮਰੇ ਵਿੱਚ ਰਿਹਣ ਲੱਗੇ ਜੋ ਜੀਵਨ ਭਰ ਦੋਸਤ ਬਣੇ ਰਹੇ। ਜੂਨ 1915 ਵਿੱਚ ਐਮ।ਏ। ਦੀ ਪ੍ਰੀਖਿਆ ਪਾਸ ਕਰ ਅਰਥ ਸ਼ਾਸਤਰ, ਸਮਾਜ ਸ਼ਾਸਤਰ, ਇਤਿਹਾਸ, ਦਰਸ਼ਨ ਅਤੇ ਮਾਨਵ ਵਿਗਿਆਨ ਵਿਸ਼ਿਆਂ ਦਾ ਡੂੰਘਾ ਅਧਿਐਨ ਕੀਤਾ। ਉਸ ਸਮੇ ਪ੍ਰਾਚੀਨ ਭਾਰਤੀ ਵਣਜ ਉਪਰ ਖੋਜ ਦਾ ਥੀਸਿਸ ਵੀ ਲਿਖਿਆ। ਅੰਬੇਡਕਰ ਜੌਹਨ ਡਿਵੀ ਦੇ ਲੋਕਤੰਤਰ ਸਬੰਧਤ ਵਿਚਾਰਾ ਤੋਂ ਕਾਫ਼ੀ ਪ੍ਰਭਾਵਿਤ ਸਨ। 1916 ਵਿੱਚ ਨੈਸ਼ਨਲ ਡਿਵੀਡੈਂਡ ਆਫ਼ ਇੰਡੀਆ - ਏ ਹਿਸਟੋਰਿਕ ਐਂਡ ਐਨਾਲਿਟੀਕਲ ਸਟੱਡੀ ਦੀ ਦੂਜੀ ਐਮਏ ਲਈ ਖੋਜ ਪੱਤਰ ਪੇਸ ਕੀਤਾ। ਮਾਨਵ-ਵਿਗਿਆਨੀ



ਅਲੈਗਜ਼ੈਂਡਰ ਗੋਲਡਨਵਾਈਜ਼ਰ ਦੁਆਰਾ ਕਰਵਾਏ ਗਏ ਇੱਕ ਸੈਮੀਨਾਰ ਵਿੱਚ ਪਹਿਲਾਂ ਪੇਪਰ ਕਾਸਟਸ ਇਨ ਇੰਡੀਆ: ਦਿਅਰ ਮਕੈਨਿਜ਼ਮ, ਜੈਨੇਸਿਸ ਐਂਡ ਡਿਵੈਲਪਮੈਂਟ ਪੜਿਆ।

ਅਕਤੂਬਰ 1916 ਨੂੰ ਲੰਡਨ ਸਕੂਲ ਆਫ਼ ਇਕਨਾਮਿਕਸ ਵਿੱਚ ਦਾਖਲਾ ਲੈਣ ਉਪਰੰਤ ਡਾਕਟਰੇਟ ਥੀਸਿਸਤੇਕੰਮ ਸ਼ੁਰੂ ਕੀਤਾ। ਜੂਨ 1917 ਵਿਚ ਸਕਾਲਰਸ਼ਿਪ ਖਤਮ ਹੋਣ ਕਾਰਨ ਭਾਰਤ ਵਾਪਸ ਆ ਗਏ। ਉਹਨਾਂ ਦੀਆ ਪੁਸਤਕ ਵੱਖਰੇ ਜਹਾਜ਼ਰਾਹੀਭੇਜੀਆ ਗਈਆ। ਪਰ ਸਖਤ ਘਾਲਣਾ ਦੇ ਚਲਦਿਆ ਚਾਰ ਸਾਲਾਂ ਦੇ ਅੰਦਰ ਆਪਣਾ ਥੀਸਿਸ ਜਮ੍ਹਾਂ ਕਰਾਉਣ ਵਾਸਤੇ ਲੰਡਨ ਵਾਪਸ ਜਾਣ ਦੀ ਇਜਾਜ਼ਤ ਮਿਲ ਗਈ। 1921 ਵਿੱਚ ਮਾਸਟਰ ਦੀ ਡਿਗਰੀ ਪੂਰੀ ਕਰ ਉਸਦਾ ਥੀਸਿਸ "ਰੁਪਏ ਦੀ ਸਮੱਸਿਆ: ਇਸਦਾ ਮੂਲ ਅਤੇ ਇਸਦਾ ਹੱਲ" ਬਾਰੇ ਲਿਖਿਆ । 1923 ਵਿੱਚ ਲੰਡਨ ਯੂਨੀਵਰਸਿਟੀ ਨੇ ਅਰਥ ਸ਼ਾਸਤਰ ਵਿਸੇ ਦੀ ਨਵੀ ਖੋਜ ਸਦਕਾ ਸਨਮਾਨਿਤ ਕੀਤੇ ਗਏ। 1927 ਵਿੱਚ ਕੋਲੰਬੀਆ ਯੂਨੀਵਰਸਿਟੀ ਤੋ ਅਰਥ ਸ਼ਾਸਤਰ ਵਿੱਚ ਪੀਐੱਚਡੀ ਦੀ ਡਿਗਰੀ ਹਾਸਿਲ ਕੀਤੀ।

1927 ਵਿੱਚ ਅੰਬੇਡਕਰ ਨੇ ਛੂਤ-ਛਾਤ ਵਿਰੁੱਧ ਸਰਗਰਮ ਅੰਦੋਲਨ ਸ਼ੁਰੂ ਕਰਨ ਦਾ ਫੈਸਲਾ ਕੀਤਾ। ਜਿਸ ਦੀ ਸ਼ੁਰੂਆਤ ਮੰਦਰਾਂ ਵਿੱਚ ਦਾਖਲੇ ਅਤੇ ਜਨਤਕ ਪੀਣ ਵਾਲੇ ਪਾਣੀ ਦੇ ਸਰੋਤਾਂ ਨੂੰ ਖੋਲ੍ਹਣ ਲਈ ਅੰਦੋਲਨਾਂ ਨਾਲ ਕੀਤੀ । ਮਹਾਡ ਵਿੱਚ ਅਛੂਤ ਭਾਈਚਾਰੇ ਦੇ ਕਸਬੇ ਨੂੰ ਮੁੱਖ ਪਾਣੀ ਦੀ ਟੈਂਕੀ ਤੋਂ ਪਾਣੀ ਲੈਣ ਦੇ ਅਧਿਕਾਰ ਲਈ ਸੱਤਿਆਗ੍ਰਹਿ ਦੀ ਅਗਵਾਈ ਕੀਤੀ। ਕਾਨਫਰੰਸ ਰਾਹੀ ਅੰਬੇਡਕਰ ਨੇ ਜਾਤੀ ਭੇਦਭਾਵ ਅਤੇ "ਛੂਤ-ਛਾਤ" ਨੂੰ ਵਿਚਾਰਧਾਰਕ ਤੌਰ ਤੇ ਗਲਤ ਠਹਿਰਾਇਆ ਅਤੇ ਮਨੁਸਮ੍ਰਿਤੀ ਦੀ ਨਿੰਦਾ ਦਾ ਪੱਖ ਰੱਖਿਆ। 25 ਦਸੰਬਰ 1927 ਨੂੰ, ਉਸਨੇ ਮਨੁਸਮ੍ਰਿਤੀ ਦੀਆਂ ਕਾਪੀਆਂ ਸਾੜਨ ਲਈ ਹਜ਼ਾਰਾਂ ਪੈਰੋਕਾਰਾਂ ਦੀ ਅਗਵਾਈ ਕੀਤੀ।1930 ਵਿੱਚ ਅੰਬੇਡਕਰ ਨੇ ਤਿੰਨ ਮਹੀਨਿਆਂ ਦੀ ਤਿਆਰੀ ਤੋਂ ਬਾਅਦ ਕਾਲਾਰਾਮ ਮੰਦਰ ਅੰਦੋਲਨ ਅਰੰਭਿਆ। ਨਾਸਿਕ ਦੇ ਇਸ ਮਹਾਨ ਸੱਤਿਆਗ੍ਰਹਿ ਵਿੱਚ ਲਗਭਗ 15,000 ਵਾਲੰਟੀਅਰ ਇਕੱਠੇ ਹੋਏ। ਜਲੂਸ ਦੀ ਅਗਵਾਈ ਫੌਜੀ ਬੈਂਡ ਅਤੇ ਸਕਾਊਟਸ ਦੇ ਜੱਥੇ ਦੁਆਰਾ ਕੀਤੀ ਗਈ ਸੀ ।ਔਰਤਾਂ ਅਤੇ ਪੁਰਸ਼ਾਂ ਨੇ ਅਨੁਸ਼ਾਸਨ ਅਤੇ ਦ੍ਰਿੜ ਇਰਾਦੇ ਨਾਲ ਪਹਿਲੀ ਵਾਰ ਦੇਵਤਿਆ ਦੇ ਦਰਸ਼ਨ ਕੀਤੇ। ਪਰ ਜਦੋ ਪ੍ਰਵੇਸ ਕਰਨ ਲੱਗੇ ਤਾਂ ਅਧਿਕਾਰੀਆਂਨੇ ਦਰਵਾਜ਼ੇ ਬੰਦ ਕਰ ਦਿੱਤੇ ।

16 ਅਗਸਤ 1932 ਵਿੱਚ ਕਮਿਊਨਲ ਅਵਾਰਡ (ਫਿਰਕੂ ਪੁਰਸਕਾਰ) ਰਾਹੀ ਉਦਾਸੀਨ ਤੇ ਘੱਟ ਗਿਣਤੀ ਦੇ ਵਰਗ ਅਧਾਰ ਤੇ ਇੱਕ ਵੱਖਰਾ ਚੋਣਕਾਰ ਮੰਡਲ ਬਣਾਉਣ ਦਾ ਐਲਾਨ ਹੋਇਆ। ਮਹਾਤਮਾ ਗਾਂਧੀ ਨੇ ਅਛੂਤਾਂ ਲਈ ਵੱਖਰੇ ਵੋਟਰਾਂ ਦਾ ਸਖ਼ਤ ਵਿਰੋਧ ਕਰਦੇ ਹੋਏ ਕਿਹਾ ਕਿ ਅਜਿਹੀ ਵਿਵਸਥਾ ਸਮਾਜਿਕ ਭਾਈਚਾਰੇ ਨੂੰ ਵੰਡ ਦੇਵੇਗੀ। ਜਿਸ ਲਈ ਗਾਂਧੀ ਨੇ ਪੂਨਾ ਦੀ ਯਰਵਦਾ ਸੈਂਟਰਲ ਜੇਲ੍ਹ ਵਿੱਚ ਬੰਦ ਦੌਰਾਨ ਵਰਤ ਰੱਖ ਕੇ ਰੋਸ ਪ੍ਰਗਟ-ਾਇਆ।ਇਸ ਦੇ ਹੱਲ ਲਈ ਮਦਨ ਮੋਹਨ ਮਾਲਵੀਆ ਅਤੇ ਪਲਵੰਕਰ ਬੱਲੂ ਵਰਗੇ ਕਾਂਗਰਸੀ ਸਿਆ-ਸਤਦਾਨਾਂ ਨੇ ਯਰਵੜਾ ਵਿਖੇ ਅੰਬੇਡਕਰ ਨਾਲ ਸਾਂਝੀਆਂ ਮੀਟਿੰਗਾਂ ਕੀਤੀਆਂ। 25 ਸਤੰਬਰ 1932 ਨੂੰ ਅੰਬੇਡਕਰ (ਹਿੰਦੂਆਂ ਵਿੱਚ ਦੱਬੇ-ਕੁਚਲੇ ਵਰਗਾਂ ਦੀ ਤਰਫੋਂ) ਅਤੇ ਮਦਨ ਮੋਹਨ ਮਾਲਵੀਆ (ਦੂਜੇ ਹਿੰਦੂਆਂ ਦੀ ਤਰਫੋਂ) ਵਿਚਕਾਰ ਪੂਨਾ ਪੈਕਟ ਵਜੋਂ ਜਾਣੇ ਜਾਂਦੇ ਸਮਝੌਤੇ 'ਤੇ ਦਸਤਖ਼ਤ ਕੀਤੇ ਗਏ ਸਨ। ਸਮਝੌਤੇ ਅਨੁਸਾਰ ਆਮ ਵੋਟਰਾਂ ਦੇ ਅੰਦਰ ਅਸਥਾਈ ਵਿਧਾਨ ਸਭਾਵਾਂ ਵਿੱਚ ਨਿਰਾਸ਼ ਵਰਗਾਂ ਲਈ ਰਾਖਵੀਆਂ ਸੀਟਾਂ ਦਿੱਤੀਆਂ।ਜਿਸ ਨਾਲ ਵਿਧਾਨ ਸਭਾ ਵਿੱਚ 71 ਦੀ ਬਜਾਏ 148 ਸੀਟਾਂ ਮਿਲੀਆਂ।

1935 ਵਿੱਚ ਅੰਬੇਦਕਰ ਨੂੰ ਦੋ ਸਾਲਾਂ ਲਈ ਸਰਕਾਰੀ ਲਾਅ ਕਾਲਜ ਬੰਬਈ ਦਾ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ। ਦਿੱਲੀ ਯੂਨੀਵਰਸਿਟੀ ਦੇ ਰਾਮਜਸ ਕਾਲਜ ਦੀ ਗਵਰਨਿੰਗ ਬਾਡੀ ਦੇ ਸੰਸਥਾਪਕ ਸ਼੍ਰੀ ਰਾਏ ਕੇਦਾਰਨਾਥ ਦੀ ਮੌਤ ਤੋਂ ਬਾਅਦ ਚੇਅਰਮੈਨ ਵਜੋਂ ਵੀ ਕੰਮ ਕੀਤਾ । ਬੰਬਈ ਵਿੱਚ ਆ ਕੇ ਅੰਬੇਡਕਰ ਨੇ ਇੱਕ ਘਰ ਅਤੇ ਲਾਇਬ੍ਰੇਰੀ ਦਾ ਨਿਰਮਾਣ ਕਰ 50,000 ਤੋਂ ਵੱਧ ਕਿਤਾਬਾਂ ਦਾ ਭੰਡਾਰ ਰੱਖਿਆ। ਉਸ ਦੀ ਪਤਨੀ ਰਮਾਬਾਈ ਦੀ ਲੰਬੀ ਬਿਮਾਰੀ ਤੋਂ ਬਾਅਦ ਮੌਤ ਹੋ ਗਈ। ਪੰਢਰਪੁਰ ਦੀ ਤੀਰਥ ਯਾਤਰਾ 'ਤੇ ਜਾਣ ਦੀ ਉਸਦੀ ਲੰਬੇ ਸਮੇਂ ਤੋਂ ਇੱਛਾ ਸੀ, ਪਰ ਅੰਬੇਡਕਰ ਨੇ ਉਸਨੂੰ ਇਹ ਕਹਿ ਕੇ ਜਾਣ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਉਹ ਹਿੰਦੂ ਧਰਮ ਦੇ ਪੰਢਰਪੁਰ ਦੀ ਬਜਾਏ ਉਸਦੇ ਲਈ ਇੱਕ ਨਵਾਂ ਪੰਢਰਪੁਰ ਬਣ-ਾਉਣਗੇ। ਨਾਸਿਕ ਵਿੱਚ ਯੇਓਲਾ ਧਰਮ ਪਰਿਵਰਤਨ ਕਾਨਫਰੰਸ ਵਿੱਚ ਅੰਬੇਡਕਰ ਨੇ ਧਰਮ ਬਦਲਣ ਦੇ ਆਪਣੇ ਇਰਾਦੇ ਦੀ ਘੋਸ਼ਣਾ ਕੀਤੀ । ਉਹ ਭਾਰਤ ਭਰ ਵਿੱਚ ਕਈ ਜਨਤਕ ਮੀਟਿੰਗਾਂ ਵਿੱਚ ਆਪਣਾ ਸੰਦੇਸ਼ ਦੁਹਰਾਇਆ। 1936 ਵਿੱਚ ਅੰਬੇਦਕਰ ਨੇ ਸੁਤੰਤਰ ਲੇਬਰ ਪਾਰਟੀ ਦੀ ਸਥਾਪਨਾ ਕੀਤੀ, ਜਿਸਨੇ 1937 ਵਿੱਚ ਕੇਂਦਰੀ ਵਿਧਾਨ ਸਭਾ ਲਈ 13 ਰਾਖਵੀਆਂ ਅਤੇ 4 ਜਨਰਲ ਸੀਟਾਂ ਲਈ ਬੰਬੇ ਦੀ ਚੋਣ ਲੜੀ ਜਿਸ ਵਿੱਚ 11 ਅਤੇ 3 ਸੀਟਾਂ ਹਾਸਿਲ ਕੀਤੀਆਂ।

15 ਅਗਸਤ 1947 ਨੂੰ ਭਾਰਤ ਦੀ ਆਜ਼ਾਦੀ ਤੋਂ ਬਾਅਦ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਅੰਬੇਡਕਰ ਨੂੰ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਵਜੋਂ ਸੇਵਾ ਕਰਨ ਲਈ ਸੱਦਾ ਦਿੱਤਾ । ਦੋ ਹਫ਼ਤਿਆਂ ਬਾਅਦ ਭਾਰਤ ਦੇ ਭਵਿੱਖੀ ਗਣਰਾਜ ਲਈ ਸੰਵਿਧਾਨ ਦੀ ਡਰਾਫਟ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਭਾਰਤੀ ਸੰਵਿਧਾਨ ਧਰਮ ਦੀ ਆਜ਼ਾਦੀ, ਛੂਤ-ਛਾਤ ਦੇ ਖਾਤਮੇ, ਅਤੇ ਵਿਤਕਰੇ ਦੇ ਸਾਰੇ ਰੂਪਾਂ ਨੂੰ ਗੈਰ-ਕਾਨੂੰਨੀ ਬਣਾਉਣ ਸਮੇਤ ਵਿਅਕਤੀਗਤ ਨਾਗਰਿਕਾਂ ਲਈ ਨ ਾ ਗ ਰਿ ਕ ਸੁਤੰਤਰਤਾਵਾਂ ਦੀ ਵਿਸ਼ਾਲ ਸ਼੍ਰੇਣੀ ਲਈ ਗਾਰੰਟੀ ਅਤੇ ਸੁਰ-ੱਖਿਆ ਨੂੰ ਮੂਲ ਅਧਾਰ ਬਣਾਇਆ ਗਿਆ। ਅੰਬੇਡਕਰ ਨੇ ਔਰਤਾਂ ਲਈ ਵਿਆਪਕ ਆਰਥਿਕ ਅਤੇ ਸਮਾਜਿਕ ਅਧਿ-ਕਾਰਾਂ ਲਈ ਦਲੀਲ ਦਿੱਤੀ ।ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਮੈਂ-ਬਰਾਂ ਲਈ ਸਿਵਲ ਸੇਵਾਵਾਂ, ਸਕੂਲਾਂ ਅਤੇ ਕਾਲਜਾਂ ਵਿੱਚ ਨੌਕਰੀਆਂ ਦੇ ਰਾਖਵੇਂਕਰਨ ਦੀ ਇੱਕ ਪ੍ਰਣਾਲੀ ਨੂੰ ਪੇਸ਼ ਕਰਨ ਲਈ ਅਸੈਂਬਲੀ ਦਾ ਸਮਰਥਨ ਪ੍ਰਾਪਤ ਕੀਤਾ।



**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**
**78374-90309**

ਭਾਰਤ ਦੇ ਕਾਨੂੰਨਸਾਜ਼ਾਂ ਨੇ ਇਸ ਰਾਹੀਂ ਸਮਾਜਿਕ-ਆਰਥਿਕ ਅਸਮਾਨਤਾਵਾਂ ਅਤੇ ਭਾਰਤ ਦੇ ਨਿਰਾਸ਼ ਵਰਗਾਂ ਲਈ ਮੌਕਿਆਂ ਦੀ ਘਾਟ ਨੂੰ ਖਤਮ ਹੋਣ ਦੀ ਉਮੀਦ ਜਤਾਈ। ਸਭ ਵਰਗਾ ਨੂੰ ਸਨਮਾਨ ਵੰਡਦਾ ਡਾ ਬੀ।ਆਰ।ਅੰਬੇਡਕਰ ਦੀ ਅਗਵਾਹੀ ਵਿੱਚ ਤਿਆਰ ਕੀਤੀ ਅਜਾਦ ਭਾਰਤ ਦਾ ਸੰਵਿਧਾਨ ਨੂੰ 26 ਨਵੰਬਰ 1949 ਨੂੰ ਸੰਵਿਧਾਨ ਸਭਾ ਦੁਆਰਾ ਅਪਣਾਇਆ ਗਿਆ । ਜੋ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ ।

ਅੰਬੇਡਕਰ ਧਰਮ ਪਰਿਵਰਤਨ ਸਮਾਰੋਹ ਦੌਰਾਨ ਸਿੱਖ ਧਰਮ ਵਿੱਚ ਪਰਿਵਰਤਨ ਕਰਨ ਬਾਰੇ ਸੋਚਿਆ, ਜੋ ਜ਼ੁਲਮ ਦੇ ਵਿਰੋਧ ਨੂੰ ਉਤਸ਼ਾਹਿਤ ਕਰਦਾ ਅਤੇ ਇਸ ਲਈ ਅਨੁਸੂਚਿਤ ਜਾਤੀਆਂ ਦੇ ਨੇਤਾਵਾਂ ਨੂੰ ਅਪੀਲ ਵੀ ਕੀਤੀ। 1950 ਦੇ ਆਸ-ਪਾਸ ਬੁੱਧ ਧਰਮ ਵੱਲ ਧਿਆਨ ਦੇਣਾ ਸ਼ੁਰੂ ਕੀਤਾ ਅਤੇ ਬੋਧੀਆਂ ਦੀ ਵਿਸ਼ਵ ਫੈਲੋਸ਼ਿਪ ਦੀ ਇੱਕ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸੀਲੋਨ (ਹੁਣ ਸ਼੍ਰੀਲੰਕਾ) ਦੀ ਯਾਤਰਾ ਕੀਤੀ।ਪੁਣੇ ਦੇ ਨੇੜੇ ਇੱਕ ਨਵੇਂ ਬੋਧੀ ਵਿਹਾਰ ਨੂੰ ਸਮਰਪਿਤ ਕਰਦੇ ਹੋਏ ਅੰਬੇਡਕਰ ਨੇ ਘੋਸ਼ਣਾ ਕੀਤੀ ਕਿ ਉਹ ਬੁੱਧ ਧਰਮ 'ਤੇ ਇੱਕ ਕਿਤਾਬ ਲਿਖ ਰਿਹਾ ਹੈ । ਜਦੋਂ ਇਹ ਪੂਰੀ ਹੋ ਜਾਵੇਗੀ ਤਾਂ ਉਹ ਰਸਮੀ ਤੌਰ 'ਤੇ ਬੁੱਧ ਧਰਮ ਨੂੰ ਅਪਣਾ ਲਵੇਗਾ। ਉਸਨੇ 1954 ਵਿੱਚ ਦੋ ਵਾਰ ਬਰਮਾ ਦਾ ਦੌਰਾ ਕੀਤਾ । ਰੰਗੂਨ ਵਿੱਚ ਵਿਸ਼ਵ ਫੈਲੋਸ਼ਿਪ ਆਫ਼ ਬੋਧੀਆਂ ਦੀ ਤੀਜੀ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਦੂਜੀ ਵਾਰ ਗਏ।1955 ਵਿੱਚ ਭਾਰਤੀ ਬੁੱਧ ਮਹਾਸਭਾ ਜਾਂ ਭਾਰਤ ਦੀ ਬੋਧੀ ਸੁਸਾਇਟੀ ਦੀ ਸਥਾਪਨਾ ਕੀਤੀ। 1956 ਵਿੱਚ, ਉਸਨੇ ਆਪਣਾ ਅੰਤਮ ਕੰਮ ਬੁੱਢਾ ਅਤੇ ਉਸਦਾ ਧੰਮ ਪੂਰਾ ਕੀਤਾ, ਜੋ ਮਰਨ ਉਪਰੰਤ ਪ੍ਰਕਾਸ਼ਿਤ ਕੀਤਾ ਗਿਆ।

1948 ਤੋਂ ਅੰਬੇਡਕਰ ਸ਼ੂਗਰ ਰੋਗਦਾ ਪੀੜਤ ਸੀ। ਦਵਾਈਆਂ ਦੇ ਮਾੜੇ ਪ੍ਰਭਾਵਾਂ ਅਤੇ ਕਮਜ਼ੋਰ ਨਜ਼ਰ ਕਾਰਨ 1954ਵਿੱਚ ਬੀਮਾਰੀ ਨੇ ਬੁਰੀ ਤਰਾ ਘੇਰ ਲਿਆ । 1955 ਦੌਰਾਨਸਿਹਤ ਡੂੰਘਾਵਿੱਚ ਨਿਘਾਰ ਆਇਆ। ਆਪਣਾ ਅੰਤਿਮ ਖਰੜੇ ਹੀਦਿ ਬੁੱਢਾ ਐਂਡ ਹਿਜ਼ਧੰਮ ਨੂੰ ਪੂਰਾ ਕਰਨ ਤੋਂ ਤਿੰਨ ਦਿਨ ਬਾਅਦ6 ਦਸੰਬਰ 1956 ਨੂੰ ਦਿੱਲੀ ਆਪਣੇ ਘਰ ਨੀਂਦ ਵਿੱਚ ਹੀ ਮੌਤ ਹੋ ਗਈ ।ਸਮਾਜਿਕ ਬਰਾਬਰੀ ਦਾ ਸਮੀਹਾ ਸੁਨਹਿਰੀ ਅੱਖਰਾ ਵਿੱਚ ਕਨੂੰਨਨ ਅਜਾਦੀ ਦੀ ਨਵੀ ਕਿਤਾਬ ਰਚ ਸਦਾ ਲਈ ਅਲਵਿਦਾ ਆਖ ਗਿਆ ।

## ਪੰਜਾਬੀ ਫਿਲਮੀ ਸੰਸਾਰ – ਅੰਮ੍ਰਿਤ ਪਵਾਰ





### ਕਰਮ ਕੌਰ – ਵਧਦੇ ਕਦਮ

ਨਿੱਤ ਨਵੀਂ ਕਾਮਯਾਬੀ, ਕਰਮਾਂਚਾਲੀ ਕਰਮ ਕੌਰ ਨੂੰ ਮਿਲ ਰਹੀ ਹੈ । ਕਦੇ ਦੂਰਦਰਸ਼ਨ ਦੀ ਐਂਕਰ ਸੀ ਪਰ ਅੱਜ ਚੋਟੀ ਦੀ ਮਾਡਲ ਹੈ । ਕਾਫ਼ੀ ਲਘੂ






ਫਿਲਮਾਂ 'ਚ ਅਭਿਨੈ ਕਰ ਲਿਆ ਹੈ । ਯੋਗਰਾਜ ਸਿੰਘ ਨਾਲ 'ਤੇਰੀ ਮੇਰੀ ਜੋੜੀ' ਫਿਲਮ ਵੀ ਕੀਤੀ । ਨਵੇਂ-ਨਵੇਂ ਲੀੜੇ ਪਾ ਕਿ ਸਿੰਗਾਰ ਕਰ ਫੋਟੋ-ਸ਼ੂਟ ਕਰਵਾਉਣੇ, ਸੰਕੇਤ ਕਿ ਕਰਮ ਕੌਰ ਬੀ. ਟਾਊਨ ਤੇ ਨਜ਼ਰ ਰੱਖ ਰਹੀ ਹੈ।

ਦਾ ਅਨਨਾਊਨਜ਼ ਕੁੱਟ-ਕਟਾਈਆ ਕਰਵਾਉਣ ਵਾਲੇ ਐਕਸ਼ਨ ਮਾਸਟਰ ਵਾਰਿਸ ਅਲੀ ਦੀ ਬਤੌਰ ਨਿਰਦੇਸ਼ਕ ਪਹਿਲੀ ਫਿਲਮ ਓ.ਟੀ.ਟੀ ਪਲੇਟਫਾਰਮ ਤੇ 'ਦਾ ਅਨਨਾਊਨਜ' ਐਮ.ਐਕਸ ਪਲੇਅਰ ਤੇ ਆ ਚਰਚਿਤ ਹੈ । ਅਬਿਮੇਨਿਊ ਤੇ 'ਅਨਨਾਊਨ' ਦੀ ਲੜਾਈ ਦਾ ਸਸਪੈਂਸ ਇਸ 'ਚ ਹੈ । ਐਰੀਟਹਾਨ ਤੇ ਐਮ.ਐਕਸ ਪਲੇਅਰ ਦੀ ਪੇਸਕਸ ਇਹ ਵੈਬ-ਸੀਰੀਜ ਕਮਾਲ ਹੈ ।




Writer and Director Balwinder jugnu, Artist Rubi, Produce Deepak Anand urf Shankar Daljeet Kalra, DOP and Editor Sukhi singh, Artist Aisha, Makeup Manga mahi

### ਅਨੂ ਚੌਧਰੀ – ਮੁੰਬਈ ਗਈ

ਪੰਜਾਬ 'ਚ ਨਾਂਅ ਬਣਾ ਕਿ ਚਿੱਟੀ ਗੋਰੀ ਅਨੂ ਚੌਧੀ ਮੁੰਬਈ ਆਪਣੇ ਫਿਲਮੀ ਸੁਪਨੇ ਪੂਰੇ ਕਰਨ ਗਈ ਹੈ । ਰਾਜ ਪਾਲ ਯਾਦਵ, ਜੱਸੀ ਗਿੱਲ, ਬੀਨੂੰ ਢਿਲੋਂ ਨਾਲ ਫਿਲਮਾਂ ਕਰਨ ਬਾਅਦ ਅਨੂ ਚੌਧਰੀ ਹੁਣ ਭੋ-ਜਪੁ'ਰੀ-ਮਰਾਡੀ ਤੇ ਬੰਗਾਲੀ ਫਿਲਮਾਂ ਵੀ ਕਰੇਗੀ । ਰੱਜ ਕੇ ਸੋਹਣੀ ਹੈ ਅਨ!



### ਮਾਨ ਸਾਅਬ ਨੂੰ ਮਿਲੇ ਸੁਰਜੀਤ ਭੁੱਲਰ

ਸਟਾਰ ਪੰਜਾਬ ਗਾਇਕ ਸੁਰਜੀਤ ਭੁੱਲਰ ਨੇ ਇਸ ਵਾਰ ਆਪਣੇ ਮਿੱਤਰ ਸਰਵਨ ਧੁੰਨ ਨਾਲ 'ਆਪ' ਦੀ ਪੂਰੀ ਮਦਦ ਕੀਤੀ । ਸ਼ੁਕਰਾਨਾ ਕੀਤਾ ਪਿਆਰੇ ਸੀ.ਐਮ. ਭਗਵੰਤ ਸਿੰਘ ਮਾਨ ਜੀ ਨੇ ਤੇ ਸੁਰਜੀਤ ਭੁੱਲਰ ਦੀ ਭਗਵੰਤ ਮਾਨ ਨਾਲ ਮੁਲਾਕਾਤ ਜਲਦੀ ਹੀ ਕੋਈ ਵੱਡੀ ਖ਼ਬਰ ਆਵੇਗੀ ।

**ਜੋਤੀ ਦਾ ਢਾਬਾ–** ਬਾਬਾ ਬੋਹੜ ਫਿਲਮੀ ਬਲਵਿੰਦਰ ਜੁਗਨੂੰ 'ਮਹਾਂਪੰਜਾਬੀ' ਚੈਨਲ ਤੇ 'ਵਾਰਦਾਤ' ਲਈ 'ਜੋਤੀ ਦਾ ਢਾਬਾ' ਬਣਾ ਰਹੇ ਨੇ ਤੇ ਸੁੱਖੀ ਸਿੰਘ ਇਸਦਾ ਕੈਮਰਾ ਮੈਨ ਹੈ । ਆਇਸ਼ਾ, ਰੂਬੀ ਦੇ ਨਾਲ ਦੀਪਕ ਅਨੰਦ ਦੀ ਇਸ ਫਿਲਮ 'ਚ ਦਲਜੀਤ ਦਾ ਵੀ ਸਹਿਯੋਗ ਹੈ ।




Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html







My Struggle in Life:

Das Pawar, Ishwar: 9781682131558:

Amazon.com: Book

https://www.amazon.com/Struggle-Life-Ishwar-Das-Pawar/dp/1682131556


# ਪੰਜਾਬ ਵਿੱਚ ਸਿੱਖਿਆ ਦੇ ਅਧਿਕਾਰ ਨੂੰ ਪੂਰੀ ਤਰਾਂ ਅਮਲੀ ਜਾਮਾ ਨਾਂ ਪਹਿਨਾਇਆ ਜਾ ਸਕਿਆ



ਕੁਲਦੀਪ ਚੰਦ
91-9417563054

ਵਿੱਦਿਆ ਨੂੰ ਮਨੁੱਖ ਦਾ ਤੀਜਾ ਨੇਤਰ ਮੰਨਿਆਂ ਜਾਂਦਾ ਹੈ। ਹਰੇਕ ਸਰਕਾਰ ਵਲੋਂ ਅਪਣੇ ਲੋਕਾਂ ਨੂੰ ਚੰਗੇ ਪੱਧਰ ਦੀ ਸਿੱਖਿਆ ਪ੍ਰਦਾਨ ਕਰਨ ਲਈ ਨਿੱਤ ਨਵੀਂਆਂ ਨੀਤੀਆਂ ਬਣਾਈਆਂ ਜਾਂਦੀਆ ਹਨ। ਭਾਰਤ ਵਿੱਚ ਵੀ ਅਜਾਦੀ ਦੇ ਦੀ ਅੱਧੀ ਸਦੀ ਬੀਤਣ ਬਾਦ ਹਰ ਬੱਚੇ ਨੂੰ ਮੁਢਲੀ ਸਿਖਿਆ ਪ੍ਰਦਾਨ ਕਰਨ ਲਈ ਗੰਭੀਰਤਾ ਨਾਲ ਸੋਚਿਆ ਗਿਆ ਹੈ। ਕੇਂਦਰ ਦੀ ਕਾਂਗਰਸੀ ਪ੍ਰਧਾਨ ਮੰਤਰੀ ਮਨ-ਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਵਲੋਂ ਹਰ ਬੱਚੇ ਲਈ ਸਿਖਿਆ ਪ੍ਰਦਾਨ ਕਰਨ ਲਈ ਸਿੱਖਿਆ ਦਾ ਮੋਲਿਕ ਅਧਿਕਾਰ 04 ਅਗੱਸਤ 2009 ਨੂੰ ਪਾਸ ਕੀਤਾ ਗਿਆ ਹੈ ਅਤੇ 01 ਅਪ੍ਰੈਲ ਤੋਂ ਜੰਮੂ ਅਤੇ ਕਸ਼ਮੀਰ ਰਾਜ ਦੇ ਸਿਵਾਏ ਸਾਰੇ ਦੇਸ਼ ਵਿੱਚ ਲਾਗੂ ਕੀਤਾ ਗਿਆ ਹੈ। ਇਹ ਐਕਟ ਲਾਗੂ ਹੋਣ ਤੋਂ ਬਾਦ ਭਾਰਤ ਦੁਨੀਆਂ ਦੇ 135 ਦੇਸ਼ਾਂ ਵਿੱਚ ਸ਼ਾਮਿਲ ਹੋ ਗਿਆ ਜਿਨ੍ਹਾਂ ਨੇ ਸਿੱਖਿਆ ਦੇ ਅਧਿਕਾਰ ਨੂੰ ਮੁੱਢਲਾ ਅਧਿਕਾਰ ਬਣਾਇਆ ਹੈ ਅਤੇ ਇਸ ਅਨੁਸਾਰ 6 ਤੋਂ 14 ਸਾਲ ਤੱਕ ਦੇ ਹਰੇਕ ਬੱਚੇ ਤੱਕ ਮੁੱਢਲੀ ਸਿੱਖਿਆ ਪਹੁੰਚਾਣਾ ਜਰੂਰੀ ਕੀਤਾ ਗਿਆ ਹੈ। ਇਸ ਕਨੂੰਨ ਅਨੁਸਾਰ ਪ੍ਰਾਈਵੇਟ ਸਕੂਲਾਂ ਵਿੱਚ ਸੁਵਿਧਾ ਰਹਿਤ ਅਤੇ ਕਮਜ਼ੋਰ ਵਰਗ ਦੇ 25 ਪ੍ਰਤੀਸ਼ਤ ਬੱਚਿਆਂ ਨੂੰ ਦਾਖਲਾ ਦਿੱਤਾ ਜਾਵੇਗਾ। ਸੁਵਿਧਾ ਰਹਿਤ ਅਤੇ ਕਮਜ਼ੋਰ ਵਰਗ ਦੇ ਮਾਪਦੰਡ ਅਤੇ ਪ੍ਰਤੀਸ਼ਤ ਰਾਖਵੇਂਕਰਨ ਅਨੁਸਾਰ ਕਮਜ਼ੋਰ ਵਰਗ ਲਈ ਆਮਦਨੀ ਦੀ ਸੀਮਾ ਆਮਦਨ ਕਰ ਵਿਭਾਗ ਦੁਆਰਾ ਹੀ ਨਿਰਧਾਰਤ ਕੀਤੀ ਜਾਵੇਗੀ। ਸੁਵਿਧਾ ਰਹਿਤ ਵਰਗ ਵਿੱਚ ਅਨੁਸੂਚਿਤ ਜਾਤੀ ਅਤੇ ਦੂਸ-ਰੀਆਂ ਪਛੜੀਆਂ ਸ਼੍ਰੇਣੀਆਂ ਸ਼ਾਮਿਲ ਹੋਣਗੀਆਂ। ਹੋਰ ਪਛੜੀਆਂ ਸ਼੍ਰੇਣੀਆਂ ਦੇ ਪਰਿਵਾਰਾਂ ਦੇ ਬੱਚਿਆਂ ਲਈ ਕ੍ਰੀਮੀਲੇਅਰ ਦੀ ਸਰਕਾਰ ਵੱਲੋਂ ਨਿ-ਰਧਾਰਤ ਸ਼ਰਤ ਲਾਗੂ ਹੋਵੇਗੀ। ਅਨੁਸੂਚਿਤ ਜਾਤੀ ਦੇ ਬੱਚਿਆਂ ਲਈ ਇਸ ਤਰ੍ਹਾਂ ਦੀ ਕੋਈ ਆਮਦਨ ਸੀਮਾ ਨਹੀਂ ਹੋਵੇਗੀ। ਸੁਵਿਧਾ ਰਹਿਤ ਵਰਗ ਅਤੇ ਕਮਜ਼ੋਰ ਵਰਗ ਲਈ ਕੁੱਲ ਸੀਟਾਂ ਦੇ 50:50 ਦੇ ਅਨੁਪਾਤ ਨਾਲ ਦਾਖਲ ਕੀਤੇ ਜਾਣਗੇ। ਜੰਗੀ ਵਿਧ-ਵਾਵਾਂ ਅਤੇ ਅਪਾਹਿਜ ਮਾਂ ਪਿਓ ਦੇ ਬੱਚਿਆਂ ਲਈ ਆਪਣੇ-ਆਪਣੇ ਵਰਗਾਂ ਵਿੱਚ 2.5 ਪ੍ਰਤੀਸ਼ਤ ਸੀਟਾਂ ਰਾਖਵੀਆਂ ਹੋਣਗੀਆਂ। ਪ੍ਰਾਇਵੇਟ ਸਕੂਲਾਂ ਨੂੰ ਸੁਵਿਧਾ ਰਹਿਤ ਅਤੇ ਕਮਜ਼ੋਰ ਵਰਗ ਦੇ ਬੱਚਿਆਂ ਦੀ ਫੀਸ ਦੀ ਅਦਾਇਗੀ ਕੇਂਦਰ ਸਰਕਾਰ ਵੱਲੋਂ ਕੀਤੀ ਜਾਵੇਗੀ। ਇਹ ਐਕਟ ਲੱਗਭੱਗ ਸਾਰੇ ਪ੍ਰਾਂਤਾਂ ਵਿੱਚ ਲਾਗੂ ਕੀਤਾ ਗਿਆ ਪ੍ਰੰਤੂ ਪੰਜਾਬ ਵਿੱਚ ਹੁਣ ਤੱਕ ਸੱਤਾ ਤੇ ਕਾਬਜ ਰਹੀਆਂ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੀਆਂ ਸਰਕਾਰਾਂ ਇਸਨੂੰ ਪੂਰੀ ਤਰਾਂ ਲਾਗੂ ਕਰਨ ਵਿੱਚ ਅਸਫਲ ਹੀ ਰਹੀਆਂ ਹਨ। ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦੇ ਨੋਟੀਫਿਕੇਸ਼ਨ ਨਵੰਬਰ 2010 ਰਾਹੀਂ ਪੰਜਾਬ ਦੇ ਰਾਜਪਾਲ ਨੇ ਪੱਤਰ ਨੰਬਰ 10/26/11-2 ਸਿੱਖਿਆ-7/474 ਰਾਹੀਂ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਅਧਿਕਾਰ ਐਕਟ 2009 ਦੇ ਉਪਬੰਧਾਂ ਅਧੀਨ ਸੋਧ ਦਿੱਤੀ ਹੈ ਕਿ ਆਰ.ਟੀ.ਈ. ਐਕਟ 2009 ਦੇ ਸ਼ਡਿਊਲ 16 ਅਧੀਨ ਕਿਸੇ ਵੀ ਬੱਚੇ ਨੂੰ ਜਿਸਨੇ ਸਕੂਲ ਵਿੱਚ ਦਾਖਲਾ ਲਿਆ ਹੋਇਆ ਹੈ ਉਸਨੂੰ ਮੁਢਲੀ ਸਿੱਖਿਆ ਪ੍ਰਾਪਤ ਹੋਣ ਤੱਕ ਕਿਸੇ ਵੀ ਜਮਾਤ ਵਿੱਚ ਰੋਕਿਆ ਨਹੀਂ ਜਾਵੇਗਾ ਅਤੇ ਨਾ ਹੀ ਉਸਨੂੰ ਸਕੂਲ ਵਿੱਚੋਂ ਕੱਢਿਆ ਜਾਵੇਗਾ। ਸਿੱਖਿਆ ਦੇ ਅਧਿਕਾਰ ਨੂੰ ਲਾਗੂ ਕਰਨ ਲਈ ਪੰਜਾਬ ਸਰਕਾਰ ਵਲੋਂ 18 ਨਵੰਬਰ 2010 ਨੂੰ ਨੋਟੀਫਿਕੇਸ਼ਨ ਜਾਰੀ ਕੀਤੀ ਗਈ ਹੈ। ਪੰਜਾਬ ਸਰਕਾਰ ਗਜ਼ਟ ਅਸਧਾਰਣ ਵਿੱਚ ਮਿਤੀ 12 ਅਕਤੂਬਰ 2011 ਨੂੰ ਪ੍ਰਕਾਸ਼ਿਤ ਹੋਣ ਤੋਂ ਬਾਦ ਇਹ ਪੰਜਾਬ ਵਿੱਚ ਲਾਗੂ ਕੀਤਾ ਗਿਆ ਹੈ। ਪੰਜਾਬ ਦੇ ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ ਨੇ ਸਾਰੇ ਜ਼ਿਲਿਆਂ ਦੇ ਸਿੱਖਿਆ ਅਫਸਰਾਂ ਨੂੰ ਪੱਤਰ ਲਿਖ ਕੇ ਸੂਚਿਤ ਕੀਤਾ ਹੈ ਕਿ ਆਮ ਲੋਕਾਂ ਵਿੱਚ ਬੱਚਿਆਂ ਦੇ ਲਾਜ਼ਮੀ ਅਤੇ ਮੁਫ਼ਤ ਸਿੱਖਿਆ ਅਧਿਕਾਰ ਐਕਟ 2009 ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਸਕੂਲ ਦੀਆਂ ਬਾਹਰਲੀਆਂ ਦੀਵਾਰਾਂ ਉਪਰ ਐਕਟ ਦੀਆਂ ਵਿਸ਼ੇਸ਼ਤਾਵਾਂ ਦਰਸਾਉਣ ਵਾਲੇ ਬੋਰਡ ਪੇਂਟ ਕਰਵਾਏ ਜਾਣ। ਪੰਜਾਬ ਦੇ ਸਕੂਲਾਂ ਲਈ ਇਸ ਕੰਮ ਲਈ ਕੁੱਲ 1 ਕਰੋੜ 37 ਲੱਖ 42 ਹਜ਼ਾਰ 400 ਰੁਪਏ ਭੇਜੇ ਗਏ ਸਨ ਅਤੇ ਇਸ ਪੱਤਰ ਅਨੁਸਾਰ ਇਸ ਐਕਟ ਦੀਆਂ ਵਿਸ਼ੇਸ਼ਤਾਵਾਂ ਦਰਸਾਉਣ ਵਾਲੇ ਬੋਰਡ 15 ਦਿਨਾਂ ਦੇ ਅੰਦਰ-ਅੰਦਰ ਸਾਰੇ ਸਕੂਲਾਂ ਵਿੱਚ ਪੇਂਟ ਕਰਵਾਏ ਜਾਣ ਅਤੇ ਰਿਪੋਰਟ ਮੁੱਖ ਦਫ਼ਤਰ ਨੂੰ ਭੇਜਣ ਲਈ ਕਿਹਾ ਗਿਆ ਸੀ। ਬੇਸ਼ੱਕ ਇਸ ਪੱਤਰ ਅਨੁਸਾਰ ਇਹ ਕੰਮ 31 ਦਸੰਬਰ 2011 ਤੱਕ ਮੁਕੰਮਲ ਕਰਨਾ ਸੀ ਪਰ ਬਹੁਤੇ ਸਕੂਲਾਂ ਅਤੇ ਸਬੰਧਿਤ ਅਧਿਕਾਰੀਆਂ ਵਲੋਂ ਇਸ ਸਬੰਧੀ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਵਿਭਾਗ ਵਲੋਂ ਦੁਬਾਰਾ ਪੱਤਰ ਲਿਖਣ ਬਾਦ ਸਕੂਲਾਂ ਦੀਆਂ ਦਿਵਾਰਾਂ ਤੇ ਸਿਖਿਆ ਦੇ ਅਧਿਕਾਰ ਬਾਰੇ ਜਾਣਕਾਰੀ ਲਿਖੀ ਗਈ ਹੈ। ਇਸ ਐਕਟ ਅਨੁਸਾਰ 6 ਤੋਂ 14 ਸਾਲ ਤੱਕ ਦੇ ਹਰੇਕ ਬੱਚੇ ਨੂੰ ਆਪਣੀ ਉਮਰ ਅਨੁਸਾਰ ਕਲਾਸ ਵਿੱਚ ਦਾਖਲਾ ਲੈਣ ਦਾ ਅਧਿਕਾਰ ਹੈ, ਦਾਖਲੇ ਸਮੇਂ ਸਕਰੀਨਿੰਗ ਟੈਸਟ ਲੈਣ ਜਾਂ ਕੈਪੀਟੇਸ਼ਨ ਫੀਸ ਵਸੂਲ ਕਰਨ ਦੀ ਮਨਾਹੀ ਹੈ ਅਤੇ ਉਮਰ ਦਾ ਸਬੂਤ ਜਾਂ ਸਕੂਲ ਛੱਡਣ ਸਬੰਧੀ ਸਰਟੀਫਿਕੇਟ ਨਾ ਹੋਣ ਦੀ ਸੂਰਤ ਵਿੱਚ ਦਾਖਲੇ ਤੋਂ ਇਨਕਾਰ ਨਹੀਂ ਕੀਤਾ ਜਾਵੇਗਾ। ਬੱਚਿਆਂ ਨੂੰ ਜਿਸਮਾਨੀ ਸ਼ਜਾ ਜਾਂ ਮਾਨਸਿਕ ਤੌਰ ਤੇ ਕੋਈ ਪ੍ਰੇਸ਼ਾਨੀ ਦੇਣ ਦੀ ਮਨਾਹੀ ਹੈ। ਬੱਚੇ ਨੂੰ ਮੁੱਢਲੀ ਸਿੱਖਿਆ ਮੁਕੰਮਲ ਹੋਣ ਤੱਕ ਬੋਰਡ ਦੀ ਪ੍ਰੀਖਿਆ ਪਾਸ ਕਰਨ ਦੀ ਲੋੜ ਨਹੀਂ ਹੋਵੇਗੀ ਅਤੇ ਨਾ ਹੀ ਬੱਚੇ ਨੂੰ ਪਿਛਲੀ ਜਮਾਤ ਵਿੱਚ ਰੋਕਿਆ ਜਾਂ ਪੜ੍ਹਾਈ ਮੁਕੰਮਲ ਹੋਣ ਤੱਕ ਸਕੂਲ ਵਿੱਚੋਂ ਕੱਢਿਆ ਨਹੀਂ ਜਾਵੇਗਾ। ਕਿਸੇ ਵੀ ਅਧਿਆਪਕ ਨੂੰ ਪ੍ਰਾਇਵੇਟ ਟਿਊਸ਼ਨ ਕਰਨ ਦੀ ਮਨਾਹੀ ਹੋਵੇਗੀ। ਬੱਚਿਆਂ ਲਈ ਪਹਿਲੀ ਤੋਂ ਪੰਜਵੀ ਜਮਾਤ ਤੱਕ ਇੱਕ ਕਿਲੋਮੀਟਰ ਅਤੇ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਤਿੰਨ ਕਿਲੋਮੀਟਰ ਦੇ ਫ਼ਾਸਲੇ ਅੰਦਰ ਸਕੂਲ ਸਥਾਪਿਤ ਕੀਤੇ ਜਾਣਗੇ। ਹਰੇਕ ਵਿੱਦਿਅਕ ਸਾਲ ਦੌਰਾਨ ਪ੍ਰਾਇਮਰੀ ਸਕੂਲ ਘੱਟੋ-ਘੱਟ 200 ਦਿਨ ਅਤੇ ਅੱਪਰ ਪ੍ਰਾਇਮਰੀ ਸਕੂਲ 220 ਦਿਨ ਖੁੱਲੇ ਰਹਿਣਗੇ ਅਤੇ ਅਧਿਆਪਕਾਂ ਲਈ ਪਹਿਲੀ ਤੋਂ ਪੰਜਵੀਂ ਜਮਾਤ ਵਿੱਚ 800 ਘੰਟੇ ਅਤੇ ਛੇਵੀਂ ਤੋਂ ਅੱਠਵੀਂ ਜਮਾਤ ਲਈ 1000 ਘੰਟੇ ਪੜ੍ਹਾਉਣਾ ਲਾਜ਼ਮੀ ਹੋਵੇਗਾ। ਪ੍ਰਾਇਵੇਟ ਸਕੂਲਾਂ ਵਿੱਚ ਵੀ ਕਮਜੋਰ ਵਰਗ ਅਤੇ ਸੁਵਿਧਾ ਰਹਿਤ ਬੱਚਿਆਂ ਲਈ 25 ਫੀਸਦੀ ਸੀਟਾਂ ਰਾਖਵੀਆਂ ਹੋਣਗੀਆਂ। ਗੈਰ ਸਹਾਇਤਾ ਪ੍ਰਾਪਤ ਸਕੂਲਾਂ ਤੋਂ ਬਿਨਾਂ ਹੋਰ ਸਾਰੇ ਸਕੂਲਾਂ ਵੱਲੋਂ ਸਕੂਲ ਮੈਨੇਜਮੈਂਟ ਕਮੇਟੀ ਦਾ ਗਠਨ ਕੀਤਾ ਜਾਵੇਗਾ ਜਿਸ ਵਿੱਚ ਤਿੰਨ ਚੌਥਾਈ ਮੈਂਬਰ ਬੱਚਿਆਂ ਦੇ ਮਾਪਿਆਂ ਜਾਂ ਸਰਪ੍ਰਸਤਾ ਵਿੱਚੋਂ ਲਏ ਜਾਣਗੇ। ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਕੂਲ ਵਿਕਾਸ ਯੋਜਨਾ ਤਿਆਰ ਕਰਨਗੇ, ਸਕੂਲ ਦੀ ਨਿਗਰਾਨੀ ਕਰਨਗੇ ਅਤੇ ਅਧਿਆਪਕਾਂ ਦੀ ਜਵਾਬਦੇਹੀ ਯਕੀਨੀ ਬਣਾਉਣਗੇ। ਦੱਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਿਟੀ ਪੰਜਾਬ ਨੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਤੇ ਸਿਨੀਅਰ ਸੈਕੰਡਰੀ ਨੂੰ ਪੱਤਰ ਨੰਬਰ ਐਸ.ਐਸ.ਏ/ਆਰ.ਟੀ.ਈ/2014/5104 ਮਿਤੀ 6.5.14 ਰਾਹੀਂ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਕਰਨ ਬਾਰੇ ਲਿਖਿਆ ਹੈ। ਇਸ ਪੱਤਰ ਵਿੱਚ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਤੋਂ ਬਿਨ੍ਹਾਂ ਹਰ ਇੱਕ ਸਕੂਲ ਲਈ ਸਕੂਲ ਮਨੇਜਮੈਂਟ ਕਮੇਟੀਆਂ ਦੇ ਗਠਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਅਤੇ ਇਹਨਾਂ ਕਮੇਟੀਆਂ ਦਾ ਕਾਰਜਕਾਲ 2 ਸਾਲ ਨਿਰਧ-ਾਰਤ ਕੀਤਾ ਗਿਆ। ਸਕੂਲਾਂ ਵਿੱਚ ਗਠਿਤ ਕੀਤੀਆਂ ਜਾਣ ਵਾਲੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਵਿੱਚ ਇਕਸਾਰਤਾ ਰੱਖਣ ਲਈ ਇਹ ਹਦਾਇਤ ਕੀਤੀ ਕਿ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਇਸ ਤਰ੍ਹਾਂ ਕੀਤਾ ਜਾਵੇ ਜਿਸ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਦੀ ਕੁੱਲ ਗਿਣਤੀ 12 ਹੋਵੇਗੀ ਜਿਨ੍ਹਾਂ ਵਿੱਚ 9 ਮੈਂਬਰ ਭਾਵ 75ਗ ਸਕੂਲ ਦੇ ਬੱਚਿਆਂ ਦੇ ਮਾਪਿਆਂ ਜਾਂ ਸ੍-ਰਪਰਸਤਾਂ ਵਿੱਚੋਂ ਲਏ ਜਾਣਗੇ ਜਿਨ੍ਹਾਂ ਵਿੱਚ ਘੱਟੋ ਘੱਟ 5 ਇਸਤਰੀਆਂ ਹੋਣਗੀਆਂ। ਇਹ ਵੀ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਡਿਸਐਡਵਾਂਟਜਿਡ ਗਰੁੱਪ ਅਤੇ ਕਮਜ਼ੋਰ ਵਰਗ ਦੇ ਬੱਚਿਆਂ ਦੇ ਮਾਪਿਆਂ ਨੂੰ ਅਨੁਪਾਤਿਕ ਨੁਮਾਇੰਦਗੀ ਦਿੱਤੀ ਜਾਵੇਗੀ। ਇੱਕ ਮੈਂਬਰ ਸਥਾਨਕ ਅਥਾਰਟੀ ਦੇ ਚੁਣੇ ਹੋਏ ਮੈਂਬਰਾਂ ਵਿੱਚੋਂ ਲਿਆ ਜਾਵੇਗਾ, ਇੱਕ ਮੈਂਬਰ ਅਧਿਆਪਕਾਂ ਵਿੱਚੋਂ ਲਿਆ ਜਾਵੇਗਾ, ਇੱਕ ਮੈਂਬਰ ਸਥਾਨਕ ਵਿੱਦਿਅਕ ਮਾਹਿਰਾਂ ਜਾਂ ਸਕੂਲ ਦੇ ਵਿਦਿਆਰਥੀਆਂ ਵਿੱਚੋਂ ਲਿਆ ਜਾਵੇਗਾ। ਸਕੂਲ ਦਾ ਹੈਡ ਟੀਚਰ ਜਾਂ ਜਿੱਥੇ ਸਕੂਲ ਦਾ ਹੈਡ ਟੀਚਰ ਨਹੀਂ ਹੈ, ਉਥੇ ਸਕੂਲ ਦਾ ਸਭ ਤੋਂ ਸੀਨੀਅਰ ਟੀਚਰ ਅਹੁਦੇ ਵਜੋਂ ਮੈਂਬਰ ਹੋਵੇਗਾ ਪ੍ਰੰਤੂ ਉਸਨੂੰ ਵੋਟ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਸਕੂਲ ਮੈਨੇਜਮੈਂਟ ਕਮੇਟੀ ਗੈਰ ਸਰਕਾਰੀ ਮੈਂਬਰਾਂ ਵਿੱਚੋਂ 01 ਚੇਅਰਪਰਸਨ ਅਤੇ 01 ਵਾਇਸ ਚੇਅਰਪਰਸਨ ਦੀ ਚੋਣ ਕਰੇਗੀ। ਸਕੂਲ ਦਾ ਹੈਡ ਟੀਚਰ ਜਾਂ ਜਿੱਥੇ ਸਕੂਲ ਦਾ ਹੈਡ ਟੀਚਰ ਨਹੀਂ ਹੈ, ਉਥੇ ਸਕੂਲ ਦਾ ਸਭ ਤੋਂ ਸੀਨੀਅਰ ਟੀਚਰ ਅਹੁਦੇ ਵਜੋਂ ਸਕੂਲ ਮੈਨੇਜਮੈਂਟ ਕਮੇਟੀ ਦਾ ਮੈਂਬਰ ਸਕੱਤਰ ਅਤੇ ਕਨਵੀਨਰ ਹੋਵੇਗਾ। ਸਕੂਲ ਮੈਨੇਜਮੈਂਟ ਕਮੇਟੀ ਦਾ ਗਠਨ ਕਰਦੇ ਸਮੇਂ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਕਮੇਟੀ ਦੇ ਕੁੱਲ ਮੈਂਬਰਾਂ ਵਿੱਚ ਇਸਤਰੀਆਂ ਦੀ ਨੁਮਾਇੰਦਗੀ 50 ਪ੍ਰਤੀਸ਼ਤ ਤੋਂ ਘੱਟ ਨਹੀਂ ਹੋਵੇਗੀ। ਇਸ ਐਕਟ ਅਨੁਸਾਰ ਗਰੀਬ ਅਤੇ ਕਮਜ਼ੋਰ ਵਰਗਾਂ ਦੇ ਬੱਚਿਆਂ ਨੂੰ ਦਾਖਲਾ ਨਾਂ ਦੇਣ ਵਾਲੇ ਪ੍ਰਾਇਵੇਟ ਸਕੂਲਾਂ ਖਿਲਾਫ ਜੁਰਮਾਨਾ ਕਰਨ ਦਾ ਸਰਕਾਰ ਨੂੰ ਅਧਿਕਾਰ ਦਿੱਤਾ ਗਿਆ ਹੈ। ਪੰਜਾਬ ਵਿੱਚ ਹੁਣ ਤੱਕ ਕਿਸੇ ਵੀ ਸਰਕਾਰ ਨੇ ਇਸ ਐਕਟ ਨੂੰ ਪੂਰੀ ਤਰਾਂ ਲਾਗੂ ਨਹੀਂ ਕੀਤਾ ਹੈ ਜਿਸ ਕਾਰਨ ਪ੍ਰਾਇਵੇਟ ਸਕੂਲਾਂ ਵਿੱਚ ਗਰੀਬ ਅਤੇ ਕਮਜੋਰ ਵਰਗਾਂ ਦੇ 25 ਫਿਸਦੀ ਬੱਚਿਆਂ ਨੂੰ ਦਾਖਲਾ ਨਹੀਂ ਮਿਲਿਆ ਹੈ। ਇਸ ਐਕਟ ਨੂੰ ਲਾਗੂ ਨਾਂ ਕਰਨ ਲਈ ਪ੍ਰਾਇਵੇਟ ਸਕੂਲ ਅਤੇ ਸਮੇਂ ਦੀਆਂ ਸਰਕਾਰਾਂ ਬਰਾਬਰ ਜਿੰਮੇਬਾਰ ਹਨ। ਪੰਜਾਬ ਵਿੱਚ ਲੱਗਭੱਗ 10 ਹਜ਼ਾਰ ਵੱਖ ਵੱਖ ਗੈਰ ਸਰਕ-ਾਰੀ ਸਕੂਲ ਚੱਲ ਰਹੇ ਹਨ ਅਤੇ ਇਨ੍ਹਾਂ ਵਿੱਚੋਂ ਸਕੂਲ ਬਹੁਤੇ ਵੱਖ ਵੱਖ ਰਾਜਨੀਤਿਕ ਦੱਲ ਦੇ ਆਗੂਆਂ ਦੇ ਅਪਣੇ ਰਿਸ਼ਤੇਦਾਰਾਂ ਦੇ ਹੀ ਹਨ ਜਿਨ੍ਹਾਂ ਵਿੱਚ ਲੱਗਭੱਗ 25 ਲੱਖ ਵਿਦਿਆਰਥੀ ਪੜ੍ਹ ਰਹੇ ਹਨ। ਇਨ੍ਹਾਂ ਗੈਰ ਸਰਕਾਰੀ ਸਕੂਲਾਂ ਵਿੱਚ ਘੱਟ ਤੋਂ ਘੱਟ 06 ਲੱਖ ਵਿਦਿਆਰਥੀ ਗਰੀਬ ਅਤੇ ਕਮਜੋਰ ਵਰਗਾਂ ਦੇ ਹੋਣੇ ਚਾਹੀਦੇ ਹਨ ਪਰ ਸਰਕ-ਾਰਾਂ ਦੀ ਨਲਾਇਕੀ ਕਾਰਨ ਇੱਕ ਵੀ ਅਜਿਹਾ ਵਿਦਿਆਰਥੀ ਦਾਖਲ ਨਹੀਂ ਹੋਇਆ ਹੈ। ਸਮਾਜਿਕ ਸੰਗਠਨਾਂ ਵਲੋਂ ਇਸ ਐਕਟ ਨੂੰ ਲਾਗੂ ਕਰਵਾਉਣ ਲਈ ਕਈ ਵਾਰ ਅੰਦੋਲਨ ਕੀਤਾ ਗਿਆ ਹੈ ਅਤੇ ਸਰਕਾਰ ਦੇ ਕਈ ਅਦਾਰਿਆਂ ਬਾਲ ਆਯੋਗ, ਅਨੁਸੂਚਿਤ ਜਾਤਿ ਆਯੋਗ ਆਦਿ ਵਲੋਂ ਇਸ ਐਕਟ ਅਧੀਨ ਦਾਖਲੇ ਕਰਨ ਲਈ ਕਿਹਾ ਗਿਆ ਹੈ। ਇਸ ਸਬੰਧੀ ਡਾਇਰੈਕਟਰ ਰਾਸ਼ਟਰੀ ਅਨੁਸੂਚਿਤ ਜਾਤਿ ਆਯੋਗ ਨੇ ਅਪਣੇ ਹੁਕਮ ਪੱਤਰ ਫਾਇਲ ਨੰਬਰ 24/54/2015 ਮਿਤੀ 16/02/2018 ਅਤੇ 10/08/2018 ਪੰਜਾਬ ਸਰਕਾਰ ਨੂੰ ਭੇਜਕੇ ਸਿੱਖਿਆ ਦੇ ਅਧਿਕਾਰ ਐਕਟ ਅਧੀਨ ਪ੍ਰਾਇਵੇਟ ਸਕੂਲਾਂ ਵਿੱਚ ਗਰੀਬ ਅਤੇ ਕਮਜੋਰ ਵਰਗ ਦੇ ਬੱਚਿਆਂ ਦੇ ਹੋਣ ਵਾਲੇ 25 ਫਿਸਦੀ ਦਾਖਲੇ ਲਈ ਕਿਹਾ ਹੈ। ਇਸ ਸਬੰਧੀ ਆਲੋਕ ਜਵਾਹਰ ਅਧੀਨ ਸਕੱਤਰ ਕੇਂਦਰ ਸਰਕਾਰ ਮਨੁੱਖੀ ਵਿਕਾਸ ਮੰਤਰਾਲਿਆ ਡਿਪਾਰਟਮੈਂਟ ਆਫ ਸਕੂਲ ਐਜੂਕੇਸ਼ਨ ਐਂਡ ਲਿਟਰੇਸੀ ਨੇ ਅਪਣੇ ਪੱਤਰਾਂ ਮਿਤੀ 27/11/2015 ਅਤੇ 06/05/2016 ਰਾਹੀਂ ਪੰਜਾਬ ਸਰਕਾਰ ਤੋਂ ਇਸ ਸਬੰਧੀ ਰਿਪੋਰਟ ਮੰਗੀ ਹੈ। ਕੈਗ ਨੇ ਅਪਣੀ 2016 ਦੀ ਰਿਪੋਰਟ ਜੋਕਿ ਵਿਧਾਨ ਸਭਾ ਵਿੱਚ ਵੀ ਪਾਸ ਕੀਤੀ ਗਈ ਹੈ ਵਿੱਚ ਵੀ ਸਾਫ ਲਿਖਿਆ ਹੈ ਪੰਜਾਬ ਵਿੱਚ ਇਸ ਐਕਟ ਅਧੀਨ ਪ੍ਰਾਇਵੇਟ ਸਕੂਲਾਂ ਵਿੱਚ ਦਾਖਲੇ ਨਹੀਂ ਕੀਤੇ ਗਏ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਲ 2017 ਵਿੱਚ ਚੌਣ ਜਲਸਿਆਂ ਦੌਰਾਨ ਵੀ ਅਕਸਰ ਗਰੀਬ ਅਤੇ ਕਮਜੋਰ ਵਰਗ ਦੇ ਬੱਚਿਆਂ ਨੂੰ ਮਿਆਰੀ ਅਤੇ ਵਧੀਆ ਸਿੱਖਿਆ ਦੇਣ ਦੀ ਘੋਸ਼ਣਾ ਕੀਤੀ ਸੀ ਪਰ ਚੌਣ ਜਿੱਤਣ ਬਾਦ ਉਸ ਵਾਅਦੇ ਨੂੰ ਭੁੱਲ ਗਏ ਹਨ ਅਤੇ ਸਿੱਖਿਆ ਦੇ ਅਧਿਕਾਰ ਨੂੰ ਪੂਰੀ ਤਰਾਂ ਲਾਗੂ ਨਹੀਂ ਕਰ ਸਕੇ ਹਨ। ਕੈਪਟਨ ਅਮਰਿੰਦਰ ਸਿੰਘ ਤੋਂ ਬਾਦ ਦਲਿਤ ਵਰਗ ਨਾਲ ਸਬੰਧਿਤ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਗਿਆ ਜਿਸ ਤੋਂ ਪੂਰੀ ਆਸ ਸੀ ਕਿ ਉਹ ਇਸ ਐਕਟ ਨੂੰ ਜਰੂਰ ਅਮਲੀ ਜਾਮਾ ਪਹਿਨਾਉਣਗੇ ਪਰ ਉਨ੍ਹਾਂ ਨੇ ਵੀ ਦਲਿਤਾਂ ਦੀਆਂ ਬਾਕੀ ਪ੍ਰਮੁੱਖ ਸਮੱਸਿਆਵਾਂ ਵਾਂਗ ਇਸਨੂੰ ਅਣਗੋਲਿਆ ਹੀ ਰੱਖਿਆ। ਇਸ ਐਕਟ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਕਰ ਰਹੇ ਕ੍ਰਿਪਾਲ ਸਿੰਘ ਪ੍ਰਧਾਨ ਅੰਬੇਡਕਰ ਭਲਾਈ ਮੰਚ ਨੇ ਦੱਸਿਆ ਕਿ ਉਹ ਪਿਛਲੇ ਕਈ ਸਾਲਾਂ ਤੋਂ ਇਸ ਐਕਟ ਅਧੀਨ ਗਰੀਬ ਅਤੇ ਕਮਜੋਰ ਵਰਗ ਦੇ ਬੱਚਿਆਂ ਦੇ ਪ੍ਰਾਇਵੇਟ ਸਕੂਲਾਂ ਵਿੱਚ ਹੋਣ ਵਾਲੇ 25 ਫਿਸਦੀ ਦਾਖਲੇ ਨੂੰ ਲੈਕੇ ਸੰਘਰਸ਼ ਕਰ ਰਹੇ ਹਨ ਪਰ ਸਰਕਾਰ ਆਨੇ ਬਹਾਨੇ ਇਨ੍ਹਾ ਦਾਖਲਿਆਂ ਨੂੰ ਰੋਕਣ ਲਈ ਪ੍ਰਾਇਵੇਟ ਸਕੂਲਾਂ ਦਾ ਸਾਥ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਦਲਿਤ ਵਰਗ ਦੇ ਬੁੱਧੀਜੀਵੀ, ਅਧਿਕਾਰੀ, ਰਾਜਨੇਤਾ ਵੀ ਸਰਕਾਰ ਦੀ ਇਸ ਲਾਪ੍ਰਵਾਹੀ ਨੂੰ ਅਣਦੇਖਾ ਕਰਕੇ ਸਮਾਜ ਨੂੰ ਧੋਖਾ ਦੇ ਰਹੇ ਹਨ। 10 ਮਾਰਚ 2022 ਨੂੰ ਆਏ ਚੌਣ ਨਤੀ-ਜਆਂ ਤੋਂ ਬਾਦ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਅਤੇ ਇਹ ਵੀ ਦੱਸਣਯੋਗ ਹੈ ਕਿ ਇਸ ਸਰਕਾਰ ਵਿੱਚ ਵੱਡੀ ਗਿਣਤੀ ਵਿੱਚ ਅਨੁਸੂਚਿਤ ਜਾਤਾਂ ਨਾਲ ਸਬੰਧਿਤ ਵਿਧਾਇਕ ਹਨ ਅਤੇ ਵੱਡੀ ਗਿਣਤੀ ਵਿੱਚ ਕੈਬਿਨਟ ਮੰਤਰੀ ਵੀ ਬਣਾਏ ਗਏ ਹਨ। ਇਸ ਸਰਕਾਰ ਤੋਂ ਰਾਜ ਦੇ ਲੋਕਾਂ ਨੂੰ ਪੂਰੀ ਆਸ ਹੈ ਕਿ ਗੁਣਾਤਮਕ ਸਿਖਿੱਆ ਦੇ ਪਸਾਰ ਲਈ ਬਣਾਏ ਇਸ ਐਕਟ ਨੂੰ ਇਹ ਸਰਕਾਰ ਪੂਰੀ ਤਰ੍ਹਾਂ ਲਾਗੂ ਕਰਕੇ ਗਰੀਬ ਅਤੇ ਕਮਜੋਰ ਵਰਗ ਦੇ ਬੱਚਿਆਂ ਦੇ ਪ੍ਰਾਇਵੇਟ ਸਕੂਲਾਂ ਵਿੱਚ ਹੋਣ ਵਾਲੇ 25 ਫਿਸਦੀ ਦਾਖਲੇ ਦੇ ਅਧਿਕਾਰ ਨੂੰ ਯਕਿਨੀ ਬਣਾਵੇਗੀ।



# ਤਾਪਮਾਨ ਦੇ ਗਹਿਰਾਉਂਦੇ ਸੰਕਟ ਤੋਂ ਬਚਣ ਸੰਬੰਧੀ ਸੁਝਾਅ

## (ਆਈ.ਪੀ.ਸੀ.ਸੀ. ਦੀ ਛੇਵੀਂ ਰਿਪੋਰਟ ਦੀ ਤੀਜੀ ਕਿਸ਼ਤ)



ਡਾ. ਗੁਰਿੰਦਰ ਕੌਰ
001-408-493-9776

4 ਅਪ੍ਰੈਲ 2022 ਨੂੰ ਆਈ.ਪੀ.ਸੀ.ਸੀ. ਨੇ ਛੇਵੀਂ ਰਿਪੋਰਟ ਦੀ ਤੀਜੀ ਕਿਸ਼ਤ, "ਕਲਾਈਮੇਟ ਚੇਂਜ 2022 : ਮਿਟੀਗੇਸ਼ਨ ਆਫ਼ ਕਲਾਈਮੇਟ ਚੇਂਜ" ਜਾਰੀ ਕੀਤੀ ਹੈ। ਛੇਵੀਂ ਰਿਪੋਰਟ ਦੀ ਪਹਿਲੀ ਕਿਸ਼ਤ 9 ਅਗਸਤ 2021 ਅਤੇ ਦੂਜੀ ਕਿਸ਼ਤ 28 ਫਰਵਰੀ 2022 ਨੂੰ ਜਾਰੀ ਹੋਈਆਂ ਸਨ। ਪਹਿਲੀਆਂ ਦੋ ਰਿਪੋਰਟਾਂ ਵਿਚ ਮਨੁੱਖੀ ਗਤੀਵਿਧੀਆਂ ਨਾਲ ਧਰਤੀ ਦੇ ਔਸਤ ਤਾਪਮਾਨ ਵਿਚ ਹੋਏ ਵਾਧੇ ਅਤੇ ਉਸ ਦੇ ਹਰ ਤਰ੍ਹਾਂ ਦੇ ਜੈਵਿਕਾਂ, ਵਾਤਾਵਰਨ, ਧਰਤੀ, ਸਮੁੰਦਰ ਅਤੇ ਸਾਰੇ ਈਕੋਸਿਸਟਮਜ਼ ਉੱਤੇ ਪੈ ਰਹੇ ਮਾੜੇ ਪ੍ਰਭਾਵਾਂ ਦਾ ਵਿਸਥਾਰਪੂਰਵਕ ਜ਼ਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਧਰਤੀ ਦੇ ਔਸਤ ਤਾਪਮਾਨ ਵਿਚ ਵਿਗਿਆਨੀਆਂ ਦੇ ਪਹਿਲੇ ਅਨੁਮਾਨਾਂ ਨਾਲੋਂ ਜ਼ਿਆਦਾ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਧਰਤੀ ਦੇ ਵਧਦੇ ਹੋਏ ਤਾਪਮਾਨ ਕਾਰਨ ਹਰ ਤਰ੍ਹਾਂ ਦੀਆਂ ਕੁਦਰਤੀ ਆਫ਼ਤਾਂ ਜਿਵੇਂ ਅੱਤ ਦੀ ਗਰਮੀ ਅਤੇ ਠੰਡ ਪੈਣਾ, ਥੋੜ੍ਹੇ ਸਮੇਂ ਵਿਚ ਜ਼ਿਆਦਾ ਮੀਂਹ, ਸੋਕੇ, ਹੜ੍ਹ, ਸਮੁੰਦਰੀ ਤੂਫ਼ਾਨਾਂ ਆਦਿ ਦੀ ਆਮਦ ਦੀ ਗਿਣਤੀ ਅਤੇ ਮਾਰ ਦੀ ਗਹਿਰਾਈ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਆਈ.ਪੀ.ਸੀ.ਸੀ. ਦੀ ਛੇਵੀਂ ਰਿਪੋਰਟ ਦੀ ਤੀਜੀ ਕਿਸ਼ਤ ਵਿਚ ਤਾਪਮਾਨ ਵਿਚ ਹੋਏ ਵਾਧੇ ਕਾਰਨ ਆ ਰਹੀਆਂ ਮੌਸਮੀ ਤਬਦੀਲੀਆਂ ਅਤੇ ਕੁਦਰਤੀ ਆਫ਼ਤਾਂ ਦੀ ਮਾਰ ਤੋਂ ਬਚਣ ਸੰਬੰਧੀ ਸੁਝਾਅ ਦਿੱਤੇ ਗਏ ਹਨ।

ਇਸ ਰਿਪੋਰਟ ਅਨੁਸਾਰ ਗਰੀਨਹਾਊਸ ਗੈਸਾਂ ਦੀ ਨਿਕਾਸੀ ਦੀ ਕਟੌਤੀ ਲਈ ਜਿਹੜੇ ਉਪਰਾਲੇ ਹੁਣ ਤੱਕ ਕੀਤੇ ਗਏ ਹਨ ਉਹ ਲੋੜ ਤੋਂ ਬਹੁਤ ਘੱਟ ਹਨ। ਨਤੀਜੇ ਵਜੋਂ ਹਾਲੇ ਵੀ ਗਰੀਨਹਾਊਸ ਗੈਸਾਂ ਦੀ ਵਾਤਾਵਰਨ ਵਿਚ ਨਿਕਾਸੀ ਤੇਜ਼ੀ ਨਾਲ ਵਧ ਰਹੀ ਹੈ। ਰਿਕਾਰਡ ਅਨੁਸਾਰ ਧਰਤੀ ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਨਾਲੋਂ ਹੁਣ ਤੱਕ 1.1 ਡਿਗਰੀ ਸੈਲਸੀਅਸ ਵਧ ਚੁੱਕਿਆ ਹੈ। ਗਰੀਨ-ਹਾਊਸ ਗੈਸਾਂ ਦਾ ਨਿਕਾਸ 2010-2019 ਦੇ ਦਹਾਕੇ ਵਿਚ ਪਿਛਲੇ ਕਿਸੇ ਵੀ ਦਹਾਕੇ ਨਾਲੋਂ ਜ਼ਿਆਦਾ ਸੀ। 2010-2019 ਦੇ ਦਹਾਕੇ ਵਿਚ ਗਰੀਨਹਾਊਸ ਗੈਸਾਂ ਦਾ ਨਿਕਾਸ 2000-2010 ਨਾਲੋਂ 12 ਫ਼ੀਸਦ ਅਤੇ 1990-2000 ਦੇ ਦਹਾਕੇ ਨਾਲੋਂ 54 ਫ਼ੀਸਦ ਵੱਧ ਸੀ। ਜੇਕਰ ਗਰੀਨਹਾਊਸ ਗੈਸਾਂ ਦੇ ਨਿਕਾਸ ਵਿਚ ਤੇਜ਼ੀ ਨਾਲ ਕਟੌਤੀ ਨਹੀਂ ਕੀਤੀ ਜਾਂਦੀ ਅਤੇ ਉਹ ਮੌਜੂਦਾ ਦਰ ਉੱਤੇ ਹੀ ਨਿਕਾਸੀਆਂ ਜਾਂਦੀਆਂ ਰਹੀਆਂ ਤਾਂ ਸਦੀ ਅੰਤ ਤੱਕ ਦੁਨੀਆ ਦੇ ਸਾਰੇ ਦੇਸਾਂ ਨੂੰ 2.4 ਤੋਂ 3.5 ਡਿਗਰੀ ਸੈਲਸੀਅਸ ਤੱਕ ਦੇ ਤਾਪਮਾਨ ਦੇ ਵਾਧੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਨਾਲ ਦੁਨੀਆ ਦੇ ਸਾਰੇ ਦੇਸ ਹੋਰ ਵੱਧ ਕੁ-ਦਰਤੀ ਆਫ਼ਤਾਂ ਦੀ ਮਾਰ ਸਹਿਣ ਲਈ ਮਜ਼ਬੂਰ ਹੋ ਜਾਣਗੇ।

ਇਸ ਤਰ੍ਹਾਂ ਧਰਤੀ ਦੇ ਔਸਤ ਤਾਪਮਾਨ ਦੇ ਵਾਧੇ ਨੂੰ ਪੈਰਿਸ ਮੌਸਮੀ ਸਮਝੌਤੇ ਦੀ 1.5 ਡਿਗਰੀ ਸੈਲਸੀਅਸ ਸੀਮਾ ਤੱਕ ਸੀਮਤ ਰੱਖਣ ਲਈ ਬਾਕੀ ਬਚਿਆ ਗਰੀਨਹਾਊਸ ਗੈਸਾਂ ਦਾ ਬੱਜਟ ਸੰਭਾਵਿਤ ਤੌਰ ਉੱਤੇ 2030 ਤੋਂ ਪਹਿਲਾਂ ਹੀ ਖ਼ਤਮ ਹੋ ਜਾਵੇਗਾ। ਛੇਵੀਂ ਰਿਪੋਰਟ ਦੀ ਇਸ ਕਿਸ਼ਤ ਵਿਚ ਇਹ ਵੀ ਸੁਝਾਅ ਦਿੱਤਾ ਗਿਆ ਹੈ ਕਿ ਜੇਕਰ ਸਦੀ ਦੇ ਅੰਤ ਤੱਕ ਧਰਤੀ ਦੇ ਔਸਤ ਤਾਪਮਾਨ ਵਿਚ ਵਾਧਾ 1.5 ਡਿਗਰੀ ਸੈਲਸੀਅਸ ਤੱਕ ਸੀਮਤ ਰੱਖਣਾ ਹੈ ਤਾਂ ਦੁਨੀਆ ਦੇ ਸਾਰੇ ਦੇਸਾਂ ਨੂੰ ਚਾਹੀਦਾ ਹੈ ਕਿ 2025 ਤੱਕ ਕੁੱਲ ਨਿਕਾਸ ਹੋਈਆਂ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ 2030 ਤੱਕ 43 ਫ਼ੀਸਦ ਕਟੌਤੀ ਕੀਤੀ ਜਾਵੇ। ਆਈ.ਪੀ.ਸੀ.ਸੀ. ਇਸ ਰਿਪੋਰਟ ਵਿਚ ਇਹ ਚਿਤਾਵਨੀ ਦਿੱਤੀ ਗਈ ਹੈ ਕਿ ਸਾਡੇ ਕੋਲ ਹੁਣ ਬਹੁਤ ਹੀ ਘੱਟ ਸਮਾਂ ਬਚਿਆ, ਪਰ ਹਾਲੇ ਵੀ ਇਹ ਸੰਭਵ ਹੈ ਕਿ ਅਸੀਂ ਇਸ ਉੱਤੇ ਕਾਬੂ ਪਾ ਸਕਦੇ ਹਾਂ ਜਿਸ ਲਈ ਤੇਜ਼ੀ ਨਾਲ ਕਰਵਾਈ ਕਰਨ ਅਤੇ ਦ੍ਰਿੜ ਇਰਾਦੇ ਦੀ ਲੋੜ ਹੈ। ਜੇਕਰ ਹੁਣ ਨਹੀਂ ਤਾਂ ਕਦੇ ਵੀ ਨਹੀਂ ਵਾਲੀ ਸਥਿਤੀ ਆ ਸਕਦੀ ਹੈ। ਦੁਨੀਆ ਦੇ ਸਾਰੇ ਦੇਸਾਂ ਕੋਲ ਹਾਲੇ ਵੀ ਵਿਕਲਪ ਹਨ, ਲੋੜ ਤਾਂ ਸਿਰਫ਼ ਇਛਾ-ਸ਼ਕਤੀ ਦੀ ਹੈ। ਸਯੁੰਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟਨੀਓ ਗੁਟਰਸ ਨੇ ਕਿਹਾ ਹੈ ਕਿ ਰਸਤਾ ਭਾਵੇਂ ਤੰਗ ਅਤੇ ਔਖਾ ਹੈ, ਪਰ ਹੁਣ ਮਨੁੱਖਤਾ ਨੂੰ ਬਚਾਉਣ ਲਈ ਸਾਰੇ ਦੇਸਾਂ ਨੂੰ ਕੰਮ ਕਰਨਾ ਚਾਹੀਦਾ ਹੈ। ਆਈ.ਪੀ.ਸੀ.ਸੀ. ਦੇ ਛੇਵੀਂ ਰਿਪੋਰਟ ਦੀ ਤੀਜੀ ਕਿਸ਼ਤ ਜਾਰੀ ਵੇਲੇ ਹੋਸੁੰਗ ਲੀ ਨੇ ਕਿਹਾ ਹੈ ਕਿ ਅਸੀਂ ਇਸ ਵੇਲੇ ਚੌਰਾਹੇ ਉੱਤੇ ਖੜ੍ਹੇ ਹਾਂ ਜੋ ਫ਼ੈਸਲੇ ਅਸੀਂ ਹੁਣ ਲਵਾਂਗੇ ਉਹ ਸਾਡਾ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰ ਸਕਦੇ ਹਨ। ਵਿਗਿਆਨੀਆਂ ਦੀ ਇਕ ਟੀਮ ਨੇ ਕਿਹਾ ਹੈ ਕਿ ਛੇਵੀਂ ਰਿਪੋਰਟ ਅੰਤਰ-ਰਾਸ਼ਟਰੀ ਪੱਧਰ ਉੱਤੇ ਹੋਏ ਟੁੱਟੇ ਹੋਏ ਮੌਸਮੀ ਸਮਝੌਤਿਆਂ ਅਤੇ ਖਾਲੀ ਵਾਅਦਿਆਂ ਦੀ ਇਕ ਫ਼ਾਈਲ ਹੈ ਜੋ ਹਰ ਵਾਅਦੇ ਨੂੰ ਸਿਲਸਲੇਵਾਰ ਬਿਆਨ ਕਰਦੀ ਹੈ। ਭਾਵੇਂ ਤਾਪਮਾਨ ਦੇ ਵਾਧੇ ਉੱਤੇ ਕਾਬੂ ਪਾਉਣ ਲਈ ਯਤਨ ਤਾਂ 1992 ਵਿਚ ਬਰਾਜ਼ੀਲ ਵਿਚ ਹੋਈ "ਅਰਥ ਸੱਮਿਟ" ਤੋਂ ਹੀ ਸ਼ੁਰੂ ਹੋ ਗਏ ਸਨ, ਪਰ ਹਾਲੇ ਤੱਕ ਇਸ ਸੰਬੰਧ ਵਿਚ ਕਿਸੇ ਵੀ ਤਰ੍ਹਾਂ ਦੇ ਸਾਰਥਕ ਉਪਰਾਲੇ ਸਾਹਮਣੇ ਨਹੀਂ ਆਏ ਹਨ।

ਆਈ.ਪੀ.ਸੀ.ਸੀ. ਦੀ 2014 ਵਿਚ ਆਈ ਪੰਜਵੀਂ ਰਿਪੋਰਟ ਵਿਚ ਦੁਨੀਆ ਦੇ ਸਾਰੇ ਦੇਸਾਂ ਨੂੰ ਇਹ ਪਤਾ ਲੱਗ ਗਿਆ ਸੀ ਕਿ ਦੁਨੀਆ ਦਾ ਕੋਈ ਵੀ ਦੇਸ ਤਾਪਮਾਨ ਦੇ ਵਾਧੇ ਦੇ ਬੁਰੇ ਪ੍ਰਭਾਵਾਂ ਤੋਂ ਬਚ ਨਹੀਂ ਸਕੇਗਾ। ਇਸ ਦੀ ਮਾਰ ਗ਼ਰੀਬ ਅਤੇ ਅਮੀਰ, ਛੋਟੇ ਅਤੇ ਵੱਡੇ ਸਭ ਦੇਸਾਂ ਉੱਤੇ ਪਵੇਗੀ। ਛੇਵੀਂ ਰਿਪੋਰਟ ਦੀ ਪਹਿਲੀ ਅਤੇ ਦੂਜੀ ਕਿਸ਼ਤਾਂ ਵਿਚ ਇਹ ਸਾਫ਼ ਤੌਰ ਦੱਸਿਆ ਗਿਆ ਹੈ ਕਿ ਤਾਪਮਾਨ ਵਿਚ ਵਾਧਾ ਮਨੁੱਖੀ ਗਤੀਵਿਧੀਆਂ ਕਾਰਨ ਹੋ ਰਿਹਾ ਹੈ ਅਤੇ ਇਸ ਦੀ ਵੱਧ ਮਾਰ ਗ਼ਰੀਬ ਲੋਕਾਂ ਅਤੇ ਦੇਸਾਂ ਉੱਤੇ ਪੈ ਰਹੀ ਹੈ। 2014 ਵਿਚ ਆਈ, ਆਈ.ਪੀ.ਸੀ.ਸੀ. ਦੀ ਪੰਜਵੀਂ ਰਿਪੋਰਟ ਤੋਂ ਬਾਅਦ ਭਾਵੇਂ ਦੁਨੀਆ ਦੇ ਸਾਰੇ ਦੇਸਾਂ ਨੇ 2015 ਵਿਚ ਪੈਰਿਸ ਮੌਸਮੀ ਸਮਝੌਤੇ ਦੇ ਤਹਿਤ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਦਾ ਅਹਿਦ ਵੀ ਲਿਆ ਸੀ, ਪਰ ਉਸ ਤੋਂ ਬਾਅਦ ਬਹੁਤੇ ਦੇਸਾਂ ਨੇ ਇਸ ਵੱਲ ਕੋਈ ਧਿਆਨ ਹੀ ਨਹੀਂ ਦਿੱਤਾ ਹੈ। ਬਹੁਤੇ ਦੇਸ ਕਾਨਫ਼ਰੰਸਾਂ ਵਿਚ ਵਾਅਦੇ ਅਤੇ ਸਮਝੌਤੇ ਹੀ ਕਰਦੇ ਹਨ, ਪਰ ਉਨ੍ਹਾਂ ਨੂੰ ਅਮਲ ਲਿਆਉਣ ਦੇ ਉਪਰਾਲਿਆਂ ਨੂੰ ਅਮਲੀ ਜਾਮਾ ਪਹਿਨਾਉਣ ਤੋਂ ਗੁਰੇਜ਼ ਕਰਦੇ ਹਨ। ਪੈਰਿਸ ਮੌਸਮੀ ਸਮਝੌਤੇ ਅਤੇ 2021 ਵਿਚ ਕਾਨਫ਼ਰੰਸ ਆਫ਼ ਪਾਰਟੀਜ਼-26 ਵਿਚ ਵੱਖ-ਵੱਖ ਦੇਸਾਂ ਵੱਲੋਂ ਕਾਰਬਨ ਨਿਕਾਸੀ ਦੇ ਵਾਅਦੇ ਇਸ ਵਾਧੇ ਉੱਤੇ ਕਾਬੂ ਪਾਉਣ ਲਈ ਪੂਰੇ ਨਹੀਂ ਉੱਤਰਦੇ ਹਨ।

ਊਰਜਾ ਪੈਦਾ ਕਰਨ ਵਾਲੇ ਸਰੋਤਾਂ ਵਿਚ ਤੇਜ਼ੀ ਨਾਲ ਤਬਦੀਲੀ ਲਿਆਉਣੀ ਚਾਹੀਦੀ ਹੈ। ਕੋਲੇ, ਤੇਲ, ਗੈਸ, ਅਤੇ ਡੀਜ਼ਲ ਦੀ ਥਾਂ ਉੱਤੇ ਹਵਾ, ਪਾਣੀ, ਅਤੇ ਸੂਰਜ ਵਰਗੇ ਨਵਿਆਉਣਯੋਗ ਸਾਧਨਾਂ ਤੋਂ ਵੱਧ ਤੋਂ ਵੱਧ ਊਰਜਾ ਪੈਦਾ ਕਰਨ ਦੇ ਉਪਰਾਲੇ ਤੇਜ਼ੀ ਨਾਲ ਸ਼ੁਰੂ ਕਰਨੇ ਚਾਹੀਦੇ ਹਨ। ਚੀਨ, ਅਮਰੀਕਾ, ਅਤੇ ਭਾਰਤ ਨੂੰ ਕੋਲੇ ਨਾਲ ਊਰਜਾ ਪੈਦਾ ਕਰਨ ਵਾਲੇ ਪਲਾਂਟ ਤੇਜ਼ੀ ਬੰਦ ਕਰਨੇ ਚਾਹੀਦੇ ਹਨ ਕਿਉਂਕਿ ਇਹ ਦੇਸ ਹੀ ਅੱਜਕੱਲ੍ਹ ਵਾਤਾਵਰਨ ਵਿਚ ਬਾਕੀ ਦੇਸਾਂ ਨਾਲੋਂ ਕਿਤੇ ਵੱਧ ਗਰੀਨਹਾਊਸ ਗੈਸਾਂ ਛੱਡ ਰਹੇ ਹਨ। ਆਈ.ਪੀ.ਸੀ.ਸੀ. ਦੀ ਛੇਵੀਂ ਰਿਪੋਰਟ ਦੀ ਤੀਜੀ ਕਿਸ਼ਤ ਵਿਚਲੇ ਇਕ ਸਕਾਰਾਤਮਕ ਤੱਥ ਅਨੁਸਾਰ 2010 ਤੋਂ ਬਾਅਦ ਸੂਰਜ ਅਤੇ ਹਵਾ ਤੋਂ ਊਰਜਾ ਪੈਦਾ ਕਰਨ ਦੀ ਲਾਗਤ ਵਿਚ 85 ਫ਼ੀਸਦ ਕਮੀ ਆਈ ਹੈ। ਜੇਕਰ ਸਾਰੇ ਦੇਸ ਕੋਲੇ ਦੀ ਥਾਂ ਉੱਤੇ ਸੂਰਜ ਅਤੇ ਹਵਾ ਤੋਂ ਊਰਜਾ ਪੈਦਾ ਕਰਦੇ ਹਨ ਤਾਂ ਸ਼ਾਇਦ ਉਹ ਤਾਪਮਾਨ ਦੇ ਵਾਧੇ ਉੱਤੇ ਕਾਬੂ ਪਾਉਣ ਵਿਚ ਸਫ਼ਲ ਹੋ ਜਾਣਗੇ।

ਆਈ.ਪੀ.ਸੀ.ਸੀ. ਦੀ ਛੇਵੀਂ ਰਿਪੋਰਟ ਦੀ ਤੀਜੀ ਕਿਸ਼ਤ ਵਿਚ ਖੇਤੀਬਾੜੀ ਅਤੇ ਜੰਗਲਾਂ ਦੀ ਸਾਂਭ-ਸੰਭਾਲ ਵੱਲ ਵੀ ਉਚੇਚੇ ਤੌਰ ਉੱਤੇ ਧਿਆਨ ਦੇਣ ਲਈ ਸੁਝਾਅ ਦਿੱਤਾ ਗਿਆ ਹੈ। ਧਰਤੀ ਨੂੰ ਵਰਤਣ ਦੇ ਤਰੀਕਿਆਂ ਵਿਚ ਲੋੜੀਂਦਾ ਬਦਲਾਅ, ਉਦਯੋਗਾਂ ਵਿਚ ਕਾਰਬਨ ਨਿਕਾਸੀ ਅਤੇ ਪ੍ਰਦੂਸ਼ਣ ਨੂੰ ਘਟਾਉਣ, ਇਮਾਰਤਾਂ ਨੂੰ ਕੁਦਰਤ-ਪੱਖੀ ਬਣਾਉਣ, ਆਵਾਜਾਈ ਦੇ ਸਾਧਨਾਂ ਵਿਚ ਸੁਧਾਰ ਲਿਆਉਣ ਲਈ ਕਿਹਾ ਗਿਆ ਹੈ। ਇਸ ਲਈ ਸਾਰੇ ਦੇਸਾਂ ਨੂੰ ਆਪਣੇ ਆਪਣੇ ਦੇਸ ਦੇ ਵੱਖ-ਵੱਖ ਖੇਤਰਾਂ ਵਿਚ ਉੱਥੋਂ ਦੇ ਸਥਾਨਕ ਮੌਸਮ ਅਤੇ ਵਾਤਾਵਰਨ ਦੇ ਅਨੁਸਾਰ ਹੀ ਫ਼ਸਲਾਂ ਬੀਜਣੀਆਂ/ਲਗਾਉਣੀਆਂ ਚਾਹੀਦੀਆਂ ਹਨ। ਕਈ ਥਾਵਾਂ ਉੱਤੇ ਮੁਨਾਫ਼ੇ ਲਈ ਉਹ ਫ਼ਸਲਾਂ ਬੀਜ/ਲਗਾ ਲਈਆਂ ਜਾਂਦੀਆਂ ਹਨ ਜੋ ਉਸ ਖੇਤਰ ਦੇ ਵਾਤਾਵਰਨ ਅਤੇ ਕੁਦਰਤੀ ਸਰੋਤਾਂ ਨਾਲ ਮੇਲ ਨਹੀਂ ਖਾਂਦੀਆਂ, ਨਤੀਜੇ ਵਜੋਂ ਉਹ ਕੁਦਰਤੀ ਸਰੋਤਾਂ ਅਤੇ ਵਾਤਾਵਰਨ ਨੂੰ ਅਸੰਤੁਲਿਤ ਕਰ ਦਿੰਦੀਆਂ ਹਨ। ਉਦਾਹਰਣ ਦੇ ਤੌਰ ਉੱਤੇ ਦੇਸ ਵਿਚੋਂ ਅਨਾਜ ਦੀ ਥੁੜ੍ਹ ਨੂੰ ਖ਼ਤਮ ਕਰਨ ਲਈ ਭਾਰਤ ਸਰਕਾਰ ਨੇ ਧਾਨ ਦੀ ਫ਼ਸਲ ਪੰਜਾਬ ਸਿਰ ਮੜ੍ਹ ਦਿੱਤੀ ਹੋਈ ਹੈ ਜੋ ਇਸ ਦੇ ਧਰਤੀ ਹੇਠਲੇ ਪਾਣੀ ਦੇ ਤੇਜ਼ੀ ਨਾਲ ਡਿਗਦੇ ਪੱਧਰ ਅਤੇ ਇੱਥੋਂ ਦੀ ਪ੍ਰਦੂਸ਼ਿਤ ਹਵਾ ਲਈ ਜ਼ਿੰਮੇਵਾਰ ਹੈ। ਇਹ ਫ਼ਸਲ ਹਵਾ ਵਿਚ ਮਿਥੇਨ ਗੈਸ ਵੀ ਛੱਡਦੀ ਹੈ ਜੋ ਕਾਰਬਨ-ਡਾਇਆਕਸਾਈਡ ਨਾਲੋਂ ਤਾਪਮਾਨ ਨੂੰ ਵੱਧ ਗਰਮ ਕਰਨ ਦੀ ਸਮਰੱਥਾ ਰੱਖਦੀ ਹੈ।

ਜੰਗਲਾਂ ਨੂੰ ਧਰਤੀ ਦੇ ਫੇਫੜੇ ਵੀ ਕਿਹਾ ਜਾਂਦਾ ਹੈ ਕਿਉਂਕਿ ਜੰਗਲ ਬਨਸਪਤੀ ਤੋਂ ਬਿਨਾਂ ਬਾਕੀ ਹਰ ਤਰ੍ਹਾਂ ਦੇ ਜੈਵਿਕਾਂ ਦੁਆਰਾ ਸਾਹ ਲੈਣ ਲਈ ਵਾਤਾਵਰਨ ਵਿਚ ਆਕਸੀਜਨ ਛੱਡਦੇ ਅਤੇ ਕਾਰਬਨ ਡਾਇਆਕਸਾਈਡ ਸੋਖ ਲੈਂਦੇ ਹਨ। ਕੁ-ਦਰਤੀ ਵਾਤਾਵਰਨ ਨੂੰ ਸੰਤੁਲਨ ਵਿਚ ਰੱਖਣ ਲਈ ਹਰ ਦੇਸ ਵਿਚ 33 ਫ਼ੀਸਦ ਖੇਤਰ ਵਿਚ ਜੰਗਲ ਹੋਣੇ ਜ਼ਰੂਰੀ ਹਨ। ਇਸ ਦੇ ਨਾਲ ਨਾਲ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਜੰਗਲ/ਦਰਖ਼ਤਾਂ ਦੀਆਂ ਕਿਸਮਾਂ ਸਥਾਨਕ ਵਾਤਾਵਰਨ ਦੇ ਅਨੁਕੂਲ ਹੋਣੀਆਂ ਚਾਹੀਦੀਆਂ ਹਨ। ਆਈ.ਪੀ.ਸੀ.ਸੀ. ਦੀ 2018 ਵਿਚ ਆਈ ਇਕ ਰਿਪੋਰਟ ਅਨੁਸਾਰ ਮਨੁੱਖਾਂ ਨੇ ਆਪਣੀਆਂ ਗਤੀਵਿਧੀਆਂ ਦੁਆਰਾ ਧਰਤੀ ਦਾ 70 ਫ਼ੀਸਦ ਹਿੱਸਾ ਆਪਣੀਆਂ ਲਲਸਾਵਾਂ ਨੂੰ ਪੂਰਾ ਕਰਦੇ ਹੋਏ ਬਦਲ ਕੇ ਰੱਖ ਦਿੱਤਾ ਹੈ ਜਿਸ ਨਾਲ ਕਈ ਤਰ੍ਹਾਂ ਦੇ ਈਕੋਸਿਸਟਮ ਖ਼ਤਮ ਹੋ ਗਏ ਹਨ ਅਤੇ ਕਈ ਖ਼ਤਮ ਹੋਣ ਦੀ ਕਗਾਰ ਉੱਤੇ ਖੜ੍ਹੇ ਹਨ। ਇਸ ਲਈ ਸਾਰੇ ਦੇਸਾਂ ਨੂੰ ਈਕੋਸਿਸਟਮਾਂ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ।

ਸ਼ਹਿਰ ਪਿੰਡਾਂ ਨਾਲੋਂ ਵੱਧ ਮਾਤਰਾ ਵਿਚ ਤਾਪਮਾਨ ਵਿਚ ਵਾਧਾ ਕਰਨ ਵਾਲੀਆਂ ਗੈਸਾਂ ਛੱਡਦੇ ਹਨ ਜਿਸ ਕਰਕੇ ਇਨ੍ਹਾਂ ਨੂੰ ਗਰਮੀ ਪੈਦਾ ਕਰਨ ਵਾਲੇ ਟਾਪੂ ਵੀ ਕਿਹਾ ਜਾਂਦਾ ਹੈ। ਸਾਨੂੰ ਸ਼ਹਿਰਾਂ ਵਿਚਲੀਆਂ ਅਜਿਹੀਆਂ ਗਤੀਵਿਧੀਆਂ ਘਟਾਉਣੀਆਂ ਚਾਹੀਦੀਆਂ ਹਨ ਜੋ ਵੱਧ ਊਰਜਾ ਦੀ ਖ਼ਪਤ ਕਰ-ਦੀਆਂ ਹਨ। ਸੜਕਾਂ ਉੱਤਲੀਆਂ ਅਤੇ ਘਰਾਂ ਵਿਚਲੀਆਂ ਬੇਲੋੜੀਆਂ ਬਿਜਲੀ ਦੀਆਂ ਬੱਤੀਆਂ ਬੰਦ ਕਰਨੀਆਂ ਚਾਹੀਦੀਆਂ ਹਨ। ਅੱਜਕੱਲ੍ਹ ਸ਼ਹਿਰਾਂ ਵਿਚ ਇਮਾਰਤਾਂ ਆਧੁਨਿਕ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਲੱਕੜੀ ਅਤੇ ਇੱਟਾਂ ਆਦਿ ਦੀ ਥਾਂ ਉੱਤੇ ਸ਼ੀਸ਼ੇ ਦੀਆਂ ਬਣਨ ਲੱਗ ਪਈਆਂ ਹਨ ਜਿਨ੍ਹਾਂ ਨੂੰ ਠੰਡਾ ਅਤੇ ਗਰਮ ਰੱਖਣ ਲਈ ਵੱਧ ਊਰਜਾ ਦੀ ਲੋੜ ਪੈਂਦੀ ਹੈ ਅਤੇ ਸ਼ੀਸ਼ਾ ਲੱਕੜੀ ਅਤੇ ਇੱਟਾਂ ਨਾਲੋਂ ਵੱਧ ਮਾਤਰਾ ਵਿਚ ਗਰਮ ਹਵਾ ਵਾਤਾਵਰਨ ਵਿਚ ਛੱਡਦਾ ਹੈ। ਇਸ ਲਈ ਸਰਕਾਰਾਂ ਅਤੇ ਲੋਕਾਂ ਨੂੰ ਸ਼ਹਿਰਾਂ ਅਤੇ ਇੱਥੋਂ ਦੀਆਂ ਗਤੀਵਿਧੀਆਂ ਨੂੰ ਕੁਦਰਤੀ-ਪੱਖੀ ਬਣਾਉਣ ਲਈ ਮੁੜ ਤੋਂ ਵਿਉਂਤਬੰਦੀ ਕਰਨੀ ਚਾਹੀਦੀ ਹੈ।

ਆਵਾਜਾਈ ਦੇ ਸਾਧਨ ਵਾਤਾਵਰਨ ਵਿਚ ਬਹੁਤ ਜ਼ਿਆਦਾ ਮਾਤਰਾ ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਕਰਦੇ ਹਨ। ਆਈ.ਪੀ.ਸੀ.ਸੀ. ਦੇ ਛੇਵੀਂ ਰਿਪੋਰਟ ਦੀ ਤੀਜੀ ਕਿਸ਼ਤ ਅਨੁਸਾਰ ਜੇਕਰ ਆਵਾਜਾਈ ਦੇ ਸਾਧਨਾਂ ਵਿਚ ਲੋੜੀਂਦੇ ਫੇਰਬਦਲ ਨਾ ਕੀਤੇ ਗਏ ਤਾਂ ਇਕੱਲੇ ਆਵਾਜਾਈ ਦੇ ਸਾਧਨਾਂ ਤੋਂ ਕਾਰਬਨ ਡਾਇਆਕਸਾਈਡ ਦੇ ਨਿਕਾਸ ਵਿਚ 2050 ਤੱਕ 50 ਫ਼ੀਸਦ ਵਾਧਾ ਹੋਣਾ ਯਕੀਨੀ ਹੈ। ਇਸ ਰਿਪੋਰਟ ਵਿਚ ਸੁਝਾਅ ਦਿੱਤਾ ਗਿਆ ਹੈ ਕਿ ਸਰਕਾਰਾਂ ਕਾਰ-ਮੁਕਤ ਬੁਨਿਆਦੀ ਢਾਂਚੇ ਜਿਵੇਂ ਪੈਦਲ ਅਤੇ ਸਾਈਕਲ ਚਲਾਉਣ ਲਈ ਸੜਕਾਂ ਬਣਾ ਕੇ ਆਵਾਜਾਈ ਵਿਚ ਖ਼ਪਤ ਹੋ ਰਹੀ ਊਰਜਾ ਦਾ ਇਕ-ਚੌਥਾਈ ਹਿੱਸਾ ਘਟਾ ਸਕਦੀਆਂ ਹਨ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਜੇਕਰ ਆਵਾਜਾਈ ਦੇ ਸਾਧਨਾਂ ਤੋਂ ਨਿਕਾਸ ਕੀਤੀਆਂ ਗਰੀਨਹਾਊਸ ਗੈਸਾਂ ਨੂੰ ਘਟਾਉਣਾ ਹੈ ਤਾਂ ਹਰ ਇਕ ਦੇਸ ਨੂੰ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਇੰਨਾ ਚੁੱਸਤ-ਦਰੁੱਸਤ ਕਰ ਦੇਣਾ ਚਾਹੀਦਾ ਹੈ ਕਿ ਜਨਤਾ ਆਪਣੇ ਆਪ ਨਿੱਜੀ ਵਾਹਨਾਂ ਨੂੰ ਛੱਡਕੇ ਜਨਤਕ ਆਵਾਜਾਈ ਦੇ ਸਾਧਨਾਂ ਦੀ ਵਰਤੋਂ ਕਰਨ ਲੱਗ ਜਾਵੇ। ਕਾਰਾਂ ਬਣਾਉਣ ਵਾਲੀਆਂ ਕੰਪਨੀਆਂ ਦੀ ਥਾਂ ਉੱਤੇ ਬੱਸਾਂ, ਰੇਲਾਂ ਵਰਗੇ ਜਨਤਕ ਆਵਾਜਾਈ ਦੇ ਸਾਧਨ ਬਣਾਉਣ ਵਾਲੀਆਂ ਕੰਪਨੀਆਂ ਨੂੰ ਸਬਸਿਡੀਆਂ ਦੇ ਕੇ ਉਤਸ਼ਾਹਿਤ ਕਰਨਾ ਚਾਹੀਦਾ ਹੈ। ਨਿੱਜੀ ਵਾਹਨਾਂ ਉੱਤੇ ਕਰਾਂ ਦੀਆਂ ਦਰਾਂ ਵੀ ਵਧਾਉਣੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ ਹਵਾਈ ਆਵਾਜਾਈ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਹਵਾਈ ਜਹਾਜ਼ਾਂ ਤੋਂ ਨਿਕਲੀਆਂ ਗੈਸਾਂ ਸਮੁੱਚੇ ਵਾਤਾਵਰਨ ਨੂੰ ਤਰ੍ਹਾਂ ਤਰ੍ਹਾਂ ਦੀਆਂ ਗਰੀਨਹਾਊਸ ਗੈਸਾਂ ਨਾਲ ਪ੍ਰਭਾਵਿਤ ਕਰ ਰਹੀਆਂ ਹਨ। ਇਸ ਖੇਤਰ ਵਿਚ ਊਰਜਾ ਦੇ ਨਵੇਂ ਸਾਧਨ ਤਲਾਸ਼ਣ ਦੀ ਸਖ਼ਤ ਲੋੜ ਹੈ।

ਇਸ ਰਿਪੋਰਟ ਵਿਚ ਉਪਰੋਕਤ ਸੁਝਾਆਵਾਂ ਦੇ ਨਾਲ ਨਾਲ ਖਾਣ-ਪੀਣ ਦੇ ਤਰੀਕਿਆਂ ਵਿਚ ਵੀ ਤਬਦੀਲੀ ਲਿਆਉਣ ਦਾ ਸੁਝਾਅ ਦਿੱਤਾ ਗਿਆ। ਜ਼ਮੀਨ ਦੀ ਵਰਤੋਂ ਵਿਚ ਤਬਦੀਲੀ ਦਾ ਇਕ ਵੱਡਾ ਕਾਰਨ ਖਾਧ-ਪਦਾਰਥਾਂ ਵਿਚ ਮਾਸਹਾਰੀ ਭੋਜਨ ਦਾ ਵਧ ਰਿਹਾ ਰੁਝਾਨ ਵੀ ਹੈ। ਜੰਗਲਾਂ ਦੀ ਕਟਾਈ ਲਈ ਕਾਫ਼ੀ ਹੱਦ ਤੱਕ ਮਾਸਾਹਾਰੀ ਭੋਜਨ ਦਾ ਰੁਝਾਨ ਜ਼ਿੰਮੇਵਾਰ ਹੈ। ਪਸ਼ੂਆਂ ਦੇ ਰੱਖਣ ਲਈ ਥਾਵਾਂ ਅਤੇ ਚਾਰੇ ਲਈ ਵੱਡੇ ਪੱਧਰ ਉੱਤੇ ਜੰਗਲਾਂ ਦੀ ਕਟਾਈ ਕੀਤੀ ਜਾ ਰਹੀ ਹੈ ਜੋ ਭਾਰੀ ਮਾਤਰਾ ਵਿਚ ਵਾਤਾਵਰਨ ਵਿਚ ਕਾਰਬਨ ਡਾਇਆਕਸਾਈਡ ਛੱਡਕੇ ਗਰੀਨਹਾਊਸ ਗੈਸਾਂ ਵਿਚ ਵਾਧਾ ਕਰ ਰਹੇ ਹਨ। ਭੋਜਨ ਲਈ ਪਾਲ਼ੇ ਪਸ਼ੂ ਵੀ ਮਿਥੇਨ ਅਤੇ ਕਾਰਬਨ ਡਾਇਆਕਸਾਈਡ ਵਰਗੀਆਂ ਦੋ ਗੈਸਾਂ ਛੱਡਕੇ ਵਾਤਾਵਰਨ ਨੂੰ ਗਰਮਾ ਰਹੇ ਹਨ।

ਇਸ ਰਿਪੋਰਟ ਵਿਚ ਖ਼ਾਸ ਤੌਰ ਉੱਤੇ ਕਿਹਾ ਗਿਆ ਹੈ ਕਿ ਉੱਚ ਪੱਧਰੀ ਆਮਦਨ ਵਾਲੇ ਪਰਿਵਾਰ ਕੁੱਲ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਦੇ 36-45 ਫ਼ੀਸਦ ਹਿੱਸੇ ਲਈ ਜ਼ਿੰਮੇਵਾਰ ਹਨ, ਜਦੋਂਕਿ ਹੇਠਲੀ ਅਤੇ ਘੱਟ ਆਮਦਨੀ ਵਾਲੀ 50 ਫ਼ੀਸਦ ਆਬਾਦੀ ਸਿਰਫ਼ 13 ਤੋਂ 15 ਫ਼ੀਸਦ ਗਰੀਨਹਾਊਸ ਗੈਸਾਂ ਦੀ ਨਿਕਾਸੀ ਲਈ ਜ਼ਿੰਮੇਵਾਰ ਹੈ।

ਆਈ.ਪੀ.ਸੀ.ਸੀ. ਇਸ ਰਿਪੋਰਟ ਅਨੁਸਾਰ ਸਾਡੇ ਕੋਲ ਤਾਪਮਾਨ ਦੇ ਵਾਧੇ ਅਤੇ ਮਨੁੱਖੀ ਜੀਵਨ ਨੂੰ ਬਚਾਉਣ ਲਈ ਹੁਣ ਬਹੁਤ ਥੋੜ੍ਹਾ ਸਮਾਂ ਬਚਿਆ ਹੈ। ਇਸ ਲਈ ਸਾਨੂੰ ਤੇਜ਼ੀ ਨਾਲ ਵੱਖ-ਵੱਖ ਖੇਤਰਾਂ ਵਿਚੋਂ ਗਰੀਨਹਾਊਸ ਗੈਸਾਂ ਦੀ ਨਿਕਾਸੀ ਘਟਾਉਣੀ ਚਾਹੀਦੀ ਹੈ। ਊਰਜਾ ਕੋਲੇ ਦੀ ਥਾਂ ਨਵਿਆਉਣਯੋਗ ਸਰੋਤਾਂ ਪੈਦਾ ਕਰਨੀ ਚਾਹੀਦੀ ਹੈ। ਵਿਕਸਿਤ ਦੇਸਾਂ ਅਤੇ ਵੱਧ ਆਮਦਨ ਵਾਲੇ ਲੋਕਾਂ ਨੂੰ ਜ਼ਿੰਦਗੀ ਜਿਊਣ ਦੇ ਤਰੀਕਿਆਂ ਵਿਚ ਭਾਰੀ ਤਬਦੀਲੀ ਲਿਆਉਣ ਦੀ ਲੋੜ ਹੈ। ਇਸ ਰਿਪੋਰਟ ਅਨੁਸਾਰ ਜੇਕਰ ਦੁਨੀਆ ਦਾ ਸਭ ਤੋਂ ਅਮੀਰ ਤਬਕਾ ਆਪਣੇ ਊਰਜਾ ਦੇ ਖ਼ਪਤ ਦੇ ਰੁਝਾਨ ਨੂੰ ਬਦਲ ਦੇਵੇ ਤਾਂ ਗਰੀਨਹਾਊਸ ਦੀ ਨਿਕਾਸੀ ਵਿਚ 40-70 ਫ਼ੀਸਦ ਤੱਕ ਕਮੀ ਆ ਸਕਦੀ ਹੈ। ਇਸ ਜੀਵਨ ਸ਼ੈਲੀ ਵਿਚ ਲੰਬੀ ਦੂਰੀ ਦੀਆਂ ਉਡਾਣਾਂ ਤੋਂ ਲੈ ਕੇ ਊਰਜਾ ਆਧਾਰਿਤ ਨਿੱਜੀ ਸਹੂਲਤਾਂ, ਖਾਧ-ਪਦਾਰਥਾਂ ਅਤੇ ਕਪੜਿਆਂ ਦੀ ਚੋਣ, ਆਦਿ ਸ਼ਾਮਲ ਹਨ। ਆਵਾਜਾਈ ਦੇ ਸਾਧਨਾਂ ਵਿਚ ਸਾਨੂੰ ਨਿੱਜੀ ਕਾਰਾਂ ਦੀ ਥਾਂ ਉੱਤੇ ਜਨਤਕ ਆਵਾਜਾਈ ਦੇ ਸਾਧਨਾਂ ਦਾ ਬਿਜਲੀਕਰਨ ਕਰਨ ਦੀ ਲੋੜ ਹੈ। ਵਿਕਸਿਤ ਦੇਸਾਂ ਨੇ ਵਾਤਾਵਰਨ ਵਿਚ ਬਾਕੀ ਦੇਸਾਂ ਨਾਲੋਂ ਜ਼ਿਆਦਾ ਗਰੀਨਹਾਊਸ ਗੈਸਾਂ ਛੱਡੀਆਂ ਹਨ।

ਇਸ ਲਈ ਉਨ੍ਹਾਂ ਨੂੰ ਆਧੁਨਿਕ ਤਕਨੀਕਾਂ ਦੀ ਮੱਦਦ ਰਾਹੀਂ ਤੇਜ਼ੀ ਨਾਲ ਇਨ੍ਹਾਂ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨੀ ਚਾਹੀਦੀ ਹੈ। ਮੌਸਮੀ ਤਬਦੀਲੀਆਂ ਨਾਲ ਹੋ ਰਹੇ ਨੁਕਸਾਨ ਦੀ ਭਰਪਾਈ ਕਰਨ ਲਈ ਗ਼ਰੀਬ ਅਤੇ ਵਿਕਸਿਤ ਹੋ ਰਹੇ ਦੇਸਾਂ ਦੀ ਮਾਲੀ ਅਤੇ ਤਕਨੀਕੀ ਸਹਾਇਤਾ ਕਰਨ ਲਈ ਵਿਕਸਿਤ ਦੇਸਾਂ ਨੂੰ ਹੁਣ ਟਾਲ-ਮਟੋਲ ਕਰਨ ਦੀ ਥਾਂ ਉੱਤੇ ਖੁੱਲ-ਦਿਲੀ ਨਾਲ ਮੱਦਦ ਕਰਨੀ ਚਾਹੀਦੀ ਹੈ। ਦੁਨੀਆ ਦੇ ਸਾਰੇ ਦੇਸਾਂ ਨੂੰ ਇਕਜੁੱਟ ਹੋਕੇ ਤਾਪਮਾਨ ਦੇ ਵਾਧੇ ਨੂੰ ਰੋਕਣ ਲਈ ਤੇਜ਼ੀ ਨਾਲ ਉਪਰਾਲੇ ਕਰਨੇ ਚਾਹੀਦੇ ਹਨ ਨਹੀਂ ਤਾਂ ਧਰਤੀ ਅਤੇ ਇਸ ਦੇ ਵਾਸੀ ਅਣਕਿਆਸੇ ਭਵਿੱਖ ਵੱਲ ਧੱਕੇ ਜਾਣਗੇ।





ਮਹਾਤਮਾ ਜਯੋਤੀਰਾਓ ਗੋਵਿੰਦਰਾਓ ਫੂਲੇ ਦੀ ਜਯੰਤੀ ਤੇ ਮਿਤੀ 11 ਅਪ੍ਰੈਲ ਲਈ ਵਿਸ਼ੇਸ਼

# ਮਹਾਤਮਾ ਜੋਤੀਰਾਓ ਫੂਲੇ ਨੇ ਭਾਰਤ ਦੇ ਇਸ ਸਮਾਜਿਕ ਅੰਦੋਲਨ ਰਾਹੀਂ ਮਹਾਰਾਸ਼ਟਰ ਵਿੱਚ ਇੱਕ ਨਵੀਂ ਦਿਸ਼ਾ ਦਿੱਤੀ



ਕੁਲਦੀਪ ਚੰਦ
91-9417563054

ਮਹਾਤਮਾ ਜੋਤੀਬਾ ਫੂਲੇ (ਜੋਤੀਰਾਓ ਗੋਵਿੰਦਰਾਓ ਫੂਲੇ) ਨੂੰ 19ਵੀਂ ਸਦੀ ਦਾ ਮੋਹਰੀ ਸਮਾਜ ਸੇਵਕ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਭਾਰਤੀ ਸਮਾਜ ਵਿੱਚ ਫੈਲੀਆਂ ਕਈ ਬੁਰਾਈਆਂ ਨੂੰ ਦੂਰ ਕਰਨ ਲਈ ਲਗਾਤਾਰ ਸੰਘਰਸ਼ ਕੀਤਾ। ਉਨ੍ਹਾਂ ਨੇ ਅਛੂਤਾਂ, ਇਸਤਰੀ-ਸਿੱਖਿਆ, ਵਿਧਵਾ-ਵਿਆਹ ਅਤੇ ਕਿਸਾਨਾਂ ਦੇ ਭਲੇ ਲਈ ਕੰਮ ਕੀਤਾ ਹੈ। ਉਸਦਾ ਜਨਮ 11 ਅਪ੍ਰੈਲ 1827 ਨੂੰ ਸਤਾਰਾ ਮਹਾਰਾਸ਼ਟਰ ਵਿੱਚ ਹੋਇਆ ਸੀ। ਆਪ ਦਾ ਪਰਿਵਾਰ ਬਹੁਤ ਗਰੀਬ ਸੀ ਅਤੇ ਗੁਜ਼ਾਰਾ ਚਲਾਉਣ ਲਈ ਬਾਗਾਂ ਵਿੱਚ ਮਾਲੀ ਦਾ ਕੰਮ ਕਰਦਾ ਸੀ। ਜਦੋਂ ਜੋਤੀਬਾ ਸਿਰਫ਼ ਇੱਕ ਸਾਲ ਦੇ ਸਨ ਤਾਂ ਉਨ੍ਹਾਂ ਦੀ ਮਾਤਾ ਦਾ ਦੇਹਾਂਤ ਹੋ ਗਿਆ ਅਤੇ ਆਪ ਦਾ ਪਾਲਣ ਪੋਸ਼ਣ ਸਗੁਣਾਬਾਈ ਨਾਮ ਦੀ ਦਾਈ ਨੇ ਹੀ ਕੀਤਾ। 07 ਸਾਲ ਦੀ ਉਮਰ ਵਿੱਚ ਆਪ ਨੂੰ ਪਿੰਡ ਦੇ ਸਕੂਲ ਵਿੱਚ ਪੜ੍ਹਨ ਲਈ ਭੇਜਿਆ ਗਿਆ ਪਰੰਤੂ ਜਾਤੀ ਭੇਦਭਾਵ ਕਾਰਨ ਉਨ੍ਹਾਂ ਨੂੰ ਸਕੂਲ ਛੱਡਣਾ ਪਿਆ। ਸਕੂਲ ਛੱਡਣ ਤੋਂ ਬਾਅਦ ਵੀ ਪੜ੍ਹਨ ਦੀ ਲਾਲਸਾ ਬਣੀ ਰਹੀ। ਸਗੁਣਾਬਾਈ ਨੇ ਹੀ ਪੜ੍ਹਨ ਵਿਚ ਮਦਦ ਕੀਤੀ। ਘਰੇਲੂ ਕੰਮ ਤੋਂ ਬਾਅਦ ਜੋ ਸਮਾਂ ਬਚਦਾ ਸੀ ਉਸ ਸਮੇਂ ਉਹ ਕਿਤਾਬਾਂ ਪੜ੍ਹਦਾ ਸੀ। ਜੋਤੀਬਾ ਅਕਸਰ ਹੀ ਆਂਢ-ਗੁਆਂਢ ਦੇ ਬਜ਼ੁਰਗਾਂ ਨਾਲ ਵੱਖ-ਵੱਖ ਵਿਸ਼ਿਆਂ ਤੇ ਵਿਚਾਰ ਚਰਚਾ ਕਰਦਾ ਸੀ। ਆਪ ਮੈਟ੍ਰਿਕ ਪਾਸ ਸੀ ਅਤੇ ਉਸ ਦਾ ਪਰਿਵਾਰ ਚਾਹੁੰਦਾ ਸੀ ਕਿ ਉਹ ਚੰਗੀ ਤਨਖਾਹ 'ਤੇ ਸਰਕਾਰੀ ਮੁਲਾਜ਼ਮ ਬਣੇ ਪਰ ਜੋਤੀਬਾ ਨੇ ਸਭ ਕੁਝ ਦੇ ਦਿੱਤਾ ਸੀ। ਦੱਬੇ-ਕੁਚਲੇ ਲੋਕਾਂ ਦੀ ਸੇਵਾ ਵਿਚ ਆਪਣਾ ਜੀਵਨ ਬਤੀਤ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਦਿਨਾਂ ਵਿੱਚ ਔਰਤਾਂ ਦੀ ਹਾਲਤ ਬਹੁਤ ਮਾੜੀ ਸੀ ਕਿਉਂਕਿ ਉਨ੍ਹਾਂ ਦਾ ਦਾਇਰਾ ਸਿਰਫ਼ ਘਰ ਦੇ ਕੰਮਾਂ ਤੱਕ ਹੀ ਸੀ। ਬਚਪਨ ਵਿੱਚ ਵਿਆਹੇ ਹੋਣ ਕਾਰਨ ਇਸਤਰੀ ਦੀ ਪੜ੍ਹਾਈ-ਲਿਖਾਈ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਬਦਕਿਸਮਤੀ ਨਾਲ ਜੇਕਰ ਕੋਈ ਬਚਪਨ ਵਿੱਚ ਵਿਧਵਾ ਹੋ ਗਿਆ ਤਾਂ ਉਸ ਨਾਲ ਬਹੁਤ ਬੇਇਨਸਾਫ਼ੀ ਹੋਈ। ਫਿਰ ਉਸ ਨੇ ਸੋਚਿਆ ਕਿ ਜੇਕਰ ਆਉਣ ਵਾਲੀ ਪੀੜ੍ਹੀ ਦਾ ਨਿਰਮਾਣ ਕਰਨ ਵਾਲੀਆਂ ਮਾਵਾਂ ਹਨੇਰੇ ਵਿਚ ਹੀ ਰਹਿਣਗੀਆਂ ਤਾਂ ਦੇਸ਼ ਦਾ ਕੀ ਬਣੇਗਾ ਅਤੇ ਉਸ ਨੇ ਮਾਵਾਂ ਦੀ ਸਿੱਖਿਆ ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵਿਧਵਾਵਾਂ ਅਤੇ ਔਰਤਾਂ ਦੀ ਭਲਾਈ ਲਈ ਬਹੁਤ ਕੁਝ ਕੀਤਾ ਹੈ। ਉਨ੍ਹਾਂ ਨੇ ਕਿਸਾਨਾਂ ਦੀ ਹਾਲਤ ਸੁਧਾਰਨ ਅਤੇ ਉਨ੍ਹਾਂ ਦੀ ਭਲਾਈ ਲਈ ਵੀ ਬਹੁਤ ਉਪਰਾਲੇ ਕੀਤੇ ਸਨ। ਉਸਨੇ ਵਿਧਵਾਵਾਂ ਅਤੇ ਔਰਤਾਂ ਦੀ ਭਲਾਈ ਲਈ ਬਹੁਤ ਕੰਮ ਕੀਤੇ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਸਾਨਾਂ ਦੀ ਹਾਲਤ ਸੁਧਾਰਨ ਅਤੇ ਉਨ੍ਹਾਂ ਦੀ ਭਲਾਈ ਲਈ ਵੀ ਬਹੁਤ ਉਪਰਾਲੇ ਕੀਤੇ। ਔਰਤਾਂ ਦੀ ਹਾਲਤ ਸੁਧਾਰਨ ਅਤੇ ਉਨ੍ਹਾਂ ਦੀ ਸਿੱਖਿਆ ਲਈ ਆਪ ਨੇ 1848 ਵਿੱਚ ਦੇਸ਼ ਦਾ ਪਹਿਲਾ ਸਕੂਲ ਖੋਲ੍ਹਿਆ। ਕੁੜੀਆਂ ਨੂੰ ਪੜ੍ਹਾਉਣ ਲਈ ਕੋਈ ਅਧਿਆਪਕ ਨਾ ਮਿਲਿਆ ਤਾਂ ਉਸ ਨੇ ਆਪਣੀ ਪਤਨੀ ਸਾਵਿਤਰੀ ਬਾਈ ਫੂਲੇ ਨੂੰ ਕੁੱਝ ਦਿਨ ਖ਼ੁਦ ਇਹ ਕੰਮ ਕਰਕੇ ਇਸ ਯੋਗ ਬਣਾ ਦਿੱਤਾ। ਅਖੌਤੀ ਮਨੂੰਵਾਦੀ ਲੋਕਾਂ ਨੇ ਸ਼ੁਰੂ ਤੋਂ ਹੀ ਉਸ ਦੇ ਕੰਮ ਵਿਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਆਪ ਅੱਗੇ ਵਧਦੇ ਰਹੇ ਤਾਂ ਪਿਤਾ ਨੇ ਦਬਾਅ ਹੇਠ ਆ ਕੇ ਪਤੀ-ਪਤਨੀ ਨੂੰ ਘਰੋਂ ਕੱਢ ਦਿੱਤਾ ਜਿਸ ਕਾਰਨ ਕੁਝ ਸਮੇਂ ਲਈ ਉਨ੍ਹਾਂ ਦਾ ਕੰਮ ਰੁਕ ਗਿਆ। ਜਲਦੀ ਹੀ ਉਸਨੇ ਇੱਕ ਤੋਂ ਬਾਅਦ ਇੱਕ ਤਿੰਨ ਲੜਕੀਆਂ ਦੇ ਸਕੂਲ ਖੋਲ੍ਹੇ। ਆਪ ਨੇ ਸਮਾਜਿਕ ਅੰਦੋਲਨ ਰਾਹੀਂ ਮਹਾਰਾਸ਼ਟਰ ਵਿੱਚ ਇੱਕ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਨੇ ਸਪੱਸ਼ਟ ਕਿਹਾ ਕਿ ਜਾਤ-ਪਾਤ ਸ਼ੋਸ਼ਣ ਦੀ ਪ੍ਰਣਾਲੀ ਹੈ ਅਤੇ ਜਦੋਂ ਤੱਕ ਇਨ੍ਹਾਂ ਨੂੰ ਪੂਰੀ ਤਰ੍ਹਾਂ ਖ਼ਤਮ ਨਹੀਂ ਕੀਤਾ ਜਾਂਦਾ ਸਹੀ ਵਿਕਸਿਤ ਸਮਾਜ ਦੀ ਸਿਰਜਣਾ ਅਸੰਭਵ ਹੈ। ਅਜਿਹੀ ਭੂਮਿਕਾ ਨਿਭਾਉਣ ਵਾਲੇ ਉਹ ਪਹਿਲੇ ਭਾਰਤੀ ਸਨ ਅਤੇ ਜਾਤ-ਪਾਤ ਦੇ ਖਾਤਮੇ ਦੀ ਕਲਪਨਾ ਅਤੇ ਲਹਿਰ ਸਦਕਾ ਉਹ ਪਿਤਾਮਾ ਸਾਬਤ ਹੋਇਆ। ਮਹਾਤਮਾ ਫੂਲੇ ਨੇ ਅਛੂਤ ਔਰਤਾਂ ਅਤੇ ਮਿਹਨਤਕਸ਼ ਲੋਕਾਂ ਲਈ ਆਪਣੇ ਜੀਵਨ ਵਿੱਚ ਜਿੰਨੀ ਕੋਸ਼ਿਸ਼ ਕੀਤੀ ਹੈ। ਉਸ ਨੇ ਸਮਾਜਿਕ ਤਬਦੀਲੀ, ਬਹੁਜਨ ਸਮਾਜ ਨੂੰ ਸਵੈ-ਮਾਣ, ਕਿਸਾਨਾਂ ਦੇ ਹੱਕਾਂ ਲਈ ਅਜਿਹੀਆਂ ਕਈ ਲੜ੍ਹਾਈਆਂ ਸ਼ੁਰੂ ਕੀਤੀਆਂ। 24 ਸਤੰਬਰ 1873 ਨੂੰ ਉਨ੍ਹਾਂ ਨੇ ਸੱਤਿਆ ਸ਼ੋਧਕ ਸਮਾਜ ਦੀ ਸਥਾਪਨਾ ਕੀਤੀ। ਉਹ ਇਸ ਸੰਸਥਾ ਦੇ ਪਹਿਲੇ ਕਾਰਜਕਾਰੀ ਪ੍ਰਸ਼ਾਸਕ ਅਤੇ ਖਜ਼ਾਨਚੀ ਵੀ ਸਨ। ਇਸ ਸੰਸਥਾ ਦਾ ਮੁੱਖ ਉਦੇਸ਼ ਸਮਾਜ ਵਿੱਚ ਸ਼ੂਦਰਾਂ ਦੇ ਸ਼ੋਸ਼ਣ ਅਤੇ ਦੁਰਵਿਵਹਾਰ ਨੂੰ ਰੋਕਣਾ ਸੀ। ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਦੇਸ਼, ਸਮਾਜ, ਸੱਭਿਆਚਾਰ ਨੂੰ ਸਮਾਜਿਕ ਬੁਰਾਈਆਂ ਅਤੇ ਅਨਪੜ੍ਹਤਾ ਤੋਂ ਮੁਕਤ ਕਰਕੇ ਸਿਹਤਮੰਦ, ਸੁੰਦਰ ਅਤੇ ਮਜ਼ਬੂਤ ਸਮਾਜ ਦੀ ਉਸਾਰੀ ਕਰਨ ਅਤੇ ਮਨੁੱਖ ਦੀ ਸਮਾਜ ਸੇਵਾ ਤੋਂ ਵੱਡਾ ਕੋਈ ਧਰਮ ਨਹੀਂ ਹੈ। ਮਹਾਰਾਸ਼ਟਰ ਵਿੱਚ ਸਮਾਜ ਸੁਧਾਰ ਦੇ ਪਿਤਾ ਮੰਨੇ ਜਾਂਦੇ ਮਹਾਤਮਾ ਫੂਲੇ ਨੇ ਆਪਣੀ ਸਾਰੀ ਉਮਰ ਸਮਾਜ ਸੁਧਾਰ ਲਈ ਕੰਮ ਕੀਤਾ। ਉਹ ਪੜ੍ਹਨ-ਲਿਖਣ ਨੂੰ ਮਹਾਂਪੁਰਖਾਂ ਦਾ ਵਿਰਸਾ ਨਹੀਂ ਸਮਝਦੇ ਸਨ ਅਤੇ ਮਨੁੱਖ ਅਤੇ ਮਨੁੱਖ ਵਿਚਲਾ ਭੇਦ ਅਸਹਿਣਯੋਗ ਪਾਇਆ। ਦੱਬੇ-ਕੁਚਲੇ ਅਤੇ ਕਮਜ਼ੋਰ ਵਰਗਾਂ ਨੂੰ ਇਨਸਾਫ਼ ਦਿਵਾਉਣ ਲਈ ਆਪ ਨੇ "ਸੱਤਿਆਸ਼ੋਧਕ ਸਮਾਜ" ਦੀ ਸਥਾਪਨਾ ਕੀਤੀ। ਉਨ੍ਹਾਂ ਦੀ ਸਮਾਜ ਸੇਵਾ ਨੂੰ ਦੇਖਦੇ ਹੋਏ 1888 ਵਿਚ ਮੁੰਬਈ ਵਿਚ ਇਕ ਵਿਸ਼ਾਲ ਇਕੱਠ ਵਿਚ ਉਨ੍ਹਾਂ ਨੂੰ "ਮਹਾਤਮਾ' ਦੀ ਉਪਾਧੀ ਦਿੱਤੀ ਗਈ। ਉਨ੍ਹਾਂ ਨੇ ਬ੍ਰਾਹਮਣ ਪੁਜਾਰੀ ਤੋਂ ਬਿਨਾਂ ਵਿਆਹ ਦੀ ਰਸਮ ਸ਼ੁਰੂ ਕੀਤੀ ਅਤੇ ਇਸ ਵਿਆਹ ਦੀ ਰਸਮ ਨੂੰ ਬੰਬੇ ਹਾਈ ਕੋਰਟ ਤੋਂ ਵੀ ਮਾਨਤਾ ਮਿਲੀ। ਉਹ ਬਾਲ ਵਿਆਹ ਦੇ ਕੱਟੜ ਵਿਰੋਧੀ ਅਤੇ ਵਿਧਵਾ ਪੁਨਰ-ਵਿਆਹ ਦਾ ਸਮਰਥਕ ਸੀ। ਉਨਾਂ ਨੇ ਸਮਾਜ ਦੇ ਵਿਕਾਸ ਲਈ ਕਈ ਮਹੱਤਬਪੂਰਨ ਕੰਮ ਕੀਤੇ। ਉਨ੍ਹਾਂ ਦਾ ਪਹਿਲਾ ਅਤੇ ਪ੍ਰਮੁੱਖ ਕੰਮ ਔਰਤਾਂ ਦੀ ਸਿੱਖਿਆ ਲਈ ਸੀ ਅਤੇ ਉਸਦਾ ਪਹਿਲਾ ਵਿਦਿਆਰਥੀ ਉਸਦੀ ਪਤਨੀ ਸਬਿਤਰੀ ਬਾਈ ਖੁਦ ਸੀ ਜਿਸਨੇ ਹਮੇਸ਼ਾ ਉਸਦੇ ਸੁਪਨਿਆਂ ਨੂੰ ਸਾਂਝਾ ਕੀਤਾ ਅਤੇ ਸਾਰੀ ਉਮਰ ਉਸਦਾ ਸਮਰਥਨ ਕੀਤਾ। 1848 ਵਿੱਚ ਜੋਤੀਬਾ ਨੇ ਆਪਣੀਆਂ ਕਲਪਨਾਵਾਂ ਅਤੇ ਇਛਾਵਾਂ ਵਾਲਾ ਇੱਕ ਨਿਆਂਪੂਰਨ ਅਤੇ ਬਰਾਬਰੀ ਵਾਲਾ ਸਮਾਜ ਸਿਰਜਣ ਲਈ ਲੜਕੀਆਂ ਲਈ ਇੱਕ ਸਕੂਲ ਖੋਲ੍ਹਿਆ। ਇਹ ਦੇਸ਼ ਵਿੱਚ ਕੁੜੀਆਂ ਲਈ ਪਹਿਲਾ ਸਕੂਲ ਸੀ। ਉਸ ਦੀ ਪਤਨੀ ਸਾਵਿਤਰੀ ਬਾਈ ਉੱਥੇ ਪੜ੍ਹਾਉਣ ਦਾ ਕੰਮ ਕਰਦੀ ਸੀ। ਪਰ ਲੜਕੀਆਂ ਨੂੰ ਸਿੱਖਿਅਤ ਕਰਨ ਦੇ ਯਤਨਾਂ ਵਿੱਚ, ਇੱਕ ਬਹੁਤ ਹੀ ਅਨੋਖੀ ਘਟਨਾ ਵਾਪਰੀ ਜਦੋਂ ਜੋਤੀਬਾ ਨੂੰ ਆਪਣਾ ਘਰ ਛੱਡਣ ਲਈ ਮਜਬੂਰ ਕੀਤਾ ਗਿਆ ਪਰੰਤੂ ਅਜਿਹੇ ਦਬਾਅ ਅਤੇ ਧਮਕੀਆਂ ਦੇ ਬਾਵਜੂਦ ਉਹ ਆਪਣੇ ਟੀਚੇ ਤੋਂ ਨਹੀਂ ਹਟਿਆ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਲੜਦਾ ਰਿਹਾ ਅਤੇ ਲੋਕਾਂ ਵਿੱਚ ਇਸ ਵਿਰੁੱਧ ਜਾਗਰੂਕਤਾ ਫੈਲਾਉਂਦਾ ਰਿਹਾ। 1851 ਵਿੱਚ ਉਸਨੇ ਇੱਕ ਵੱਡਾ ਅਤੇ ਵਧੀਆ ਸਕੂਲ ਸ਼ੁਰੂ ਕੀਤਾ ਜੋ ਬਹੁਤ ਮਸ਼ਹੂਰ ਹੋਇਆ। ਇਸ ਵਿੱਚ ਜਾਤ, ਧਰਮ ਅਤੇ ਨਸਲ ਦੇ ਆਧਾਰ ਤੇ ਕੋਈ ਵਿਤਕਰਾ ਨਹੀਂ ਸੀ ਅਤੇ ਇਸ ਦੇ ਦਰਵਾਜ਼ੇ ਸਭ ਲਈ ਖੁੱਲ੍ਹੇ ਸਨ। ਜੋਤੀਬਾ ਫੂਲੇ ਬਾਲ ਵਿਆਹ ਦੇ ਵਿਰੁੱਧ ਸੀ ਅਤੇ ਨਾਲ ਹੀ ਵਿਧਵਾ ਵਿਆਹ ਦੇ ਸਮਰਥਕ ਸਨ। ਉਹ ਅਜਿਹੀਆਂ ਔਰਤਾਂ ਨਾਲ ਬਹੁਤ ਹਮਦਰਦ ਸੀ ਜੋ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਸਨ ਜਾਂ ਕਿਸੇ ਕਾਰਨ ਪ੍ਰੇਸ਼ਾਨ ਹੁੰਦੀਆਂ ਸਨ, ਇਸ ਲਈ ਉਸ ਨੇ ਅਜਿਹੀਆਂ ਔਰਤਾਂ ਲਈ ਆਪਣੇ ਘਰ ਦੇ ਦਰਵਾਜ਼ੇ ਖੁੱਲ੍ਹੇ ਰੱਖੇ ਸਨ ਜਿੱਥੇ ਉਨ੍ਹਾਂ ਦੀ ਦੇਖਭਾਲ ਕੀਤੀ ਜਾ ਸਕਦੀ ਸੀ। ਜੋਤੀਬਾ ਫੂਲੇ ਅਤੇ ਸਾਵਿਤਰੀ ਬਾਈ ਫੂਲੇ ਦੇ ਕੋਈ ਔਲਾਦ ਨਹੀਂ ਸੀ, ਇਸ ਲਈ ਉਨ੍ਹਾਂ ਨੇ ਇੱਕ ਵਿਧਵਾ ਦੇ ਬੱਚੇ ਯਸ਼ਵੰਤ ਨੂੰ ਹੀ ਗੋਦ ਲਿਆ। ਇਹ ਬੱਚਾ ਵੱਡਾ ਹੋ ਕੇ ਡਾਕਟਰ ਬਣ ਗਿਆ ਅਤੇ ਇਸ ਨੇ ਆਪਣੇ ਮਾਤਾ-ਪਿਤਾ ਦੇ ਸਮਾਜ ਸੇਵਾ ਦੇ ਕੰਮ ਨੂੰ ਵੀ ਅੱਗੇ ਤੋਰਿਆ। ਮਨੁੱਖਤਾ ਦੀ ਬਿਹਤਰੀ ਲਈ ਜੋਤੀਬਾ ਦੇ ਇਨ੍ਹਾਂ ਨਿਰਸਵਾਰਥ ਕੰਮਾਂ ਕਾਰਨ ਮਈ 1988 ਵਿੱਚ ਉਸ ਸਮੇਂ ਦੇ ਇੱਕ ਹੋਰ ਮਹਾਨ ਸਮਾਜ ਸੁਧਾਰਕ "ਰਾਓ ਬਹਾਦਰ ਵਿੱਠਲ ਰਾਓ ਕ੍ਰਿਸ਼ਨਾ ਜੀ ਵਾਂਡੇਕਰ" ਨੇ ਉਹਨਾਂ ਨੂੰ "ਮਹਾਤਮਾ"ਦੀ ਉਪਾਧੀ ਦਿੱਤੀ। ਜੁਲਾਈ 1988 ਵਿੱਚ ਉਨ੍ਹਾਂ ਨੂੰ ਅਧਰੰਗ ਦਾ ਦੌਰਾ ਪਿਆ। ਜਿਸ ਕਾਰਨ ਉਸਦਾ ਸਰੀਰ ਕਮਜ਼ੋਰ ਹੁੰਦਾ ਜਾ ਰਿਹਾ ਸੀ ਪਰ ਉਸ ਦੀ ਆਤਮਾ ਅਤੇ ਮਨ ਕਦੇ ਕਮਜ਼ੋਰ ਨਹੀਂ ਹੋਏ।

27 ਨਵੰਬਰ 1890 ਨੂੰ ਉਸਨੇ ਆਪਣੇ ਸਾਰੇ ਸ਼ੁਭਚਿੰਤਕਾਂ ਨੂੰ ਬੁਲਾਇਆ ਅਤੇ ਕਿਹਾ ਕਿ ਹੁਣ ਮੇਰੇ ਜਾਣ ਦਾ ਸਮਾਂ ਆ ਗਿਆ ਹੈ, ਮੈਂ ਆਪਣੇ ਜੀਵਨ ਵਿੱਚ ਜੋ ਕਾਰਜ ਕੀਤੇ ਸਨ, ਮੈਂ ਉਨ੍ਹਾਂ ਨੂੰ ਪੂਰਾ ਕਰ ਲਿਆ ਹੈ, ਮੇਰੀ ਪਤਨੀ ਸਾਵਿਤਰੀ ਨੇ ਹਮੇਸ਼ਾ ਪਰਛਾਵੇਂ ਵਾਂਗ ਮੇਰਾ ਸਾਥ ਦਿੱਤਾ। ਮੇਰਾ ਬੇਟਾ ਯਸ਼ਵੰਤ ਅਜੇ ਛੋਟਾ ਹੈ ਅਤੇ ਮੈਂ ਇਨ੍ਹਾਂ ਦੋਹਾਂ ਨੂੰ ਤੁਹਾਡੇ ਹਵਾਲੇ ਕਰਦਾ ਹਾਂ। 28 ਨਵੰਬਰ 1890 ਨੂੰ ਜੋਤੀਬਾ ਫੂਲੇ ਨੇ ਆਪਣਾ ਸਰੀਰ ਤਿਆਗ ਦਿੱਤਾ ਅਤੇ ਇੱਕ ਮਹਾਨ ਸਮਾਜ ਸੇਵਕ ਇਸ ਸੰਸਾਰ ਨੂੰ ਛੱਡ ਗਏ। ਉਨ੍ਹਾਂ ਦੀ ਕਿਤਾਬ ਗੁਲਾਮਗਿਰੀ ਬਹੁਤ ਹੀ ਮਹੱਤਵਪੂਰਨ ਹੈ।

ਜੋਤੀਬਾ ਫੂਲੇ ਦੇ ਸਮਾਜਿਕ ਕਾਰਜਾਂ ਕਾਰਨ ਹੀ ਬਾਬਾ ਸਾਹਿਬ ਡਾਕਟਰ ਅੰਬੇਡਕਰ ਨੇ ਇਨ੍ਹਾਂ ਨੂੰ ਵੀ ਅਪਣਾ ਗੁਰੂ ਮੰਨਿਆ ਹੈ। ਸਮੇਂ ਸਮੇਂ ਤੇ ਸਰਕਾਰਾਂ ਵਲੋਂ ਇਸ ਮਹਾਨ ਆਗੂ ਨੂੰ ਯਾਦ ਕੀਤਾ ਜਾਂਦਾ ਹੈ। ਅੱਜ ਉਨ੍ਹਾਂ ਦੇ ਜਨਮ ਦਿਵਸ ਮੌਕੇ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵੱਖ ਵੱਖ ਥਾਵਾਂ ਤੇ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ। ਇਸ ਮਹਾਨ ਸਮਾਜ ਸੁਧਾਰਕ ਨੂੰ ਸਹੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਉਨ੍ਹਾਂ ਵੱਲੋਂ ਸ਼ੁਰੂ ਕੀਤੇ ਸਮਾਜ ਸੇਵੀ ਕੰਮਾਂ ਨੂੰ ਨਿਰੰਤਰ ਜਾਰੀ ਰੱਖਿਆ ਜਾਵੇ ਅਤੇ ਸਮਾਜ ਨੂੰ ਜਾਤ-ਪਾਤ ਮੁਕਤ ਬਣਾਉਣ ਲਈ ਇੱਕ ਲਹਿਰ ਚਲਾਈ ਜਾਵੇ।




# ਕਨੇਡੀਅਨ ਮੱਲ ਕੁਸ਼ਤੀ ਕਲੱਬ ਸਰੀ ਦੇ ਪਹਿਲਵਾਨਾਂ ਦੀਆਂ ਅਮਰੀਕਾ ਦੇ ਟੂਰਨਾਮੈਂਟਾਂ ਵਿਚ ਲਗਾਤਾਰ ਜਿੱਤਾਂ





**ਸਿਆਟਲ (ਗੁਰਚਰਨ ਸਿੰਘ ਢਿੱਲੋਂ)-** ਸਿਆਟਲ ਤੋਂ 100 ਕਿਲੋਮੀਟਰ ਦੂਰ ਰਾਜਧਾਨੀ ਉਲੰਪੀਆ ਨੇੜੇ ਐਲਮਾ ਕੁਸ਼ਤੀ ਟੂਰਨਾਮੈਂਟ ਵਿਚ ਕਨੇਡੀਅਨ ਮੱਲ ਕੁਸ਼ਤੀ ਕਲੱਬ ਸਰੀ ਦੇ ਪੰਜਾਬੀ ਮੂਲ ਦੇ ਪਹਿਲਵਾਨਾਂ ਨੇ ਲਗਾਤਾਰ ਅਮਰੀਕਾ ਵਿਚ ਕੁਸ਼ਤੀ ਟੂਰਨਾਮੈਂਟ ਵਿਚ ਜਿੱਤਾਂ ਦਾ ਦਬਦਬਾ ਬਣਾਈ ਰੱਖਿਆ ਅਤੇ ਸਿਆਟਲ ਤੇ ਕਨੇਡੀਅਨ ਪੰਜਾਬੀ ਭਾਈਚਾਰੇ ਦਾ ਨਾਂ ਚਮਕਾਇਆ। ਅੱਜ ਐਲਮ ਕੁਸ਼ਤੀ ਟੂਰਨਾਮੈਂਟ ਵਿਚ ਕਨੇਡਾ-ਅਮਰੀਕਾ ਦੇ ਪਹਿਲਵਾਨਾਂ ਨੂੰ ਹਰਾਕੇ ਫ੍ਰੀ ਸਟਾਈਲ ਤੇ ਗ੍ਰੀਕੋ ਰੋਮਨ ਸਟਾਈਲ ਵਿਚ ਤਮਗੇ ਜਿੱਤੇ, ਜਿੱਥੇ 170 ਪੌਂਡ ਵਿਚ ਰੋਹਿਤ ਬੱਲ ਨੇ ਫ੍ਰੀ ਸਟਾਈਲ 'ਚ ਸੋਨ ਤਮਗਾ ਜਿੱਤਿਆ। 160 ਪੌਂਡ 'ਚ ਸਹਿਜ ਸਿੱਧੂ ਨੇ ਦੂਜੀ ਪੁਜੀਸ਼ਨ ਹਾਸਲ ਕੀਤੀ। ਹਰਕੀਰਤ ਢਿੱਲੋਂ ਨੇ 110 ਪੌਂਡ ਵਿਚ ਤੀਜਾ ਸਥਾਨ ਹਾਸਲ ਕੀਤਾ।

ਲੜਕੀਆਂ 'ਚ ਤਾਨੀਆ ਢਿੱਲੋਂ ਨੇ 110 ਪੌਂਡ ਵਿਚ ਤੀਸਰਾ ਸਥਾਨ ਹਾਸਲ ਕੀਤਾ ਤੇ ਗੁਰਲੀਨ ਢਿੱਲੋਂ ਨੇ 113 ਪੌਂਡ ਵਿਚ ਪਹਿਲੀ ਪੁਜੀਸ਼ਨ ਪ੍ਰਾਪਤ ਕਰਕੇ ਸੋਨ ਤਮਗਾ ਜਿੱਤਿਆ। ਜਸਟਿਨ ਲਾਲੀ ਨੇ 182 ਪੌਂਡ 'ਚ ਤੀਜੀ ਤੇ ਗ੍ਰੀਕੋ ਰੋਮਨ ਸਟਾਈਲ ਵਿਚ ਪਹਿਲੀ ਪੁਜੀਸ਼ਨ ਹਾਸਲ ਕੀਤੀ। ਮਨਪ੍ਰੀਤ ਕੰਗ ਨੇ 182 ਪੌਂਡ 'ਚ ਚੌਥੀ ਪੁਜੀਸ਼ਨ ਹਾਸਲ ਕੀਤੀ। ਮਨਵੀਰ ਨੇ 165 ਪੌਂਡ ਵਿਚ ਦੂਜਾ ਸਥਾਨ ਹਾਸਲ ਕੀਤਾ। ਜੋਬਨ ਥਾਂਦੀ ਨੇ150 ਪੌਂਡ ਵਿਚ ਪਹਿਲੀ ਤੇ ਗ੍ਰੀਕੋ 'ਚ ਦੂਜੀ ਪੁਜੀਸ਼ਨ ਹਾਸਲ ਕੀਤੀ। ਹੈਡਨ ਬੱਲ ਨੇ 187 ਪੌਂਡ 'ਚ ਦੂਜੀ ਤੇ ਹਰਜੋਤ ਧੰਜੂ ਨੇ ਚੌਥੀ ਤੇ ਗ੍ਰੀਕੋ ਰੋਮਨ ਸਟਾਈਲ 'ਚ ਦੂਜੀ ਪੁਜ਼ੀਸ਼ਨ ਤੇ ਰਹੇ। ਜੈਸਨ ਧਾਲੀਵਾਲ 165 ਪੌਂਡ 'ਚ ਪੰਜਵੀ ਤੇ ਗ੍ਰੀਕੋ 'ਚ ਦੂਜੀ ਪੁਜੀਸ਼ਨ ਹਾਸਲ ਕੀਤੀ। ਸਾਹਿਬ ਸਹੋਤਾ ਨੇ ਗ੍ਰੀਕੋ 'ਚ ਪਹਿਲੀ ਤੇ ਸੰਜੀਵਨ ਬੱਲ ਨੇ ਤੀਜੀ ਤੇ ਗ੍ਰੀਕੋ ਰੋਮਨ 'ਚ ਚੌਥੀ ਪੁਜੀਸ਼ਨ ਪ੍ਰਾਪਤ ਕੀਤੀ।

## 14 ਅਪ੍ਰੈਲ, 2022 ਲਈ ਡਾਕਟਰ ਭੀਮ ਰਾਮ ਰਾਓ ਅੰਬੇਡਕਰ ਦੇ ਜਨਮ ਦਿਵਸ ਸਬੰਧੀ ਵਿਸ਼ੇਸ਼

# ਭਾਰਤ ਸਰਕਾਰ ਨੇ 1991 ਦਾ ਸਾਲ ਅੰਬੇਡਕਰ ਸ਼ਤਾਬਦੀ ਵਜੋਂ ਐਲਾਨਿਆ ਸੀ ਅਤੇ ਸਮਾਜਿਕ ਨਿਆਏ ਵਰ੍ਹਾ ਵਜੋਂ ਮਨਾਇਆ ਗਿਆ



ਕੁਲਦੀਪ ਚੰਦ
91-9417563054

ਅੱਜ ਦੇਸ਼ ਵਿਦੇਸ਼ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਹੋਣ ਵਾਲੇ ਵੱਖ ਵੱਖ ਸਮਾਗਮਾਂ ਵਿੱਚ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ ਤੇ ਵਿਚਾਰ ਵਟਾਂਦਰਾਂ ਕੀਤਾ ਜਾਵੇਗਾ। ਡਾਕਟਰ ਭੀਮ ਰਾਮ ਰਾਓ ਅੰਬੇਡਕਰ ਦਾ ਜਨਮ ਅੱਜ ਦੇ ਦਿਨ 14 ਅਪ੍ਰੈਲ 1891 ਨੂੰ ਬ੍ਰਿਟਿਸ਼ ਸਰਕਾਰ ਦੁਆਰਾ ਕੇਂਦਰੀ ਪ੍ਰਾਂਤ (ਹੁਣ ਮੱਧ ਪ੍ਰਦੇਸ਼ ਵਿੱਚ) ਵਿੱਚ ਸਥਾਪਿਤ ਨਗਰ ਅਤੇ ਸੈਨਿਕ ਛਾਉਣੀ ਮਊ ਵਿੱਚ ਪਿਤਾ ਰਾਮਜੀ ਮਾਲੋਜੀ ਸਕਪਾਲ ਅਤੇ ਮਾਤਾ ਭੀਮਾ ਬਾਈ ਮੁਰਬਾਦਕਰ ਦੇ ਘਰ ਹੋਇਆ। ਉਹ ਅਪਣੇ ਮਾਤਾ ਪਿਤਾ ਦੀ 14ਵੀਂ ਔਲਾਦ ਸਨ ਅਤੇ ਮਹਾਰ ਜਾਤਿ ਨਾਲ ਸਬੰਧ ਰੱਖਦੇ ਸੀ ਜੋ ਕਿ ਭਾਰਤ ਵਿੱਚ ਅਛੂਤ ਕਹੀ ਜਾਂਦੀ ਸੀ ਅਤੇ ਉਹਨਾਂ ਨਾਲ ਸਮਾਜਿਕ ਅਤੇ ਆਰਥਿਕ ਰੂਪ ਨਾਲ ਭੇਦਭਾਵ ਕੀਤਾ ਜਾਂਦਾ ਸੀ। ਉਨ੍ਹਾਂ ਦੇ ਬਜ਼ੁਰਗ ਲੰਬੇ ਸਮੇਂ ਤੋਂ ਬ੍ਰਿਟਿਸ਼ ਈਸਟ ਇੰਡੀਆਂ ਕੰਪਨੀ ਦੀ ਸੈਨਾ ਵਿੱਚ ਕੰਮ ਕਰਦੇ ਆ ਰਹੇ ਸਨ ਅਤੇ ਉਨ੍ਹਾਂ ਦੇ ਪਿਤਾ ਭਾਰਤੀ ਸੈਨਾ ਦੀ ਮਊ ਛਾਉਣੀ ਵਿੱਚ ਕੰਮ ਕਰਦੇ ਸਨ। ਉਨ੍ਹਾਂ ਨਾਲ ਅਕਸਰ ਹੀ ਜਾਤਿ ਅਧਾਰਿਤ ਗੈਰ ਮਨੁੱਖੀ ਭੇਦਭਾਵ ਵਾਲੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਜਿਨ੍ਹਾਂ ਨੇ ਉਨ੍ਹਾਂ ਦੇ ਦਿਮਾਗ ਅਤੇ ਵਿਚਾਰਧਾਰਾ ਤੇ ਡੂੰਘਾ ਅਸਰ ਕੀਤਾ। ਉਨ੍ਹਾਂ ਨੇ ਅਪਣੇ ਇੱਕ ਬ੍ਰਾਹਮਣ ਅਧਿਆਪਕ ਮਹਾਂਦੇਵ ਅੰਬੇਡਕਰ ਦੇ ਕਹਿਣ ਤੇ ਅਪਣੇ ਨਾਮ ਨਾਲ ਅੰਬੇਡਕਰ ਸ਼ਬਦ ਜੋੜਿਆ। ਮੈਟ੍ਰਿਕ ਪਾਸ ਕਰਨ ਤੋਂ ਬਾਅਦ ਉਨ੍ਹਾਂ ਨੇ ਐਲਫਿਨਸਟਨ ਕਾਲਜ਼ ਬੰਬਈ ਵਿੱਚੋਂ ਸਾਲ 1912 ਵਿੱਚੋਂ ਬੀ ਏ ਪਾਸ ਕਰ ਲਈ ਅਤੇ ਮਹਾਰਾਜਾ ਬੜੋਦਾ ਨੇ ਉਹਨਾਂ ਨੂੰ ਹੋਰ ਉੱਚ ਸਿਖਿੱਆ ਲਈ ਸਰਕਾਰੀ ਖਰਚੇ ਤੇ ਵਿਦੇਸ਼ ਭੇਜ ਦਿੱਤਾ ਅਤੇ ਆਪ ਨੇ ਪੰਜ ਵਿਸ਼ਿਆਂ ਵਿੱਚ ਐਮ.ਏ., ਪੀ.ਐਚ.ਡੀ., ਡੀ.ਐਸ.ਸੀ. ਐਲ.ਐਲ.ਡੀ., ਡੀ.ਲਿੱਟ, ਬਾਰ.ਐਟ ਲਾਅ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਆਪ ਦਾ ਵਿਆਹ ਲੱਗਭੱਗ 17 ਸਾਲ ਦੀ ਉਮਰ ਵਿੱਚ ਰਾਮਾ ਬਾਈ ਨਾਲ ਹੋਇਆ ਅਤੇ ਆਪ ਦੇ ਘਰ ਪੰਜ ਬੱਚਿਆਂ ਜਸ਼ਵੰਤ ਰਾਓ, ਗੰਗਾਧਰ, ਰਮੇਸ਼, ਇੰਦੂ ਅਤੇ ਰਾਜ ਰਤਨ ਨੇ ਜਨਮ ਲਿਆ ਪਰ ਜਸਵੰਤ ਰਾਓ ਤੋਂ ਇਲਾਵਾ ਬਾਕੀ ਸਾਰੇ ਬੱਚੇ ਛੋਟੀ ਉਮਰ ਵਿੱਚ ਹੀ ਮਰ ਗਏ। ਮਈ 1935 ਵਿੱਚ ਬਾਬਾ ਸਾਹਿਬ ਦੀ ਜੀਵਨ ਸਾਥਣ ਰਮਾ ਬਾਈ ਬਿਮਾਰੀ ਤੋਂ ਬਾਦ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ ਜਿਸਤੋਂ ਬਾਦ 15 ਅਪ੍ਰੈਲ 1948 ਨੂੰ ਆਪ ਨੇ ਡਾਕਟਰ ਸ਼ਾਰਦਾ ਕਬੀਰ ਜਿਸਨੇ ਵਿਆਹ ਤੋਂ ਬਾਦ ਅਪਣਾ ਨਾਮ ਸਵਿਤਾ ਅੰਬੇਡਕਰ ਰੱਖਿਆ ਨਾਲ ਦੂਜਾ ਵਿਆਹ ਕਰਵਾਇਆ। ਪੜ੍ਹਾਈ ਮੁਕੰਮਲ ਕਰਨ ਤੋਂ ਬਾਦ ਮਹਾਰਾਜਾ ਬੜੌਦਾ ਨੇ ਆਪ ਨੂੰ ਫੌਜੀ ਸਕੱਤਰ ਨਿਯੁਕਤ ਕਰ ਲਿਆ ਪਰ ਇੱਥੇ ਵੀ ਉਨ੍ਹਾਂ ਨੂੰ ਜਾਤਿ ਅਧਾਰਤ ਵਿਤਕਰਾ ਹੀ ਝੱਲਣਾ ਪਿਆ, ਜਦੋਂ ਉਹ ਬੰਬਈ ਦੇ ਕਾਲਜ਼ ਵਿੱਚ ਅਰਥ ਸ਼ਾਸ਼ਤਰ ਦੇ ਪ੍ਰੋਫੈਸਰ ਨਿਯੁਕਤ ਹੋਏ ਤਾਂ ਉਥੇ ਵੀ ਅਛੂਤ ਹੋਣ ਕਾਰਨ ਉਨ੍ਹਾਂ ਨਾਲ ਭੇਦਭਾਵ ਹੁੰਦਾ ਰਿਹਾ। ਬ੍ਰਿਟਿਸ਼ ਸਰਕਾਰ ਵਿੱਚ ਉਚੱ ਅਹੁਦੇ ਆਈ ਸੀ ਐਸ ਪਹਿਲਾਂ ਸਿਰਫ ਅੰਗਰੇਜਾ ਲਈ ਹੀ ਰਾਖਵੇਂ ਸਨ ਅਤੇ ਭਾਰਤੀ ਲੋਕਾਂ ਵਲੋਂ ਕੀਤੇ ਅੰਦੋਲਨ ਬਾਦ ਸਾਊਥ ਬੋਰੋਹ ਸਮਿਤੀ ਦੀ ਸਿਫਾਰਿਸ਼ ਤੇ ਅੰਗਰੇਜ਼ ਸਰਕਾਰ ਨੇ ਆਈ ਸੀ ਐਸ ਦੀਆਂ 11 ਪੋਸਟਾਂ ਭਾਰਤੀਆਂ ਲਈ ਰੱਖੀਆਂ ਜਿਨ੍ਹਾਂ ਵਿਚੋਂ 4 ਹਿੰਦੂਆਂ ਲਈ, 4 ਮੁਸਲਮਾਨਾਂ ਲਈ, 2 ਸਿੱਖਾਂ ਲਈ ਅਤੇ 01 ਐਂਗਲੋ ਇੰਡੀਅਨ ਲਈ ਰੱਖੀ ਗਈ ਸੀ। ਡਾਕਟਰ ਅੰਬੇਡਕਰ ਅਗਸਤ 1917 ਵਿੱਚ ਮੁੰਬਈ ਵਿੱਚ ਲਾਰਡ ਈ ਮੋਨਟੇਗੂ ਸਾਹਮਣੇ ਪੇਸ਼ ਹੋਏ ਅਤੇ ਭਾਰਤ ਵਿੱਚ ਦਲਿਤਾਂ ਦੀ ਤਰਸਯੋਗ ਹਾਲਤ ਅਤੇ ਸਮੱਸਿਆਵਾਂ ਪ੍ਰਤੀ ਜਾਣੂ ਕਰਵਾਇਆ। 27 ਜਨਵਰੀ 1919 ਨੂੰ ਡਾਕਟਰ ਅੰਬੇਡਕਰ ਨੇ ਵੋਟ ਅਤੇ ਨਾਗਰਿਕ ਅਧਿਕਾਰਾਂ ਸਬੰਧੀ ਗਠਿਤ ਸਾਉਥ ਬੋਰੋਹ ਕਮੇਟੀ ਸਾਹਮਣੇ ਦਲਿਤਾਂ ਲਈ ਆਬਾਦੀ ਅਨੁਸਾਰ ਵੱਖਰੇ ਚੋਣ ਅਧਿਕਾਰਾਂ ਦੀ ਮੰਗ ਰੱਖੀ ਪ੍ਰੰਤੂ ਦੇਸ਼ ਦੇ ਕੁੱਝ ਕੱਟੜ ਆਗੂਆ ਦੇ ਵਿਰੋਧ ਕਾਰਨ ਦਲਿਤਾਂ ਨੂੰ ਕੋਈ ਲਾਭ ਨਾਂ ਮਿਲਿਆ। ਡਾਕਟਰ ਅੰਬੇਡਕਰ ਅਤੇ ਹੋਰ ਕਈ ਦਲਿਤ ਆਗੂਆਂ ਦੀ ਮੰਗ ਨੂੰ ਵੇਖਦੇ ਹੋਏ ਅੰਗਰੇਜ਼ ਸਰਕਾਰ ਨੇ 1919 ਵਿੱਚ ਇੱਕ ਭਾਰਤੀ ਕਾਨੂੰਨ ਕਮਿਸ਼ਨ (ਇੰਡੀਅਨ ਸਟੈਚੂਟਰੀ ਕਮਿਸ਼ਨ) ਸਰ ਜੌਹਨ ਸਾਇਮਨ ਦੀ ਅਗਵਾਈ ਵਿੱਚ ਬਣਾਇਆ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਸਾਇਮਨ ਕਮਿਸ਼ਨ 3 ਫਰਵਰੀ, 1928 ਨੂੰ ਭਾਰਤ ਆਇਆ ਜਿਸਦਾ ਕਈ ਕਾਂਗਰਸੀ



ਆਗੂਆਂ ਨੇ ਪ੍ਰਧਾਨ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ ਤੇ ਮੁਜ਼ਾਹਰੇ ਕੀਤੇ। ਦੋਆਬੇ ਦੇ ਕਈ ਦਲਿਤ ਆਗੂਆਂ ਨੇ ਆਦਿ ਧਰਮ ਮੁਹਿੰਮ ਦੇ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਇਸ ਕਮਿਸ਼ਨ ਨੂੰ ਮਿਲਕੇ ਅਪਣੇ ਅਧਿਕਾਰ ਲੈਣ ਲਈ ਮਤਾ ਪਾਸ ਕੀਤਾ ਅਤੇ ਦਲਿਤਾਂ ਦੇ ਲੱਗਭੱਗ 18 ਸੰਗਠਨਾਂ ਨੇ ਸਾਈਮਨ ਕਮਿਸ਼ਨ ਅੱਗੇ ਆਪਣੇ ਅਲੱਗ ਅਧਿਕਾਰਾਂ ਦੀ ਮੰਗ ਕੀਤੀ। ਸਾਇਮਨ ਕਮਿਸ਼ਨ ਦੀ ਰਿਪੋਰਟ ਤੇ ਲੰਡਨ ਵਿੱਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆਂ ਜਿਸ ਵਿੱਚ ਭਾਰਤ ਦੇ ਵੱਖ ਵੱਖ ਵਰਗਾਂ ਦੇ ਪ੍ਰਤੀਨਿਧੀ ਜਿਨ੍ਹਾਂ ਵਿੱਚ ਹਿੰਦੂਆਂ ਵੱਲੋਂ ਮੋਹਨ ਦਾਸ ਕਰਮ ਚੰਦ ਗਾਂਧੀ, ਮੁਸਲਮਾਨਾਂ ਵੱਲੋਂ ਮੁਹੰਮਦ ਅਲੀ ਜਿਨਾਹ ਅਤੇ ਦਲਿਤਾਂ ਵੱਲੋਂ ਡਾਕਟਰ ਅੰਬੇਡਕਰ ਸ਼ਾਮਲ ਹੋਏ ਜਿਨ੍ਹਾਂ ਨੇ ਅਪਣੇ ਅਪਣੇ ਵਰਗਾਂ ਦੇ ਹੱਕਾਂ ਦੀ ਮੰਗ ਰੱਖੀ। ਡਾਕਟਰ ਅੰ-ਬੇਡਕਰ ਨੇ ਦਲਿਤਾਂ ਦੀ ਪ੍ਰਤੀਨਿਧਤਾ ਕਰਦਿਆਂ ਅਛੂਤਾਂ ਦੀ ਅਸਲੀ ਸਥਿਤੀ ਤੋਂ ਬ੍ਰਿਟਿਸ਼ ਸਰਕਾਰ ਨੂੰ ਜਾਣੂ ਕਰਵਾਇਆ। 17 ਅਗਸੱਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਕਮਿਊਨਲ ਐਵਾਰਡ ਦਾ ਫੈਸਲਾ ਸੁਣਾ ਦਿਤਾ ਜਿਸਦਾ ਕਈ ਕੱਟੜ ਹਿੰਦੂ ਆਗੂਆਂ ਨੇ ਵਿਰੋਧ ਕੀਤਾ। ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਹਿੰਦੂਆਂ ਦੀ ਪ੍ਰਤੀਨਿਧਤਾ ਕਰਦੇ ਹੋਏ ਇਸ ਫੈਸਲੇ ਅਤੇ ਅਛੂਤਾਂ ਨੂੰ ਮਿਲੇ ਵਖਰੇ ਅਧਿਕਾਰਾਂ ਖਿਲਾਫ ਮਰਨ ਵਰਤ ਸ਼ੁਰੂ ਕਰ ਦਿਤਾ ਜਿਸ ਨਾਲ ਦੇਸ਼ ਵਿੱਚ ਖਲਬਲੀ ਮਚ ਗਈ ਅਤੇ ਡਾਕਟਰ ਅੰਬੇਡਕਰ ਤੇ ਸਮਝੌਤੇ ਲਈ ਦਬਾਓ ਵੱਧ ਗਿਆ। 24 ਸਤੰਬਰ 1932 ਨੂੰ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਜਿਸ ਵਿੱਚ ਅਛੂਤਾਂ ਨੂੰ ਮਿਲੇ ਦੋ ਵੋਟਾਂ ਵਾਲੇ ਅਧਿਕਾਰ ਨੂੰ ਖਤਮ ਕਰ ਦਿਤਾ ਗਿਆ ਅਤੇ ਕਮਿਉਨਲ ਐਵਾਰਡ ਦੁਆਰਾ ਦਿੱਤੀਆਂ ਗਈਆਂ 78 ਸੀਟਾਂ ਨੂੰ ਵਧਾਕੇ 148 ਕਰ ਦਿਤਾ ਗਿਆ, ਵਿੱਦਿਆ ਅਤੇ ਨੌਕਰੀਆਂ ਵਿੱਚ ਦਲਿਤਾਂ ਨੂੰ ਸਹੂਲਤਾਂ ਅਤੇ ਮੌਜੂਦਾ ਰਾਖਵਾਂਕਰਣ ਦੀਆਂ ਸਹੂਲਤਾਂ ਦਿਤੀਆਂ ਗਈਆਂ। ਕਈ ਦਲਿਤ ਆਗੂਆਂ ਨੇ ਇਸ ਪੂਨਾ ਪੈਕਟ ਸਮਝੋਤੇ ਨੂੰ ਕਰੋੜ੍ਹਾਂ ਦਲਿਤਾਂ ਨਾਲ ਧੋਖਾ ਮੰਨਿਆ ਹੈ। ਡਾਕਟਰ ਅੰਬੇਡਕਰ ਨੇ ਵੀ ਅਪਣੀ ਕਿਤਾਬ ਸਟੇਟ ਆਫ ਮਾਇਨਾਰਿਟੀ ਵਿੱਚ ਇਸ ਸਮਝੌਤੇ ਨੂੰ ਗੱਲਤ ਮੰਨਿਆ ਹੈ। ਡਾਕਟਰ ਅੰਬੇਡਕਰ ਨੇ ਹਿੰਦੂ ਧਰਮ ਵਿੱਚ ਫੈਲੇ ਗੱਲਤ ਰੀਤੀ ਰਿਵਾਜਾਂ ਖਿਲਾਫ ਜੋਰਦਾਰ ਅਵਾਜ਼ ਚੁੱਕੀ ਅਤੇ ਕਈ ਅੰਦੋਲਨ ਕੀਤੇ। ਉਨ੍ਹਾਂ ਨੇ 25 ਦਸੰਬਰ, 1927 ਨੂੰ ਮਨੂੰ ਸਮ੍ਰਤਿ ਨੂੰ ਜਲਾਇਆ। 13 ਅਕਤੂਬਰ, 1935 ਨੂੰ ਐਲਾਨ ਕੀਤਾ ਕਿ ਉਹ ਹਿੰਦੂ ਧਰਮ ਵਿੱਚ ਪੈਦਾ ਹੋਏ ਹਨ ਪਰ ਹਿੰਦੂ ਧਰਮ ਵਿੱਚ ਮਰਨਗੇ ਨਹੀਂ। ਉਨ੍ਹਾਂ ਨੇ ਲੱਖਾਂ ਅਛੂਤਾਂ ਨੂੰ ਹਿੰਦੂ ਧਰਮ ਦਾ ਤਿਆਗ ਕਰਨ ਲਈ ਤਿਆਰ ਕਰ ਲਿਆ। ਉਹ ਸਿੱਖ ਧਰਮ ਜਿਸ ਵਿੱਚ ਦਲਿਤਾਂ ਦੇ ਰਹਿਵਰ ਗੁਰੂਆਂ ਨੂੰ ਵਿਸ਼ੇਸ਼ ਸਥਾਨ ਦਿਤਾ ਗਿਆ ਹੈ ਅਤੇ ਜੋਕਿ ਸਭਨੂੰ ਬਰਾਬਰਤਾ ਦਾ ਸੁਨੇਹਾ ਦਿੰਦਾ ਹੈ ਨੂੰ ਅਪਣਾਉਣ ਲਈ ਤਿਆਰ ਹੋ ਗਏ ਪਰ ਸਿੱਖ ਧਰਮ ਦੇ ਕੁਝ ਉਚੱ ਜਾਤੀ ਲੀਡਰਾਂ ਕਾਰਨ ਸਿੱਖ ਧਰਮ ਨਾਂ ਅਪਣਾ ਸਕੇ।

ਡਾਕਟਰ ਅੰਬੇਡਕਰ ਨੇ 1936 ਵਿੱਚ ਅਜ਼ਾਦ ਲੇਬਰ ਪਾਰਟੀ ਭਾਰਤ ਦੀ ਸਥਾਪਨਾ ਕੀਤੀ ਅਤੇ 1937 ਵਿੱਚ ਹੋਈਆਂ ਕੇਂਦਰੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ 15 ਸੀਟਾਂ ਤੇ ਜਿੱਤ ਹਾਸਲ ਹੋਈ। ਉਨ੍ਹਾਂ ਨੇ ਹਿੰਦੂ ਧਰਮ ਅਤੇ ਮੁਸਲਿਮ ਧਰਮ ਵਿੱਚ ਹੋ ਰਹੇ ਅਛੂਤਾਂ ਨਾਲ ਵਿਤਕਰੇ ਬਾਰੇ ਵੀ ਖੁੱਲਕੇ ਲਿਖਿਆ। ਉਨ੍ਹਾਂ ਨੇ ਮੂਕ ਨਾਇਕ-ਗੂੰਗਿਆਂ ਦਾ ਆਗੂ ਹਫਤਾਵਾਰੀ ਅਖਬਾਰ ਸ਼ੁਰੂ ਕੀਤਾ। ਉਨ੍ਹਾਂ ਨੇ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਦਾ ਗਠਨ ਕੀਤਾ ਅਤੇ ਦਲਿਤਾਂ ਦੇ ਵਿਦਿੱਅਕ, ਸਮਾਜਿਕ ਅਤੇ ਆਰਥਿਕ ਵਿਕਾਸ ਲਈ ਕੰਮ ਕੀਤਾ। ਡਾਕਟਰ ਅੰਬੇਡਕਰ ਨੇ ਰੱਖਿਆ ਸਲਾਹਕਾਰ ਸਮਿਤੀ ਅਤੇ ਵਾਇਸਰਾਇ ਦੀ ਕਾਰਜਕਾਰੀ ਪ੍ਰੀਸ਼ਦ ਲਈ ਲੇਬਰ ਮੰਤਰੀ ਦੇ ਤੋਰ ਤੇ ਕੰਮ ਕੀਤਾ। ਅੰਤ 15 ਅਗਸਤ 1947 ਨੂੰ ਭਾਰਤ ਦੇਸ਼ ਅਜ਼ਾਦ ਹੋ ਗਿਆ ਅਤੇ ਡਾਕਟਰ ਅੰਬੇਡਕਰ ਦੇਸ਼ ਦੇ ਪਹਿਲੇ ਕਨੂੰਨ ਮੰਤਰੀ ਬਣੇ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਬਣਾਈ ਗਈ ਜਿਸਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਬਣਾਇਆ ਗਿਆ। ਡਰਾਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 04 ਨਵੰਬਰ, 1947 ਨੂੰ ਸਭਾ ਨੂੰ ਪੇਸ ਕੀਤਾ ਗਿਆ। 26 ਨਵੰਬਰ, 1949 ਨੂੰ ਸੰਵਿਧਾਨ ਸਭਾ ਨੇ ਇਸਨੂੰ ਮੰਨਜੂਰ ਕਰ ਲਿਆ। 1951 ਵਿੱਚ ਸੰਸਦ ਵਿੱਚ ਹਿੰਦੂ ਕੋਡ ਬਿੱਲ ਜੋਕਿ ਭਾਰਤੀ ਮਹਿਲਾਵਾਂ ਨੂੰ ਬਰਾਬਰਤਾ ਦਾ ਅਧਿਕਾਰ ਦੇਣ ਲਈ ਸੀ ਦੇ ਵਿਰੋਧ ਵਿੱਚ ਸੰਸਦ ਦੇ ਬਹੁਤੇ ਮੈਂਬਰਾਂ ਵਲੋਂ ਵੋਟ ਪਾਏ ਜਾਣ ਕਾਰਨ ਉਨ੍ਹਾਂ ਨੇ ਲੋਕ ਸਭਾ ਤੋਂ ਅਸਤੀਫਾ ਦੇ ਦਿਤਾ। 1952 ਵਿੱਚ ਡਾਕਟਰ ਅੰਬੇਡਕਰ ਨੇ ਅਜਾਦ ਉਮੀਦਵਾਰ ਵਜੋਂ ਚੋਣ ਲੜੀ ਪਰ ਇਹ ਚੋਣ ਹਾਰ ਗਏ। ਮਾਰਚ 1952 ਵਿੱਚ ਉਹ ਰਾਜ ਸਭਾ ਦੇ ਮੈਂਬਰ ਚੁਣੇ ਗਏ ਅਤੇ ਜਿੰਦਗੀ ਦੇ ਅੰਤਿਮ ਸਮੇਂ ਤੱਕ ਉਹ ਰਾਜ ਸਭਾ ਮੈਂਬਰ ਬਣੇ ਰਹੇ। 1955 ਵਿੱਚ ਉਨ੍ਹਾਂ ਨੇ ਬੋਧ ਸੋਸਾਇਟੀ ਆਫ ਇੰਡੀਆ ਦੀ ਸਥਾਪਨਾ ਕੀਤੀ। 14 ਅਕਤੂਬਰ, 1956 ਨੂੰ ਡਾਕਟਰ ਅੰਬੇਡਕਰ ਨੇ ਲੱਖਾਂ ਸਾਥੀਆ ਸਮੇਤ ਬੁੱਧ ਧਰਮ ਅਪਣਾਇਆ। ਦਿੱਲੀ ਵਿੱਚ 6 ਦਸੰਬਰ 1956 ਨੂੰ ਡਾਕਟਰ ਅੰਬੇਡਕਰ ਸਾਨੂੰ ਸਦੀਵੀ ਵਿਛੋੜਾ ਦੇ ਗਏ। ਭਾਰਤੀ ਡਾਕ ਵਿਭਾਗ ਵਲੋਂ ਬਾਬਾ ਸਾਹਿਬ ਸਬੰਧੀ ਸਮੇਂ ਸਮੇਂ ਤੇ ਕਈ ਡਾਕ ਟਿਕਟ ਜਾਰੀ ਕੀਤੇ ਹਨ। 1990 ਵਿੱਚ ਆਪ ਨੂੰ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ ਅਤੇ ਸੰਸਦ ਦੇ ਕੇਂਦਰੀ ਹਾਲ ਵਿੱਚ ਬਾਬਾ ਸਾਹਿਬ ਦੀ ਤਸਵੀਰ ਲਗਾਈ ਗਈ। ਸਰਕਾਰ ਵਲੋਂ 1991 ਦਾ ਸਾਲ ਅੰਬੇਡਕਰ ਸ਼ਤਾਬਦੀ ਵਜੋਂ ਐਲਾਨਿਆ ਸੀ ਅਤੇ ਸਮਾਜਿਕ ਨਿਆਏ ਵਰ੍ਹਾ ਵਜੋਂ ਮਨਾਇਆ ਗਿਆ। 14 ਅਪ੍ਰੈਲ 2015 ਨੂੰ ਗੂਗਲ ਨੇ ਬਾਬਾ ਸਾਹਿਬ ਦੀ ਫੋਟੋ ਲਗਾਈ ਅਤੇ ਭਾਰਤ ਸਰਕਾਰ ਵਲੋਂ ਵੀ 125ਵੀਂ ਜਯੰਤੀ ਦੇ ਤੋਰ ਤੇ ਮਨਾਇਆ ਗਿਆ ਅਤੇ 125 ਰੁਪਏ ਦਾ ਸਿੱਕਾ ਜਾਰੀ ਕੀਤਾ ਗਿਆ ਹੈ। ਸੰਯੁਕਤ ਰਾਸ਼ਟਰ ਵਲੋਂ ਵੀ ਇਸ ਸਬੰਧੀ ਵਿਸ਼ੇਸ਼ ਸਮਾਗਮ ਕਰਵਾਏ ਗਏ ਹਨ। ਮਹਾਂਰਾਸ਼ਟਰ ਸਰਕਾਰ ਨੇ 14 ਅਪ੍ਰੈਲ ਦਾ ਦਿਨ ਗਿਆਨ ਦਿਵਸ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ ਹੈ। 14 ਅਪ੍ਰੈਲ 2020 ਨੂੰ ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ 14 ਅਪ੍ਰੈਲ 2021 ਨੂੰ ਬਰਾਬਰਤਾ ਦਿਵਸ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ। ਇਸ ਸਾਲ 2022 ਵਿੱਚ ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਅਪ੍ਰੈਲ ਮਹੀਨੇ ਨੂੰ ਦਲਿਤ ਇਤਿਹਾਸ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ ਹੈ। ਭਾਰਤ ਸਰਕਾਰ ਨੇ ਇਸ ਸਾਲ ਵੀ 14 ਅਪ੍ਰੈਲ ਨੂੰ ਜਨਤਕ ਛੁੱਟੀ ਦਾ ਐਲਾਨ ਕੀਤਾ ਹੈ ।

ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਬਾਬਾ ਸਾਹਿਬ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੇ ਚੱਲਣ ਦਾ ਐਲਾਨ ਕੀਤਾ ਹੈ। ਅੱਜ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਸਰਕਾਰਾਂ ਵਲੋਂ ਅਤੇ ਵੱਖ ਵੱਖ ਸਮਾਜਿਕ, ਰਾਜਨੀਤਿਕ ਸੰਗਠਨਾਂ ਵਲੋਂ ਡਾਕਟਰ ਅੰਬੇਡਕਰ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੈ। ਬਾਬਾ ਸਾਹਿਬ ਦਾ ਜਨਮਦਿਨ ਮਨਾਉਣ ਦਾ ਅਸਲੀ ਮੰਤਬ ਤਾਂ ਹੀ ਪੂਰਾ ਹੋਵੇਗਾ ਜੇਕਰ ਅਸੀਂ ਉਨ੍ਹਾਂ ਵਲੋਂ ਦੱਸੇ ਗਏ ਵਿਚਾਰਾਂ ਨੂੰ ਅਪਣਾਕੇ ਸਮਾਜ ਅਤੇ ਦੇਸ਼ ਨੂੰ ਸਹੀ ਅਰਥਾਂ ਵਿੱਚ ਗੈਰ ਵਿਤਕਰੇ ਵਾਲੇ ਰਾਹ ਤੇ ਤੋਰਕੇ ਵਿਕਸਿਤ ਕਰੀਏ।

# ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਡਿਗਸ਼ਈ ਜੇਲ੍ਹ ਨੂੰ ਲੋਕਾਂ ਲਈ ਖੋਲ੍ਹਣ ਦੀ ਮੰਗ

**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਕਮੇਟੀ ਜਲੰਧਰ ਦੇ ਧਿਆਨ ਵਿੱਚ ਆਇਆ ਹੈ ਕਿ ਡਿਗਸ਼ਈ ਛਾਉਣੀ ਦੀ ਪੁਰਾਤਨ ਜੇਲ੍ਹ, ਜਿਹੜੀ ਸੈਰਗਾਹ ਵਜੋਂ ਯਾਤਰੀਆਂ ਲਈ ਖੋਲੀ ਗਈ ਸੀ, ਨੂੰ ਡਿਗਸ਼ਈ ਕੈਂਟ ਦੇ ਬ੍ਰਿਗੇਡ ਕਮਾਂਡਰ ਦੇ ਹੁਕਮਾਂ ਨਾਲ ਬੰਦ ਕਰ ਦਿੱਤੀ ਗਈ ਹੈ, ਇਹ ਸਾਰਿਆਂ ਲਈ ਮੰਦਭਾਗਾ ਫੈਸਲਾ ਹੈ। ਇਸ ਜੇਲ੍ਹ ਦਾ ਸਬੰਧ ਭਾਰਤ ਦੀ ਆਜ਼ਾਦੀ ਲਈ ਲੜੇ ਗਏ ਸੰਘਰਸ਼ ਨਾਲ ਹੈ, ਜਿਹੜਾ 1914-15 ਵਿੱਚ 'ਗ਼ਦਰ ਲਹਿਰ' ਰਾਹੀਂ ਕੀਤਾ ਗਿਆ ਸੀ। ਸਾਈਂ ਮੀਆ ਮੀਰ ਦੀ ਛਾਉਣੀ ਲਾਹੌਰ ਵਿੱਚ ਤਾਇਨਾਤ 23ਵੇਂ ਰਸਾਲੇ ਦੇ 18 ਫੌਜੀਆਂ ਦਾ ਅੰਗਰੇਜ਼ੀ ਹਕੂਮਤ ਨੇ ਇਸ ਜੇਲ੍ਹ ਵਿੱਚ 15 ਅਗਸਤ 1915 ਨੂੰ ਕੋਰਟ ਮਾਰਸ਼ਲ ਕਰਕੇ ਮੌਤ ਦੀ ਸਜਾ ਦਿੱਤੀ ਗਈ ਸੀ। ਇਸ ਜੇਲ੍ਹ ਨੂੰ ਕੌਮੀ ਵਿਰਾਸਤ ਵਜੋਂ ਡਿਗਸ਼ਈ ਛਾਉਣੀ ਦੇ ਉਚ ਅਧਿਕਾਰੀਆਂ ਵਲੋਂ ਇਸ ਨੂੰ ਸੈਲਾਨੀਆਂ ਲਈ ਖੋਲ ਦਿੱਤਾ ਗਿਆ ਸੀ।

ਪਰ ਹੁਣ ਬ੍ਰਿਗੇਡ ਕਮਾਂਡਰ ਡਿਗਸ਼ਈ ਕੈਂਟ ਵਲੋਂ ਇਸ ਵਿਰਾਸਤ ਨੂੰ ਦੇਖਣ ਆਉਣ ਵਾਲੇ ਖਾਸ ਕਰਕੇ ਪੰਜਾਬੀਆਂ ਤੋਂ ਇਸ ਨੂੰ ਵਾਂਝਾ ਕਰ ਦਿੱਤਾ ਗਿਆ ਹੈ। ਇਹ ਦੇਸ਼ ਦੀ ਆਜ਼ਾਦੀ ਲਈ ਸ਼ਹੀਦੀਆਂ ਪਾਉਣ ਵਾਲਿਆਂ ਨਾਲ ਧ੍ਰੋਹ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਪੁਰਜ਼ੋਰ ਮੰਗ ਕਰਦੀ ਹੈ ਕਿ ਇਸ ਜੇਲ੍ਹ ਨੂੰ ਆਮ ਲੋਕਾਂ ਲਈ ਤੁਰੰਤ ਖੋਲਿਆ ਜਾਵੇ।

## ਵਿਸਾਖੀ 'ਤੇ ਵਿਸ਼ੇਸ਼

# "ਸਾਡੇ ਘਰ ਦਾਣੇ ਵੀ, ਲਿਆਈ ਨੀ ਵਿਸਾਖੀਏ"

ਆ ਜਾਂਦੀ ਗਰਮੀ ਤੇ ਮੁੱਕਦਾ ਸਿਆਲ ਏ
ਖੇਤਾਂ ਵਿੱਚ ਕਣਕਾ ਦਾ ਰੰਗ ਹੁੰਦਾ ਲਾਲ ਏ
ਖੁਸ਼ੀਆਂ ਦੇ ਨਾਲ ਫੇਰਾ ,ਪਾਈ ਨੀ ਵਿਸਾਖੀਏ
ਸਾਡੇ ਘਰ ਦਾਣੇ ਵੀ ਲਿਆਈ ਨੀ ਵਿਸਾਖੀ ਏ

ਸਾਡੇ ਘਰ ਆਟੇ ਵਾਲੇ, ਪੀਪੇ ਹੋਏ ਖਾਲੀ ਨੀ
ਕਦੇ ਵੀ ਨਾ ਹੋਈ, ਸਾਡੀ ਜਿੰਦਗੀ ਸੁਖਾਲੀ ਨੀ
ਦੀਵਾ ਆ ਕੇ ਖੁਸ਼ੀ ਦਾ, ਜਗ੍ਹਾਈ ਨੀ ਵਿਸਾਖੀਏ
ਸਾਡੇ ਘਰ ਦਾਣੇ ਵੀ ਲਿਆਈ ਨੀ ਵਿਸਾਖੀਏ

ਅਸੀਂ ਵੀ ਤਾਂ ਅੱਖਾਂ ਵਿਚ , ਸੁਪਨੇ ਨੇ ਬੁੰਨਣੇ
ਝੜ ਝੜ ਡਿੱਗੇ ਜਿਹੜੇ, ਸਿੱਟੇ ਅਸੀ ਚੁੰਨਣੇ
ਸਭ ਦੇ ਭੜੋਲੇ, ਤੂੰ ਭਰਾਈ ਨੀ ਵਿਸਾਖੀਏ
ਸਾਡੇ ਘਰ ਦਾਣੇ ਵੀ ਲਿਆਈ ਨੀ ਵਿਸਾਖੀਏ

ਵਿਸਾਖ ਦੇ ਮਹੀਨੇ ਚੋ, ਹਨੇਰੀ ਜਾਵੇ ਝੁੱਲ ਨਾ
ਸਾਨੂੰ ਕਿਤੇ ਪੈ ਜਾਵੇ, ਆਟਾ ਲੈਣਾ ਮੁੱਲ ਨਾ
ਐਸੀ ਤੂੰ ਹਨੇਰੀ, ਨਾ ਝੁਲਾਈ ਨੀ ਵਿਸਾਖੀਏ
ਸਾਡੇ ਘਰ ਦਾਣੇ ਵੀ ਲਿਆਈ ਨੀ ਵਿਸਾਖੀਏ

ਗੁਲਾਮੀ ਵਾਲਾ ਆਖੇ, ਭਰੀ ਸਭ ਦੇ ਭੜੋਲੇ ਤੂੰ
ਰੋਟੀ ਨਾ ਗਰੀਬ ਕੋਲੋ, ਕਰੀ ਕਿਤੇ ਉਹਲੇ ਤੂੰ
ਹਰ ਘਰ ਰਿੱਜਕ ,ਪਹੁੰਚਾਈ ਨੀ ਵਿਸਾਖੀਏ
ਸਾਡੇ ਘਰ ਦਾਣੇ ਤੂੰ ਲਿਆਈ ਨੀ ਵਿਸਾਖੀਏ

- ਬੂਟਾ ਗੁਲਾਮੀ ਵਾਲਾ
ਕੋਟ ਈਸੇ ਖਾ, ਮੋਗਾ
91-94171-97395



# ਪੰਜਾਬ ਵਿਧਾਨ ਸਭਾ ਵਲੋਂ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਕੇਂਦਰ ਦੇ ਪੰਜਾਬ ਵਿਰੋਧੀ ਕਾਨੂੰਨ ਮੂਲੋਂ ਰੱਦ

ਜਦੋਂ ਦੀ ਆਮ ਆਦਮੀ ਪਾਰਟੀ ਪੰਜਾਬ ਵਿਧਾਨ ਸਭਾ ਦੀਆਂ 117 ਵਿੱਚੋਂ 92 ਸੀਟਾਂ ਜਿੱਤ ਕੇ ਆਈ ਹੈ। ਕੇਂਦਰ ਦੀ ਭਾਜਪਾ ਸਰਕਾਰ ਦੇ ਸਰਕਾਰ ਦੇ ਢਿੱਡ ਵਿੱਚ ਮਰੋੜ੍ਹ ਪੈਣੇ ਸ਼ੁਰੂ ਹੋ ਗਏ ਹਨ । ਨਿੱਤ ਦਿਹਾੜ੍ਹੇ ਕੋਈ ਨਾ ਕੋਈ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਪੰਜਾਬ ਦੇ ਵਿਰੁੱਧ ਹੁਕਮ ਜਾਰੀ ਕੀਤਾ ਜਾਂਦਾ ਆ ਰਿਹਾ ਹੈ । ਸ੍ਰ ਭਗਵੰਤ ਸਿੰਘ ਮਾਨ ਨੇ 16 ਮਾਰਚ ਨੂੰ ਬਤੌਰ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਹੈ । ਉਹ ਸਹੁੰ ਚੁਕੱਣ ਤੋਂ ਬਾਅਦ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਰਸਮੀ ਤੌਰ ਤੇ ਮੀਟਿੰਗ ਕਰਨ ਲਈ ਗਏ ਤਾਂ ਉਸ ਨੇ ਪੰਜਾਬ ਦੀ ਆਰਥਿਕ ਹਾਲਤ ਨੂੰ ਵੇਖਦਿਆਂ ਉਸ ਨੂੰ ਪੈਰਾਂ ਸਿਰ ਕਰਨ ਲਈ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਕੋਲੋਂ ਮੰਗ ਕੀਤੀ ਕਿ ਉਨਾਂ ਨੂੰ ਮਦੱਦ ਦੇਣ ਲਈ ਇਕ ਲੱਖ ਕਰੋੜ੍ਹ ਰੁਪਏ ਦੀ ਮੰਗ ਕੀਤੀ, ਜੋ ਭਾਵੇਂ ਪੰਜਾਹ ਹਜਾਰ ਕਰੋੜ੍ਹ ਪ੍ਰਤੀ ਸਾਲ ਕਰਕੇ ਦੋ ਸਾਲਾਂ ਵਿੱਚ ਦੇ ਦਿੱਤੇ ਜਾਣ। ਮੋਦੀ ਸਰਕਾਰ ਨੇ ਮੱਦਦ ਤਾਂ ਕੀ ਦੇਣੀ ਸੀ ਕਿ ਉਲਟਾ ਪੰਜਾਬ ਦੇ ਰੂਰਲ ਡਿਵੈਲਪਮੈਂਟ ਫੰਡ ਵਿੱਚੋਂ 1100 ਕਰੋੜ੍ਹ ਰੁਪਏ ਦੀ ਕੱਟ ਇਹ ਕਹਿ ਕੇ ਲਗਾ ਦਿੱਤੀ ਗਈ ਕਿ ਤੁਹਾਡੇ ਤੋਂ ਪਹਿਲੀ ਸਰਕਾਰ ਨੇ ਇਸ ਫੰਡ ਦੀ ਗਲਤ ਵਰਤੋਂ ਕੀਤੀ ਹੈ। ਮੁੱਖ ਮੰਤਰੀ ਨੇ ਆ ਰਹੀਆਂ ਗਰਮੀਆਂ ਨੂੰ ਧਿਆਨ ਵਿੱਚ ਰਖਦਿਆਂ ਥਰਮਲ ਪਲਾਂਟਾਂ ਨੂੰ ਚਲਾਉਣ ਲਈ ਕੋਲੇ ਦੀ ਮੰਗ ਕੀਤੀ ਤਾਂ ਉਸ ਤੋਂ ਵੀ ਭਾਜਪਾ ਦੀ ਸਰਕਾਰ ਨੇ ਕੋਰੀ ਨਾਂਹ ਕਰ ਦਿੱਤੀ ਹੈ। ਮੁੱਖ ਮੰਤਰੀ ਸ੍ਰ ਮਾਨ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਸ ਨੂੰ ਪੰਜਾਬ ਕੋਟੇ ਦੀ ਬਿੱਜਲੀ ਦਿੱਤੀ ਜਾਵੇ ਉਸ ਤੋਂ ਵੀ ਮੁੱਕਰਦਿਆਂ ਹਰਿਆਣੇ ਨੂੰ ਬਿਨ ਮੰਗੇ 750 ਮੈਗਾਵਾਟ ਬਿਜਲੀ ਦੇਣ ਦਾ ਐਲਾਨ ਕਰ ਦਿੱਤਾ। ਇਹ ਗੱਲ ਵਖਰੀ ਹੈ ਕਿ ਭਾਵੇਂ ਬਾਅਦ ਵਿੱਚ ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਦੇ ਇਸ ਫੈਸਲੇ ਤੇ ਰੋਕ ਲਗਾਉਦਿਆਂ ਇਹ ਹੁਕਮ ਜਾਰੀ ਕਰ ਦਿੱਤਾ ਹੈ ਕਿ ਜਿਥੇ ਪੰਜਾਬ ਨੂੰ ਉਸ ਦੇ ਮਿਲਦੇ ਕੋਟੇ ਦੀ ਬਿਜਲੀ ਦਿੱਤੀ ਜਾਦੀ ਰਹੇਗੀ। ਉਥੇ ਦਿੱਲੀ ਤੇ ਹਰਿਆਣਾ ਨੂੰ ਜਿਸ ਤਰਾਂ ਪਹਿਲਾਂ ਬਿਜਲੀ ਦੀ ਸਪਲਾਈ ਹੁੰਦੀ ਸੀ ਉਸੇ ਤਰਾਂ ਹੁੰਦੀ ਰਹੇਗੀ। ਪਰ ਕੇਂਦਰ ਦੀ ਭਾਜਪਾ ਸਰਕਾਰ ਦੀ ਪੰਜਾਬ ਪ੍ਰਤੀ ਬਦਨੀਤੀ ਤੇ ਉਸ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤੇ ਜਾਣ ਦੀ ਪ੍ਰਤੱਖ ਝੱਲਕ ਸੰਸਾਰ ਦੇ ਸਾਹਮਣੇ ਜਰੂਰ ਆ ਗਈ ਹੈ।ਜੋ ਹਰਿਆਣੇ ਦੀ ਭਾਜਪਾ ਸਰਕਾਰ ਨੂੰ ਬਿਨ ਮੰਗੇ ਬਿਜਲੀ ਦੇ ਗੱਫੇ ਦੇਣ ਲਈ ਤਿਆਰ ਹੈ ਪਰ ਪੰਜਾਬ ਜਿਸ ਨੇ ਕਿਸਾਨਾਂ ਨੂੰ ਕਣਕ ਦੇ ਸੀਜਨ ਵਿੱਚ ਬਿੱਜਲੀ ਦੀ 24 ਘੰਟੇ ਸਪਲਾਈ ਦੇਣੀ ਹੈ ਉਸ ਦੀ ਲੋੜ੍ਹ ਨੂੰ ਨਜਰ ਅੰਦਾਜ ਕਰ ਦਿੱਤਾ ਗਿਆ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕਾਰਜ ਭਾਰ ਸੰਭਾਲਿਆ ਹਾਲੇ ਪੰਦਰਾਂ ਦਿਨ ਹੀ ਹੋਏ ਹਨ ਕਿ ਪੰਜਾਬ ਨਾਲ ਕਈ ਬੇਇਨਸਾਫੀਆਂ ਤੇ ਧੱਕੇ ਕਰਨੇ ਸ਼ੁਰੂ ਕਰ ਦਿੱਤੇ ਹਨ। ਕੇਂਦਰ ਦੀ ਮੋਦੀ ਸਰਕਾਰ ਵਲੋਂ ਪੰਜਾਬ ਦਾ ਬੀ .ਬੀ. ਐਮ. ਬੀ . ਵਿੱਚੋਂ ਹਿੱਸਾ ਖਤਮ ਕਰ ਦਿੱਤਾ ਗਿਆ।ਇਕ ਹੋਰ ਧੱਕਾ ਕਰਦਿਆਂ ਚੰਡੀਗੜ੍ਹ ਜਿਹੜੀ ਪੰਜਾਬ ਦੀ ਰਾਜਧਾਨੀ ਹੈ। ਪੰਜਾਬ ਸਰਕਾਰ ਤੋਂ ਪੁੱਛੇ ਬਿਨਾ ਚੰਡੀਗੜ੍ਹ ਦੇ ਮੁਲਾਜਮਾਂ ਉਤੇ ਕੇਂਦਰੀ ਕਾਨੂੰਨ ਲਾਗੂ ਕਰਨ ਦੇ ਨਾਦਰਸ਼ਾਹੀ ਹੁਕਮ ਜਾਰੀ ਕਰ ਦਿੱਤੇ ਗਏ ਹਨ। ਸੰਸਾਰ ਦੇ ਲੋਕ ਭਲੀ ਭਾਂਤ ਜਾਣਦੇ ਹਨ ਕਿ ਚੰਡੀਗੜ੍ਹ ਜੋ ਕਿ ਪੰਜਾਬ ਦੀ ਰਾਜਧਾਨੀ ਹੈ ਜਿਹੜੀ ਪੰਜਾਬ ਦੇ ਲਗ ਭਗ 50 ਪਿੰਡਾਂ ਨੂੰ ਉਜਾੜ੍ਹ ਕੇ ਬਣਾਈ ਗਈ ਸੀ ਹਾਲੇ ਤਕ ਉਸ ਦੇ ਹਵਾਲੇ ਨਹੀਂ ਕੀਤੀ ਗਈ, ਨਾ ਹੀ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿੱਤੇ ਗਏ। ਸਗੋਂ ਉਲਟਾ ਪੰਜਾਬ ਦੇ ਹੱਕਾਂ ਤੇ ਇਕ ਇਕ ਕਰਕੇ ਡਾਕੇ ਮਾਰਨੇ ਸ਼ੁਰੂ ਕਰ ਦਿੱਤੇ ਹਨ । ਜਿਸ ਦਾ ਨਤੀਜਾ ਪੰਜਾਬ ਦੀ ਸਰਕਾਰ ਜਿਸ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਨੂੰ ਬਣਿਆਂ ਸਿਰਫ 15 ਦਿਨ ਹੀ ਹੋਏ ਸਨ ਉਸ ਨੂੰ ਕੇਂਦਰ ਵਲੋਂ ਕੀਤੇ ਜਾ ਰਹੇ ਧੱਕੇ ਵਿਰੁੱਧ ਪੰਜਾਬ ਦਾ ਇਕ ਰੋਜਾ ਹੰਗਾਮੀ ਸੈਸ਼ਨ ਪਹਿਲੀ ਅਪਰੈਲ 2022 ਨੂੰ ਬੁਲਾਉਣਾ ਪਿਆ ਹੈ। ਜਿਸ ਵਿੱਚ ਪੰਜਾਬ ਵਿਧਾਨ ਸਭਾ ਦੇ 117 ਵਿੱਚੋਂ ਭਾਜਪਾ ਦੇ ਸਿਰਫ ਇਕ ਮੈਂਬਰ ਸ਼੍ਰੀ ਅਸਵਨੀ ਸ਼ਰਮਾ ਨੂੰ ਛੱਡ ਕੇ ਬਾਕੀ ਸਾਰੀਆਂ ਪਾਰਟੀਆਂ ਦੇ ਵਿਧਾਨ ਸਭਾ ਦੇ ਸਾਰੇ ਮੈਂਬਰਾਂ ਨੇ ਕੇਂਦਰ ਦੀ ਸਰਕਾਰ ਵਲੋਂ ਪਾਸ ਕੀਤੇ ਪੰਜਾਬ ਵਿਰੋਧੀ ਕਾਨੂੰਨਾਂ ਦੀ ਨਿਖੇਧੀ ਕਰਦਿਆਂ ਸਰਬ ਸੰਮਤੀ ਨਾਲ ਮਤਾ ਪਾਸ ਕਰਦਿਆਂ ਕੇਂਦਰ ਦੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਹ ਤਾਨਾਸ਼ਾਹੀ ਹੁਕਮ ਵਾਪਿਸ ਲਏ ਜਾਣ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਪੰਜਾਬ ਦੇ ਹਵਾਲੇ ਕੀਤੇ ਜਾਣ, ਬੀ.ਬੀ. ਐਮ. ਬੀ.ਵਿੱਚ ਪੰਜਾਬ ਦਾ ਹੱਕ ਬਹਾਲ ਕੀਤਾ ਜਾਵੇ, ਦਰਿਆਈ ਪਾਣੀ, ਬਿਜਲੀ ਦੇ ਹੱਕ ਪੰਜਾਬ ਦੇ ਹਵਾਲੇ ਕੀਤੇ ਜਾਣ। ਸਾਰੇ ਵਿਧਾਨ ਸਭਾ ਮੈਂਬਰਾਂ ਜਿਸ ਦੀ ਪਾਰਟੀ ਭਾਵੇਂ ਕੁਝ ਵੀ ਹੋਵੇ, ਉਨਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਯਕੀਨ ਦੁਆਉਂਦਿਆ ਇਹ ਵੀ ਕਿਹਾ ਹੈ ਕਿ ਸਰਕਾਰ ਜੋ ਵੀ ਪ੍ਰੋਗਰਾਮ ਉਲੀਕੇਗੀ ਉਹ ਉਨਾਂ ਪ੍ਰੋਗਰਾਮਾਂ ਵਿੱਚ ਸਰਕਾਰ ਨਾਲ ਪੂਰਨ ਤੌਰਤੇ ਅਤੇ ਵੱਧ ਚੜ੍ਹ ਕੇ ਸਹਿਯੋਗ ਕਰਨਗੀਆਂ। ਕੇਂਦਰ ਦੀ ਮੋਦੀ ਸਰਕਾਰ ਦੀ ਨੀਅਤ ਇਹ ਦਸ ਰਹੀ ਹੈ ਕਿ ਉਹ ਪੰਜਾਬ ਦੇ ਹੋਰ ਹੱਕਾਂ ਸਤਲੁਜ ਯਮੁਨਾ ਲਿੰਕ ਨਹਿਰ ਦੇ ਪਾਣੀ ਤੇ ਵੀ ਹਮਲਾ ਕਰਕੇ ਪੰਜਾਬ ਨਾਲ ਬੇਇਨਸਾਫੀ ਕਰੇਗੀ। ਵਿਧਾਨ ਸਭਾ ਦੇ ਮੈਂਬਰਾਂ ਨੇ ਆਪਣੇ ਭਾਸ਼ਨਾਂ ਵਿੱਚ ਵਿਸ਼ੇਸ਼ ਕਰਕੇ ਜਿਕਰ ਕੀਤਾ ਹੈ ਕਿ ਪੰਜਾਬ ਉਹ ਸੂਬਾ ਹੈ ਜਿਸ ਦੇ ਵਾਸੀਆਂ ਨੇ ਦੇਸ਼ ਨੂੰ ਅਜਾਦ ਕਰਾਉਣ ਵਿੱਚ ਵੱਧ ਤੋ ਵੱਧ ਕੁਰਬਾਨੀਆਂ ਦਿੱਤੀਆ ਹਨ ਪਰ ਰਾਜ ਕਰ ਚੁਕੀਆਂ ਸਰਕਾਰਾਂ ਨੇ ਪੰਜਾਬ ਨਾਲ ਇਨਸਾਫ ਤਾਂ ਕੀ ਕਰਨਾ ਸੀ ਬਲਕਿ ਸਭ ਤੋਂ ਵੱਧ ਸ਼ਹਾਦਤਾਂ ਦੇਣ ਵਾਲੀ ਸਿੱਖ ਕੌਮ ਨੂੰ ਜਰਾਇਮ ਪੇਸ਼ਾ ਕੌਮ ਐਲਾਨ ਕੇ ਇਸ ਤੇ ਕਰੜੀ ਨਜਰ ਰੱਖੇ ਜਾਣ ਵਾਲਾ ਪੱਤਰ ਵੀ ਕੱਢ ਮਾਰਿਆ ਸੀ,ਇਹ ਹੀ ਨਹੀਂ ਬੋਲੀਆਂ ਦੇ ਅਧਾਰ ਤੇ ਸਾਰੇ ਸੂਬੇ ਬਣਾ ਦਿੱਤੇ ਪਰ ਪੰਜਾਬ ਸੂਬੇ ਨੂੰ ਦੇਰੀ ਨਾਲ ਬਣਾਉਣ ਦੇ ਨਾਲ ਪੰਜਾਬ ਵਿੱਚੋਂ ਦੋ ਸੂਬੇ ਹਰਿਆਣਾ ਤੇ ਹਿਮਾਚਲ ਬਣਾ ਕੇ ਪੰਜਾਬ ਨੂੰ ਸੂਬੇ ਤੋਂ ਸੂਬੀ ਬਣਾ ਕੇ ਰੱਖ ਦਿੱਤਾ ਤੇ ਹੁਣ ਇਸ ਸੂਬੀ ਨਾਲ ਵੀ ਹੋਰ ਧੱਕੇ ਕੀਤੇ ਜਾ ਰਹੇ ਹਨ।ਵਿਧਾਨ ਸਭਾ ਦੇ ਮੈਂਬਰਾਂ ਨੇ ਜੋਰ ਨਾਲ ਕਿਹਾ ਕਿ ਇਸ ਵਿਰੁੱਧ ਉਨਾਂ ਨੂੰ ਕੇਂਦਰ ਦੀ ਸਰਕਾਰ ਵਿਰੁੱਧ ਫੈਸਲਾਕੁਨ ਲੜਾਈ ਕਰਨ ਦੀ ਜਰੂਰਤ ਹੈ। ਇਹ ਤਾਂ ਹੁਣ ਸਮਾਂ ਦਸੇਗਾ ਕਿ ਊਠ ਕਿਸ ਤਰਫ ਕਰਵਟ ਲੈਂਦਾ ਹੈ। ਪਰ ਇਕ ਗੱਲ ਬੜੀ ਸਪਸਟ ਤੌਰ 'ਤੇ ਪੰਜਾਬ ਦੇ ਲੋਕ ਮਹਿਸੂਸ ਕਰ ਰਹੇ ਹਨ ਕਿ ਪੰਜਾਬੀਆਂ ਲਈ ਇਹ ਮਸਲਾ ਉਕਰੋ ਜਾਂ ਮਰੋ'' ਵਾਲਾ ਬਣ ਗਿਆ ਹੈ। ਜੇਕਰ ਉਨਾਂ ਨੇ ਆਪਣੇ ਸੰਘਰਸ਼ ਨਾਲ ਕੇਂਦਰ ਦੀ ਸਰਕਾਰ ਦੇ ਚੰਗੀ ਤਰਾਂ ਕੰਨ ਕਰਾ ਦਿੱਤੇ ਤਾਂ ਹੁਣ ਦੀ ਕੇਂਦਰੀ ਸਰਕਾਰ ਦੇ ਨਾਲ ਭਵਿੱਖ ਵਿੱਚ ਵੀ ਕੇਂਦਰ ਵਿੱਚ ਬਣਨ ਵਾਲੀਆਂ ਸਾਰੀਆਂ ਸਰਕਾਰਾਂ ਵੀ ਪੰਜਾਬ ਨਾਲ ਧੱਕਾ ਕਰਨ ਲਈ ਵੀਹ ਵਾਰੀ ਸੋਚਣ ਲਈ ਮਜਬੂਰ ਹੋਣ-ਗੀਆਂ ਕਹਿਣ ਦਾ ਭਾਵ ਹੈ ਇਹ ਲੜਾਈ ਉਸ ਸੁਨਿਆਰ ਦੀ ਤਰਜ ਤੇ ਨਹੀਂ ਬਲਕਿ ਇਕ ਲੁਹਾਰ ਦੀ'' ਤਰਜ ਦੀ ਹੋਣੀ ਚਾਹੀਦੀ ਹੈ।

ਜੇਕਰ ਪੰਜਾਬ ਦੀ ਵਿਧਾਨ ਸਭਾ ਅਨੁਸਾਰ ਪੰਜਾਬ ਦੀਆ ਰਾਜਨੀਤਕ ਪਾਰਟੀਆਂ ਕੋਈ ਨਿਗਰ ਕਾਰਵਾਈ ਨਾ ਕਰ ਸਕੀਆਂ ਤਾਂ ਫਿਰ ਪੰਜਾਬ ਮੁੜ੍ਹ ਕੇ ਉੱਠ ਨਹੀਂ ਸਕੇਗਾ ਇਸ ਲਈ ਪੰਜਾਬ ਦੇ ਹਰ ਵਰਗ ਕਿਸਾਨਾਂ ਸਮੇਤ ਸਭ ਨੂੰ ਇਹੋ ਜਿਹਾ ਸੰਘਰਸ਼ ਕਰਨ ਦੀ ਜਰੂਰਤ ਹੈ ਜਿਵੇਂ ਕਿਸਾਨ ਮੋਰਚੇ ਦੇ ਆਗੂਆਂ ਨੇ ਮੋਦੀ ਦੀ ਸਰਕਾਰ ਦੇ ਕੰਨੀ ਹੱਥ ਲਗਵਾ ਕੇ ਬਿਨਾ ਸ਼ਰਤ ਕਿਸਾਨ ਵਿਰੋਧੀ ਤਿੰਨੇ ਕਾਲੇ ਕਾਨੂੰਨ ਰੱਦ ਕਰਵਾਏ ਸਨ। ਬਸ ਇਹੋ ਜਿਹਾ ਹੀ ਨਹੀਂ ਬਲਕਿ ਉਸ ਤੋਂ ਵੀ ਕਿਤੇ ਵਧੇਰੇ ਏਕੇ ਨਾਲ ਜੋਰਦਾਰ ਸੰਘਰਸ਼ ਵਿੱਢਣ ਦੀ ਜਰੂਰਤ ਹੈ। ਪਰ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਨੂੰ ਕੋਈ ਵੀ ਪ੍ਰੋਗਰਾਮ ਉਲੀਕਣ ਤੋਂ ਪਹਿਲਾਂ ਰਾਸਟਰਪਤੀ, ਉੱਪ ਰਾਸ਼ਟਰਪਤੀ ਪ੍ਰਧਾਨ ਮੰਤਰੀ ਸਮੇਤ ਸਭ ਨੂੰ ਮਿਲ ਕੇ ਹੋਰ ਹਰ ਪ੍ਰਕਾਰ ਦੇ ਕੋਰਟਾਂ ਸਮੇਤ ਸਾਰੇ ਹੀਲੇ ਵਸੀਲੇ ਵਰਤ ਕੇ ਆਪਣੀ ਸਾਰੀ ਵਾਹ ਲਗਾ ਲੈਣੀ ਚਾਹੀਦੀ ਹੈ ਤਾਂ ਕਿ ਸੰਘਰਸ਼ ਵਿੱਢਣ ਨਾਲ ਦੇਸ਼ ਦਾ ਨਾ ਤਾਂ ਮਾਹੌਲ ਵਿਗੜ੍ਹੇ ਤੇ ਪੰਜਾਬ ਨਾਲ ਹੋ ਰਹੇ ਧੱਕੇ ਤੇ ਬੇਇਨਸਾਫੀਆਂ ਵੀ ਪੱਕੇ ਤੌਰਤੇ ਬੰਦ ਹੋ ਜਾਣ।

ਜੇਕਰ ਕੋਈ ਹੱਲ ਨਹੀਂ ਨਿਕਲਦਾ ਤਾਂ ਦਸਮ ਪਾਤਸ਼ਾਹ ਦੇ ਦਸੇ ਅਸੂ਼ਲ "ਤੰਗ ਆਮਦ, ਬਜੰਗ ਆਮਦ'' ਅਨੁਸਾਰ ਕੇਂਦਰ ਦੀ ਸਰਕਾਰ ਵਿਰੁੱਧ ਜਹਾਦ ਛੇੜ੍ਹ ਦੇਣਾ ਚਾਹੀਦਾ ਹੈ। ਇਸ ਵਿੱਚ ਜਿੱਤ ਸੱਚ ਅਧਾਰਤ ਹੋਣ ਕਾਰਨ ਪੰਜਾਬ ਦੀ ਹੀ ਹੋਣੀ ਹੈ। ਪੰਜਾਬ ਵਿਧਾਨ ਸਭਾ ਵਲੋਂ ਪਾਸ ਕੀਤੇ ਮੱਤੇ ਦੇ ਵਿਰੋਧ ਵਿੱਚ ਹਰਿਆਣੇ ਦੇ ਮੁੱਖ ਮੰਤਰੀ ਜੋ ਭਾਜਪਾ ਪਾਰਟੀ ਦੇ ਹਨ ਉਨਾਂ ਨੇ ਆਪਣਾ ਅਧਿਕਾਰ ਚੰਡੀਗੜ੍ਹ ਤੇ ਜਿੱਤਾਉਣ ਦੇ ਨਾਲ ਕਿਹਾ ਹੈ ਕਿ ਪੰਜਾਬ ਦਾ ਇਹ ਮਤਾ ਬੇਈਮਾਨੀ ਵਾਲਾ ਹੈ। ਅਸਲ ਵਿੱਚ ਚੰਡੀਗੜ੍ਹ ਦੇ ਨਾਂ ਉਤੇ ਭਾਜਪਾ ਨੇ ਫਿਰ ਸਿਆਸਤ ਕਰਨੀ ਤੇਜ ਕਰ ਦਿੱਤੀ ਹੈ ਪਰ ਖਟੱੜ੍ਹ ਸਾਹਿਬ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਜਿਹੜੀ ਬਣਾਈ ਗਈ ਸੀ, ਉਸ ਥਾਂ ਤੇ ਪੰਜਾਬ ਦੇ 50 ਤੋਂ ਵਧੇਰੇ ਪਿੰਡਾਂ ਦਾ ਉਜਾੜਾ ਕੀਤਾ ਗਿਆ ਸੀ। ਇਹ ਤਾਂ ਉਸ ਵੇਲੇ ਦੇ ਕੇਂਦਰ ਦੀ ਸਰਕਾਰ ਦੀ ਪੰਜਾਬ ਦੇ ਨਾਲ ਵੱਡੀ ਬੇਇਨਸਾਫੀ ਸੀ ਜਿਸ ਨੇ ਇਹ ਫੈਸਲਾ ਦੇ ਦਿੱਤਾ। ਸਾਡੇ ਆਗੂ ਦੇਸ਼ ਦੀ ਅਜਾਦੀ ਤੋਂ ਪਹਿਲਾਂ ਹੀ ਗੰਭੀਰ ਗਲਤੀਆਂ ਕਰਦੇ ਆ ਰਹੇ ਸਨ ਜੇ ਕਰ ਉਹ ਗਲਤੀਆਂ ਨਾ ਕਰਦੇ ਤਾਂ ਅੱਜ ਪੰਜਾਬ ਦੀ ਇਹ ਹਾਲਤ ਨਹੀਂ ਸੀ ਹੋਣੀ।

ਜਦੋਂ ਅੰਗਰੇਜ ਦੇਸ਼ ਨੂੰ ਅਜਾਦ ਕਰਨ ਲਗੇ ਸਨ ਤਾਂ ਪੰਜਾਬ ਦੇ ਆਗੂਆਂ ਨੂੰ ਅੰਗਰੇਜਾਂ ਤੋਂ ਮੰਗ ਕਰਨੀ ਚਾਹੀਦੀ ਸੀ ਕਿ ਸਾਨੂੰ ਉਹ ਪੰਜਾਬ ਦੇ ਦਿਉ ਜਿਹੜਾ ਤੁਸੀ ਮਹਾਂਰਾਜਾ ਰਣਜੀਤ ਸਿੰਘ ਦੇ ਵੇਲੇ ਸਿੱਖਾਂ ਭਾਵ ਪੰਜਾਬੀਆਂ ਤੋਂ ਲਿਆ ਸੀ ਇਸ ਤਰਾਂ ਕਰਨ ਨਾਲ ਇਕ ਤਾਂ ਪੰਜਾਬ ਦੀ ਵੰਡ ਨਾ ਹੁੰਦੀ, ਦੂਸਰਾ ਦਸ ਲੱਖ ਲੋਕ ਅਣਿਆਈ ਮੌਤੇ ਨਾ ਮਰਦੇ, ਤੀਸਰਾ ਲੋਕਾਂ ਨੂੰ ਆਪਣਾ ਘਰ ਬਾਰ ਜਾਇਦਾਦਾਂ ਛੱਡ ਕੇ ਭਾਰਤ ਆ ਕੇ ਰੀਫੀਊਜੀ ਨਾ ਬਨਣਾ ਪੈਂਦਾ , ਚੌਥਾ ਸਾਡੇ ਸਾਰੇ ਧਾਰਮਿਕ ਅਸਥਾਨ ਸਾਡੇ ਕੋਲ ਰਹਿੰਦੇ ।ਪਰ ਅਜਿਹਾ ਨਹੀਂ ਕੀਤਾ ਗਿਆ। ਅਗਲੀ ਬਜਰ ਗਲਤੀ ਸਾਡੇ ਪੰਜਾਬੀ ਆਗੂਆਂ ਨੇ ਇਹ ਕੀਤੀ ਕਿ ਜਦੋਂ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਸ੍ਰੀ ਵਲਭ ਭਾਈ ਪਟੇਲ ਨੇ ਇਹ ਪੱਤਰ ਜਾਰੀ ਕੀਤਾ ਜਿਸ ਵਿੱਚ ਕਿਹਾ ਗਿਆ ਸੀ ਕਿ ਸਿੱਖ ਜਰਾਇਮ ਪੇਸ਼ਾ ਕੌਮ ਹੈ ਇਸ ਤੇ ਕਰੜੀ ਨਜਰ ਰੱਖੀ ਜਾਵੇ। ਪੰਜਾਬ ਦੇ ਸਾਰੇ ਆਗੂਆ ਕਿ ਉਨਾਂ ਦੀ ਕਿਹੜੀ ਪਾਰਟੀ ਹੈ ਇਸ ਤੋਂ ਉਪਰ ਉੱਠ ਕੇ ਅਸੀ ਪੰਜਾਬੀ ਪਹਿਲੇ ਹਾਂ ਬਾਕੀ ਬਾਅਦ ਵਿੱਚ! ਸਾਰੇ ਪੰਜਾਬੀ ਰੱਲ ਕਏ ਇਸ ਪੱਤਰ ਨੂੰ ਵਾਪਿਸ ਕਰਾਉਂਦੇ ਤਾਂ ਕੇਂਦਰ ਦੀ ਸਰਕਾਰ ਵਿੱਚ ਜੁਅੱਰਤ ਨਹੀਂ ਸੀ ਹੋਣੀ ਕਿ ਉਹ ਜੋ ਕੁਝ ਹੁਣ ਤਕ ਪੰਜਾਬ ਨਾਲ ਕੀਤਾ ਗਿਆ ਉਹ ਨਹੀਂ ਸੀ ਹੋਣਾ। ਅੱਜ ਹਰਿਆਣਾ ਹਿਮਾਚਲ ਸਮੇਤ ਸਾਰਾ ਪੰਜਾਬ ਇਕ ਹੋਣਾ ਸੀ। ਫਿਰ ਨਾ ਰਾਜਧਾਨੀ ਖੁਸਦੀ, ਨਾ ਹੀ ਪੰਜਾਬੀ ਬੋਲਦੇ ਇਲਾਕੇ ਬਾਹਰ ਜਾਂਦੇ। ਇਸ ਦੇ ਜਿੰਮੇਵਾਰ ਸਾਡੇ ਕੱਟੜ੍ਹ ਫਿਰਕਾ- ਪ੍ਰਸਤ ਪੰਜਾਬੀ ਹੀ ਸਨ ਜਿਹੜੇ ਬੋਲਦੇ ਵੀ ਪੰਜਾਬੀ ਸਨ ਤੇ ਹਸਦੇ, ਰੋਂਦੇ ਸਮੇਂ ਵੀ ਪੰਜਾਬੀ ਦੇ ਸ਼ਬਦ ਅਲਾਪਦੇ ਸਨ। ਪਰ ਮਰਦੁਮ ਸ਼ੁਮਾਰੀ ਸਮੇਂ ਆਪਣੀ ਮਾਂ ਬੋਲੀ ਨੂੰ ਛੱਡ ਕੇ ਉਸ ਨੂੰ ਧਰਮ ਨਾਲ ਜੋੜ੍ਹ ਕੇ ਹਿੰਦੀ ਲਿਖਵਾ ਆਏ। ਬਸ ਇਥੋਂ ਹੀ ਪੰਜਾਬ ਨਾਲ ਬੇਇਨਸਾਫੀਆਂ ਕੀਤੇ ਜਾਣ ਦਾ ਮੁੱਢ ਬੱਝਾ ਸੀ ਜੋ ਹਾਲੇ ਤਕ ਹੁੰਦੀਆਂ ਆ ਰਹੀਆਂ ਹਨ ।ਜੇ ਕਰ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂ ਤਨੋ ਮਨੋ ਇਕ ਮੱਤ ਹੋ ਕੇ ਇਹ ਸੋਚ ਕੇ ਆਪਣਾ ਅਕੀਦਾ ਬਣਾ ਲੈਣ ਕਿ ਸਭ ਤੋਂ ਪਹਿਲਾਂ ਅਸੀਂ ਪੰਜਾਬੀ ਹਾਂ ਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਲੈਣ, ਚੰਡੀਗੜ੍ਹ ਤੇ ਕੇਂਦਰੀ ਕਾਨੂੰਨ ਲਾਗੂ ਨਾ ਕਰਨ , ਬੀ.ਬੀ ਐਮ. ਬੀ.ਵਿੱਚੋਂ ਪੰਜਾਬ ਦਾ ਹੱਕ ਖਤਮ ਨਾ ਕਰਨ, ਪੰਜਾਬ ਦੇ ਡੈਮਾਂ ਤੇ ਪਾਣੀਆਂ ਤੇ ਪੰਜਾਬ ਦਾ ਹੱਕ ਹੈ ਆਦਿ ਮੰਗਾਂ ਤੇ ਜਦੋ ਜਹਿਦ ਸ਼ੁਰੂ ਕਰ ਦੇਣ ਤਾਂ ਇਸ ਵਿੱਚ ਪੰਜਾਬੀਆਂ ਦੀ ਹਰ ਹਾਲਤ ਵਿੱਚ ਜਿੱਤ ਹੋਵੇਗੀ। ਉਹਨਾਂ ਦੇ ਸਾਹਮਣੇ ਤਾਂ ਤਾਜੀ ਤਾਜੀ ਮਿਸਾਲ ਹੈ ਜੇ ਕਰ ਪੰਜਾਬ ਦਾ ਇਕ ਵਰਗ ਕਿਸਾਨ ਮੋਦੀ ਸਰਕਾਰ ਕੋਲੋਂ ਬਿਨਾ ਸ਼ਰਤ ਕਾਨੂੰਨ ਰੱਦ ਕਰਵਾ ਸਕਦਾ ਹੈ ਤਾਂ ਫਿਰ ਅਸੀਂ ਸਾਰੇ ਪੰਜਾਬੀ ਰੱਲ ਕੇ ਕਿਉਂ ਨਹੀਂ ਪੰਜਾਬ ਦੇ ਸਾਂਝੇ ਮਸਲੇ ਹੱਲ ਕਰਵਾ ਸਕਦੇ ।ਲੋੜ੍ਹ ਤਾਂ ਸਿਰਫ ਇੱਛਾ ਸ਼ਕਤੀ ਤੇ ਮਨ ਦੇ ਅਕੀਦੇ ਨੂੰ ਬਣਾਉਣ ਦੀ ਹੈ।ਹੁਣ ਵੇਖਦੇ ਹਾਂ ਕਿ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆ ਜਿਨਾਂ ਨੇ ਪੰਜਾਬ ਵਿਧਾਨ ਸਭਾ ਵਿੱਚ ਸਰਬ ਸੰਮਤੀ ਨਾਲ ਉਕਤ ਮੰਗਾਂ ਦੇ ਹੱਕ ਵਿੱਚ ਮੱਤਾ ਪਾਸ ਕੀਤਾ ਹੈ ਇਹ ਹੁਣ ਕਦੋਂ ਜੱਦੋਜਹਿਦ ਸ਼ੁਰੂ ਕਰਦੇ ਹਨ?



ਜੰਗ ਸਿੰਘ
91-94170-95965

ਜਦੋਂ ਵੀ ਸੰਘਰਸ਼ ਸ਼ੁਰੂ ਕਰਨ। ਇਹ ਫੈਸਲਾ ਕਰਕੇ ਜਾਣ ਦੀ ਲੋੜ੍ਹ ਹੈ ਕਿ ਪੰਜਾਬ ਦੀ ਕੋਈ ਵੀ ਮੰਗ ਅਧਵਾਟੇ ਛੱਡ ਕੇ ਨਾ ਆਇਓ । ਇਕੋ ਵਾਰੀ ਸਾਰੇ ਮਸਲਿਆ ਦਾ ਨਿਪਟਾਰਾ ਕਰਾਉਣ ਦੀ ਲੋੜ੍ਹ ਹੈ ਕਿਉਂ ਕਿ ਬਾਰ ਬਾਰ ਸੰਘਰਸ਼ ਨਹੀਂ ਕੀਤੇ ਜਾ ਸਕਦੇ।

# ਬਰਬਾਦੀ ਦਾ ਮਨਜ਼ੂਰਸ਼ੁਦਾ ਰਾਹ, ਸਰਕਾਰੀ ਸੱਟਾ!

ਆਈ ਪੀ ਐਲ ਦੇ ਚਲਦੇ ਮੈਚਾਂ ਵਿੱਚ ਕਈ ਦਿਨਾਂ ਤੋਂ ਵਾਰ-ਵਾਰ ਇਕੋ ਤਰਾਂ ਦੀਆਂ ਮਸ਼ਹੂਰੀਆਂ ਵੇਖ-ਵੇਖ ਕੇ ਉਤਸੁਕ ਮੇਰੇ ਭਤੀਜੇ ਨੇ ਮੈਨੂੰ ਪੁੱਛਿਆ, "ਚਾਚਾ, ਆਹ ਡ੍ਰੀਮ ਇਲੈਵਨ, ਐਮ ਪੀ ਐਲ, ਅੱਪਸਟੋਕ ਇਹ ਕਿਸ ਚੀਜ਼ ਦੀਆਂ ਮਸ਼ਹੂਰੀਆਂ ਨੇਂ ? ਧੋਨੀ, ਕੋਹਲੀ, ਰੋਹਿਤ ਸ਼ਰਮਾ ਹੁਰੀਂ ਤੇ ਨਾਲੇ ਸਾਰੇ ਵੱਡੇ-

ਅਸ਼ੋਕ ਸੋਨੀ, ਕਾਲਮਨਵੀਸ
9872705078

ਵੱਡੇ ਹੀਰੋ-ਹੀਰੋਈਨਾਂ ਵੀ ਆਹਦੇ ਨੇ ਇਹ ਤਾਂ ਕੰਮ ਈ ਬੜਾ ਤਕੜਾ ਏ"। ਮੈਂ ਕਿਹਾ,"ਯਾਰ, ਇਹ ਜੂਆ-ਸੱਟਾ ਹੈ। ਮੂਰਖ ਲੋਕ ਜਲਦੀ ਅਮੀਰ ਬਣਨ ਦੇ ਚੱਕਰ ਵਿੱਚ ਇਹਨਾਂ ਕੰਪਨੀਆਂ ਦੇ ਜਾਲ ਵਿੱਚ ਫੱਸ ਕੇ ਆਪਣਾ ਮਿਹਨਤ ਨਾਲ ਕਮਾਇਆ ਪੈਸਾ ਵੀ ਬਰਬਾਦ ਕਰ ਲੈਂਦੇ ਨੇਂ"। "ਚਾਚਾ, ਇਵੇਂ ਥੋੜੀ ਹੋ ਸਕਦਾ ਏ, ਮੈਂ ਪਰਸੋਂ ਸੁਸਾਇਟੀ ਆਲੇ ਗਰਾਉਂਡ 'ਚ ਕ੍ਰਿਕਟ ਖੇਡ ਰਿਹਾ ਸੀ ਤੇ ਉੱਥੇ ਹੀ ਪਿੱਛਲੇ ਪਾਸੇ ਭੋਲੇ ਹੁਰੀਂ ਤਾਸ਼ ਖੇਡਦੇ ਸੀ, ਇਕਦਮ ਨਾਲ ਪੁਲਸ ਦੀ ਗੱਡੀ ਆਈ ਤੇ ਥਾਣੇਦਾਰ ਨੇ ਪਹਿਲਾਂ ਤਾਂ ਤਾਸ਼ ਖੇਡਦਿਆਂ ਸਾਰਿਆਂ ਦੀ ਸਾਡੇ ਸਾਹਮਣੇ ਈ ਰੇਲ ਬਣਾਈ ਤੇ ਨਾਲੇ ਉਹਨਾਂ ਨੂੰ ਥਾਣੇ ਲੈ ਗਏ। ਪੁਲਸ ਆਲੇ ਕਹਿੰਦੇ ਸੀ ਜੂਆ ਖੇਡਣਾ ਜੁਰਮ ਏ, ਫੇਰ ਇਹਨਾਂ ਕੰਪਨੀਆਂ ਨੂੰ ਸਰਕਾਰ ਕਿਉਂ ਨਹੀਂ ਫੜਦੀ। ਇੰਨੇ ਵੱਡੇ-ਵੱਡੇ ਮਸ਼ਹੂਰ ਤੇ ਇਜ਼ੱਤਦਾਰ ਲੋਕ ਜੂਏ ਦੀ ਮਸ਼ਹੂਰੀ ਥੋੜੀ ਕਰਨਗੇ, ਨਾਲੇ ਤੁਸੀਂ ਆਪ ਈ ਤਾਂ ਕਹਿੰਦੇ ਓ, ਸਾਡੇ ਦੇਸ਼ 'ਚ ਕਾਨੂੰਨ ਦਾ ਰਾਜ ਏ"। ਹੁਣ ਮੇਰੇ ਕੋਲ ਕੋਈ ਜਵਾਬ ਨਹੀਂ ਸੀ, ਮੈਂ ਉਹਨੂੰ ਕਿਵੇਂ ਦੱਸਦਾ ਕਿ ਸਾਡੇ ਦੇਸ਼ ਦੀ ਤ੍ਰਾਸਦੀ ਹੈ ਕਿ ਇੱਥੇ ਨਹਿਰ ਤੋਂ ਟੰਬਾ ਵੱਢਣ ਵਾਲੇ ਨੂੰ ਤਾਂ ਥਾਣੇ ਸੁੱਟ ਦਿੱਤਾ ਜਾਂਦਾ ਏ ਜਦਕਿ ਟਰੱਕਾਂ ਦੇ ਟਰੱਕ ਸਰਕਾਰੀ ਲੱਕੜ ਵੇਚਣ ਵਾਲਿਆਂ ਨੂੰ ਸਲੂਟ ਵੱਜਦੇ ਨੇ, ਮੈਂ ਨਮੋਸ਼ੀ ਜਿਹੀ ਮੰਨਦਿਆਂ, ਨੀਂਦ ਦਾ ਬਹਾਨਾ ਲਾ ਕੇ ਕਿਸੇ ਤਰਾਂ ਭਤੀਜੇ ਦੇ ਸਵਾਲਾਂ ਤੋਂ ਖਹਿੜਾ ਛੁਡਾ ਲਿਆ ਪਰ ਲੋਕਾਂ ਨੂੰ ਸ਼ਰੇਆਮ ਜੂਏ ਰਾਹੀਂ ਲੁੱਟਣ ਵਿੱਚ ਸਾਥ ਦੇ ਰਹੀਆਂ ਸਰਕਾਰਾਂ ਤੇ ਇਸ ਸੱਟੇ ਲਈ ਮਸ਼ਹੂਰੀ ਰਾਹੀਂ ਆਮ ਲੋਕਾਂ ਨੂੰ ਬੇਸ਼ਰਮੀ ਨਾਲ ਉਕਸਾਉਣ ਵਾਲੀਆਂ ਸਾਡੇ ਦੇਸ਼ ਦੀਆਂ ਵੱਡੀ-ਵੱਡੀ ਹਸਤੀਆਂ ਕੋਲ ਵੀ ਕੋਈ ਜਵਾਬ ਏ ?

ਸਰਕਾਰ ਵੱਲੋਂ ਇਸ ਤਰਾਂ ਦੇ ਜੂਏ-ਸੱਟੇ ਨੂੰ ਸਰਕਾਰੀ ਮਾਨਤਾ ਦੇਣਾ, ਦੇਸ਼ ਨੂੰ ਵਿਕਾਸ ਦੀ ਰਾਹ ਤੇ ਲਿਜਾਣ ਦੀ ਬਜਾਏ ਸ਼ਰੇਆਮ ਵਿਨਾਸ਼ ਦੀ ਰਾਹ ਤੇ ਲਿਜਾ ਰਿਹਾ ਏ। ਬੜੀ ਹੀ ਸ਼ਰਮ ਦੀ ਗੱਲ ਏ ਕਿ ਸਾਡੇ ਦੇਸ਼ ਦੀ ਨੌਜਵਾਨ ਪੀੜ੍ਹੀ ਜਿੰਨਾਂ ਖਿਡਾਰੀਆਂ ਨੂੰ ਆਪਣਾ ਆਦਰਸ਼ ਮੰਨਦੀ ਏ, ਸਾਡੇ ਦੇਸ਼ ਦੀ ਕ੍ਰਿਕਟ ਦੀ ਰਾਸ਼ਟਰੀ ਟੀਮ ਦਾ ਕਪਤਾਨ ਤੇ ਟੀਮ ਦੇ ਲਗਭਗ ਸਾਰੇ ਨਾਮੀ ਖਿਡਾਰੀ ਪੈਸਿਆਂ ਦੇ ਲਾਲਚ 'ਚ ਟੈਲੀਵਿਜ਼ਨ ਤੇ ਆ ਕੇ ਸ਼ਰੇਆਮ ਇਸ ਸੱਟੇ ਨੂੰ ਪ੍ਰਮੋਟ ਕਰਦੇ ਨੇ। ਮੈਂ ਪਿੱਛਲੇ ਹਫਤੇ ਇਕ ਅਧਿਆਪਕ ਭੈਣ ਦੀ ਭਾਵੁਕ ਕਹਾਣੀ ਲਿਖੀ ਸੀ, ਜਿਸਦੇ ਗੁਰਦੇ ਖਰਾਬ ਹੋ ਚੁੱਕੇ ਸਨ, ਜੋ ਸੋਸ਼ਲ ਮੀਡੀਆ ਤੇ ਬਹੁਤ ਵਾਇਰਲ ਹੋ ਗਈ ਸੀ। ਕੱਲ੍ਹ ਮੈਨੂੰ ਮੱਧ ਪ੍ਰਦੇਸ਼ ਤੋਂ ਇੱਕ ਸ਼ਖਸ ਦਾ ਫੋਨ ਆਇਆ ਕਿ ਮੈਂ ਗੁਰਦਾ ਦੇ ਸਕਦਾ ਹਾਂ ਪਰ ਪੈਸੇ ਲਵਾਂਗਾ, ਮੈਂ ਇਨਕਾਰ ਕਰਦੇ ਹੋਏ ਉਸ ਤੋਂ ਗੁਰਦਾ ਵੇਚਣ ਦਾ ਕਾਰਣ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹ ਸੱਟੇ ਵਿੱਚ ਆਪਣਾ ਸਭ ਕੁੱਝ ਬਰਬਾਦ ਕਰ ਬੈਠਾ ਹੈ ਤੇ ਉਸ ਕੋਲ ਹੁਣ ਕੋਈ ਚਾਰਾ ਨਹੀਂ ਏ। ਦਰਅਸਲ ਇਹ ਸੱਟਾ ਵੀ ਇਕ ਖਤਰਨਾਕ ਨਸ਼ਾ ਏ, ਜਿਸ ਵਿੱਚ ਪਿਆ ਬੰਦਾ ਚਾਹ ਕੇ ਵੀ ਛੱਡ ਨ੍ਹੀਂ ਸਕਦਾ ਕਿਉਂਕਿ ਜਿੱਤਣ ਵਾਲਾ ਹੋਰ ਜਿੱਤਣ ਦੇ ਲਾਲਚ ਵਿੱਚ ਤੇ ਹਾਰਨ ਵਾਲਾ ਆਪਣੇ ਘਾਟੇ ਪੂਰੇ ਕਰਨ ਲਈ ਇਸ ਗੰਦੇ ਚੱਕਰਵਿਊ 'ਚ ਫੱਸ ਜਾਂਦਾ ਹੈ।

ਕ੍ਰਿਕਟ ਦੇ ਸੱਟੇ ਦੇ ਨਾਲ-ਨਾਲ ਸਰਕਾਰ ਵੱਲੋਂ ਟ੍ਰੇਡਿੰਗ ਸੱਟੇ ਨੂੰ ਵੀ ਚੋਰਮੋਰੀ ਰਾਹੀਂ ਦਿੱਤੀ ਮਾਨਤਾ ਬਹੁਤ ਹੀ ਚਿੰਤਾਜਨਕ ਹੈ। ਟ੍ਰੇਡਿੰਗ ਸੱਟੇ ਕਾਰਨ ਲੱਖਾਂ ਘਰ ਬਰਬਾਦ ਹੋ ਚੁੱਕੇ ਹਨ। ਹਰੇਕ ਸ਼ਹਿਰ-ਮੰਡੀ ਵਿੱਚ 'ਡੱਬੇ' ਦੇ ਨਾਮ ਤੋਂ ਮਸ਼ਹੂਰ ਇਸ ਸੱਟੇ ਵਿੱਚ ਫੱਸ ਕੇ ਬਰਬਾਦ ਹੋ ਕੇ ਅਣਗਿਣਤ ਲੋਕ ਆਤਮਹੱਤਿਆ ਤੀਕ ਕਰ ਚੁੱਕੇ ਨੇ। ਹੁਣ ਇਸ ਗੋਰਖਧੰਦੇ



ਨੂੰ ਮਾਨਤਾ ਦੇਣਾ ਤਾਂ ਬਹੁਤ ਹੀ ਖਤਰਨਾਕ ਸਿੱਧ ਹੋਵੇਗਾ। ਦਰਅਸਲ ਇਸ ਸੱਟੇ ਵਿੱਚ ਲੋਕ ਸੋਨਾ, ਚਾਂਦੀ ਜਾਂ ਹੋਰ ਧਾਤਾਂ ਤੇ ਹੋਰ ਬਹੁਤ ਸਾਰੀਆਂ ਵਸਤਾਂ ਦੀਆਂ ਯੂਨਿਟਾਂ ਖਰੀਦਣ-ਵੇਚਣ ਵਿੱਚ ਲੱਗੇ ਰਹਿੰਦੇ ਹਨ। ਜਿਸ ਨੂੰ ਪਹਿਲੇ ਹਿਲੇ ਹੀ ਰਗੜਾ ਲੱਗ ਜਾਵੇ, ਉਹ ਤਾਂ ਟਿੱਕ ਜਾਂਦਾ ਏ ਪਰ ਜਿਸ ਨੂੰ ਪਹਿਲਾਂ ਕੁੱਝ ਆ ਜਾਵੇ ਉਹ ਲਾਲਚ ਵਿੱਚ ਆ ਜਾਂਦਾ ਏ ਤੇ ਅਖੀਰ ਆਪਣਾ ਸਭ ਕੁੱਝ ਬਰਬਾਦ ਕਰਨ ਤੋਂ ਬਾਅਦ ਮਰ ਕੇ ਹੀ ਖਹਿੜਾ ਛੁਡਾਉਂਦਾ ਏ। ਇਸ ਟ੍ਰੇਡਿੰਗ ਸੱਟੇ ਨੇ ਮੇਰਾ ਇਕ ਪੂਰੀ ਤਰਾਂ ਨਾਲ ਖੁਸ਼ਹਾਲ ਤੇ ਭੋਲਾ-ਭਾਲਾ ਨਜ਼ਦੀਕੀ ਰਿਸ਼ਤੇਦਾਰ, ਆਪਣੇ ਜਾਲ ਵਿੱਚ ਲੈ ਕੇ ਬਰਬਾਦ ਕਰਨ ਤੋਂ ਬਾਅਦ ਸਾਡੇ ਕੋਲੋਂ ਹਮੇਸ਼ਾ ਲਈ ਖੋਹ ਲਿਆ ਹਾਲਾਂਕਿ ਵੇਖਣ ਨੂੰ ਤਾਂ ਇਹ ਆਤਮਹੱਤਿਆ ਸੀ ਪਰ ਅਸਲ ਵਿੱਚ ਇਹ ਟ੍ਰੇਡਿੰਗ ਸੱਟੇ ਰਾਹੀ ਕੀਤਾ ਗਿਆ ਕਤਲ ਹੀ ਸੀ।

ਸਾਥਿਓ, ਜੂਏ-ਸੱਟੇ ਨਾਲ ਅੱਜ ਤੱਕ ਕਿਸੇ ਵੀ ਘਰ ਵਿੱਚ ਖੁਸ਼ਹਾਲੀ ਨਹੀਂ ਆਈ ਏ ਪਰ ਇਸ ਖਤਰਨਾਕ ਬੀਮਾਰੀ ਨੇ ਘਰਾਂ ਦੇ ਘਰ ਬਰਬਾਦ ਕੀਤੇ ਨੇ। ਮਿਹਨਤ ਤੋਂ ਬਿਨਾਂ ਕਮਾਇਆ ਪੈਸਾ ਜਿਆਦਾਤਰ ਅਨੈਤਿਕ ਕੰਮਾਂ ਵਾਸਤੇ ਈ ਖਰਚ ਹੁੰਦਾ ਹੈ। ਇਸ ਲਈ ਜੇਕਰ ਕਿਸੇ ਨੂੰ ਸੱਟੇ ਰਾਹੀਂ ਇਕ-ਅੱਧੀ ਵਾਰ ਕੁੱਝ ਪੈਸੇ ਆ ਵੀ ਜਾਣ ਤਾਂ ਵੀ ਉਹ ਪੈਸੇ ਤੁਹਾਡਾ ਫਾਇਦਾ ਘੱਟ ਤੇ ਨੁਕਸਾਨ ਹੀ ਵੱਧ ਕਰਨਗੇ।

ਸਰਕਾਰਾਂ ਦਾ ਕੰਮ ਤਾਂ ਲੋਕਾਂ ਨੂੰ ਨੈਤਿਕਤਾ ਤੇ ਮਿਹਨਤ ਨਾਲ ਜਿੰਦਗੀ ਜਿਉਣ ਦੇ ਲਈ ਪ੍ਰੇਰਿਤ ਕਰਨਾ ਤੇ ਉਨਾਂ ਦਾ ਵਿਕਾਸ ਕਰਨਾ ਏ ਤੇ ਇਸ ਤਰਾਂ ਦੀਆਂ ਅਨੈਤਿਕ ਅਲਾਮਤਾਂ ਦਾ ਅੰਤ ਕਰਨਾ ਹੁੰਦਾ ਏ ਪਰ ਸਾਡੀਆਂ ਸਰਕਾਰਾਂ ਦਾ ਹਾਲ ਵੇਖ ਲਓ। ਅਖੇ ਕ੍ਰਿਕਟ ਤੇ ਸੱਟਾ ਵੱਧ ਗਿਆ ਏ, ਚਲੋ ਵਿਦੇਸ਼ੀ ਕੰਪਨੀਆਂ ਨੂੰ ਮਾਨਤਾ ਦੇ ਕੇ ਇਹਦੇ ਚੋਂ ਈ ਟੈਕਸ ਕਮਾ ਲਵੋ, ਸ਼ਰਮ ਕਰੋ ਸਰਕਾਰ ਜੀ, ਸ਼ਰਮ ਕਰੋ। ਮੇਰੀ ਬੇਨਤੀ ਏ ਦੇਸ਼ ਦੀਆਂ ਵੱਡੀਆਂ-ਵੱਡੀਆਂ ਸ਼ਖਸੀਅਤਾਂ ਨੂੰ, ਜੋ ਇਸ ਸੱਟੇ ਦੀ ਮਸ਼ਹੂਰੀ ਕਰ ਰਹੀਆਂ ਨੇ ਕਿ ਤੁਹਾਡੇ ਕੋਲ ਪੈਸੇ ਦੀ ਕੋਈ ਘਾਟ ਨਹੀਂ ਏ, ਤੁਸੀਂ ਚਾਰ ਛਿੱਲੜਾਂ ਲਈ ਇਸ ਤਰਾਂ ਦੇ ਅਨੈਤਿਕ ਕੰਮ ਦੀ ਮਸ਼ਹੂਰੀ ਕਰਕੇ ਆਪਣੇ ਅਨਮੋਲ ਅਕਸ ਨੂੰ ਕਿਉਂ ਢਾਹ ਲਾ ਰਹੇ ਹੋ, ਤੁਹਾਡਾ ਇਸ ਲਾਹਣਤੀ ਕਾਰੇ ਨੂੰ ਕਿਸੇ ਵੀ ਤਰਾਂ ਦੀਆਂ ਦਲੀਲਾਂ ਨਾਲ ਜਾਇਜ ਨ੍ਹੀਂ ਠਹਿਰਾਇਆ ਜਾ ਸਕਦਾ। ਮੈਂ ਆਸ ਕਰਦਾ ਹਾਂ ਕਿ ਸਰਕਾਰ ਤੁਰੰਤ ਇਸ ਸਰਕਾਰੀ ਕ੍ਰਿਕਟ ਸੱਟੇ ਤੇ ਟ੍ਰੇਡਿੰਗ ਸੱਟੇ ਤੇ ਸਖਤੀ ਨਾਲ ਪਾਬੰਦੀ ਲਗਾਵੇਗੀ ਤਾਂ ਜੋ ਸਮਾਜ ਨੂੰ ਅਨੈਤਿਕ ਰਾਹਾਂ ਤੇ ਤੁਰਨ ਤੋਂ ਰੋਕਿਆ ਜਾ ਸਕੇ।

## (14 ਅਪਰੈਲ ਗੁਰਿਆਈ ਦਿਵਸ)

# ਗੁਰੂ ਤੇਗ ਬਹਾਦਰ ਬੋਲਿਆ ...



ਮਨੁੱਖਤਾ ਦੇ ਰਹਿਬਰ ਸ੍ਰੀ ਗੁਰੁ ਨਾਨਕ ਦੇਵ ਜੀ ਦੁਆਰਾ ਨਿਰਮਲ ਪੰਥ ਦੇ ਰੂਪ ਵਿਚ ਚਲਾਇਆ ਗਿਆ ਸਿੱਖ ਧਰਮ ਸੰਸਾਰਿਕ ਅਤੇ ਪਰਿਵਾਰਕ (ਗ੍ਰਹਿਸਥ ਪ੍ਰਧਾਨ) ਧਰਮ ਹੈ।ਜਗਤ ਗੁਰੂ ਨੇ ਆਪਣੀ ਅਣਥੱਕ ਘਾਲਣਾ ਅਤੇ ਸਰਵ-ਹਿੱਤਕਾਰੀ ਸੋਚ ਨਾਲ ਦੁਨੀਆਂ ਨੂੰ ਇੱਕ ਅਜਿਹੀ ਜੀਵਨ-ਜੁਗਤ ਦਿੱਤੀ ਹੈ ਜਿਸ ਨੂੰ ਤਨੋਂ-ਮਨੋਂ ਅਪਨਾਉਣ ਅਤੇ ਕਮਾਉਣ ਨਾਲ ਕੋਈ ਵੀ ਬਸ਼ਰ ਆਪਣੇ ਲੋਕ ਅਤੇ ਪ੍ਰਲੋਕ ਨੂੰ ਸੰਵਾਰ ਸਕਦਾ ਹੈ।ਸਿੱਖ ਧਰਮ ਵਿਚ ਪ੍ਰਲੋਕ ਨੂੰ ਸੰਵਾਰਨ ਤੋਂ ਪਹਿਲਾਂ ਲੋਕ ਨੂੰ ਸੰਵਾਰਨ ਅਤੇ ਲੋਕ ਨੂੰ ਸੰਵਾਰਨ ਤੋਂ ਪਹਿਲਾਂ ਨਿੱਜ ਨੂੰ ਸੰਵਾਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਸਿਧਾਂਤਕ ਅਤੇ ਵਿਵਹਾਰਕ ਰੂਪ ਵਿਚ ਸਰਬਤ ਦਾ ਭਲਾ ਮੰਗਣਾ ਕੇਵਲ ਸਿੱਖ ਧਰਮ ਦੇ ਹਿੱਸੇ ਵਿਚ ਹੀ ਆਇਆ ਹੈ।ਬੇਸ਼ੱਕ ਸੰਸਾਰ ਦੇ ਬਾਕੀ ਧਰਮ ਵੀ ਮਾਨਵ-ਹਿੱਤੂ ਹੋਣ ਦੀ ਹਾਮੀ ਭਰਦੇ ਹਨ ਪਰ ਜਿਹੜਾ ਕਲਾਵਾ ਸਿੱਖ ਗੁਰੁ ਸਾਹਿਬਾਨ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ ਨੇ ਸਮੇਂ-ਸਮੇਂ ਭਰਿਆ ਹੈ ਉਸ ਵਿਚ ਗ਼ੈਰ ਸਿੱਖਾਂ ਦੇ ਸਮਾਅ ਜਾਣ ਦੀ ਗੁੰਜ਼ਾਇਸ਼ ਵੀ ਬਰਾਬਰ ਰਹੀ ਹੈ।ਇਸ ਬਰਾਬਰਤਾ ਦਾ ਆਧਾਰ 'ਤੂੰ ਕਿਸੈ ਨ ਦਿਸੈ ਬਾਹਰਾ ਜੀਓ' ਦਾ ਸਿਧਾਂਤ ਹੈ ਜਿਹੜਾ ਪਰਉਪਕਾਰ ਦੀ ਭਾਵਨਾ ਦਾ ਜਨਮਦਾਤਾ ਹੈ ਅਤੇ ਇਹ ਭਾਵਨਾ ਸਿੱਖੀ ਸੋਚ ਦਾ ਕੇਂਦਰੀ ਬਿੰਦੂ ਰਹੀ ਹੈ।ਇਹ ਭਾਵਨਾ ਏਨੀ ਬਲਵਾਨ ਰਹੀ ਹੈ ਕਿ ਇਸ ਦੇ ਪ੍ਰਭਾਵ ਹੇਠ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਸਮੇਂ-ਸਮੇਂ ਸ਼ਹਾਦਤ ਦੇ ਜਾਮ ਵੀ ਪੀਣੇ ਪਏ ਹਨ।

ਸ਼ਹੀਦਾਂ ਦੇ ਸਿਰਤਾਜ ਹੋਣ ਦਾ ਮਾਣ ਭਾਵੇਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹਾਸਲ ਹੈ ਪਰ ਪਰਉਪਕਾਰ ਦੀ ਭਾਵਨਾ ਤਹਿਤ ਸ਼ਹੀਦ ਹੋਣ ਦਾ ਮਾਣ ਉਨ੍ਹਾਂ ਦੇ ਪੋਤੇ ਸ੍ਰੀ ਗੁਰੂ ਤੇਗ ਬਹਾਦਰ ਨੂੰ ਜਾਂਦਾ ਹੈ।

ਹਿੰਦੋਸਤਾਨ ਦੇ ਹਾਕਮ ਔਰੰਗਜ਼ੇਬ ਦੇ ਹੁਕਮ ਉਪਰ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫ਼ਗਾਨ ਨੇ ਜਦੋਂ ਕਸ਼ਮੀਰ ਦੇ ਪੰਡਤਾਂ 'ਤੇ ਅਕਹਿ ਅਤੇ ਅਸਹਿ ਜ਼ੁਲਮ ਕਰਨੇ ਸ਼ੁਰੂ ਕੀਤੇ ਤਾਂ ਕਿਸੇ ਨੇ ਵੀ ਉਨ੍ਹਾਂ ਦੀ ਬਾਂਹ ਨਹੀਂ ਫੜੀ।ਥੱਕ ਹਾਰ ਕੇ ਉਨ੍ਹਾਂ ਨੇ ਸ੍ਰੀ ਆਨੰਦਪੁਰ ਸਾਹਿਬ ਦਾ ਰਾਹ ਫੜਿਆ ਲਿਆ ਅਤੇ ਨੌਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਕੋਲ ਆ ਫ਼ਰਿਆਦੀ ਹੋਏ। ਉਨ੍ਹਾਂ

**-ਰਮੇਸ਼ ਬੱਗਾ ਚੋਹਲਾ**
**91-94631-32719**

ਦੀ ਫ਼ਰਿਆਦ ਸੁਣ ਕੇ ਗੁਰੂ ਸਾਹਿਬ ਅਜੇ ਕੁੱਝ ਸੋਚ ਹੀ ਰਹੇ ਸਨ ਕਿ ਇਸ ਸਮੇਂ ਦੌਰਾਨ ਬਾਲ ਗੋਬਿੰਦ ਰਾਇ ਜੀ ਵੀ ਉਥੇ ਪਹੁੰਚ ਗਏ। ਉਦਾਸ ਬੈਠੇ ਪੰਡਤਾਂ ਨੂੰ ਦੇਖ ਕੇ ਪੁੱਛਣ ਲੱਗੇ-
'ਪਿਤਾ ਜੀ! ਇਹ ਕੌਣ ਲੋਕ ਹਨ ਜੋ ਉਦਾਸ ਬੈਠੇ ਹਨ?' 'ਇਹ ਕਸ਼ਮੀਰ ਦੇ ਵਿਦਵਾਨ ਲੋਕ ਹਨ।'
ਗੁਰੂ ਸਾਹਿਬ ਨੇ ਜਵਾਬ ਦਿੱਤਾ।
'ਇਹ ਇਥੇ ਕਿਉਂ ਆਏ ਹਨ?'
ਬਾਲ ਗੋਬਿੰਦ ਰਾਇ ਨੇ ਸਵਾਲੀਆ ਨਜ਼ਰਾਂ ਨਾਲ ਕਿਹਾ।

'ਪੁੱਤਰ ਜੀ! ਦਿੱਲੀ ਦਾ ਹਾਕਮ ਔਰੰਗਜ਼ੇਬ ਇਨ੍ਹਾਂ ਦੇ ਧਾਰਮਿਕ ਸਥਾਨਾਂ (ਮੰਦਰਾਂ) ਅਤੇ ਧਾਰਮਿਕ ਚਿੰਨ੍ਹਾਂ (ਤਿਲਕ, ਜੰਞੂ ਅਤੇ ਟਿੱਕਾ) ਦੀ ਬੇਅਦਬੀ ਕਰ ਰਿਹਾ ਹੈ,ਇਹ ਇੱਥੇ ਇਸ ਕਰਕੇ ਆਏ ਹਨ ਕਿ ਇਨ੍ਹਾਂ ਦੇ ਧਰਮ ਦੀ ਰਾਖੀ ਕੀਤੀ ਜਾਵੇ।'

ਗੁਰੂ ਸਾਹਿਬ ਨੇ ਕਸ਼ਮੀਰੀ ਪੰਡਤਾਂ ਦੀ ਆਮਦ ਦਾ ਸਬੱਬ ਬਿਆਨਦੇ ਹੋਏ ਕਿਹਾ।
'ਪਿਤਾ ਜੀ ਫਿਰ ਰਾਖੀ ਹੋਵੇਗੀ ਕਿ ਨਹੀਂ?'
'ਪੁੱਤਰ ਜੀ! ਇਨ੍ਹਾਂ ਦੇ ਧਰਮ ਦੀ ਰਾਖੀ ਲਈ ਕਿਸੇ ਮਹਾਨ-ਪੁਰਖ ਦੀ ਕੁਰਬਾਨੀ ਦੀ ਲੋੜ ਹੈ ਜੋ ਆਪਣਾ ਬਲੀਦਾਨ ਦੇ ਕੇ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਠੱਲ੍ਹ ਪਾ ਸਕੇ।' 'ਪਿਤਾ ਜੀ ! ਉਹ ਮਹਾਨ-ਪੁਰਖ ਤੁਹਾਡੀ ਨਜ਼ਰ ਵਿਚ ਹੈ ਕਿ ਜਾਂ ਫਿਰ ਮੈਂ ਦੱਸ ਦਿਆਂ।' 'ਪੁੱਤਰ ਚੱਲ ਫਿਰ ਤੂੰ ਹੀ ਦੱਸ ਦੇ।'

'ਪਿਤਾ ਜੀ! ਉਹ ਮਹਾਨ-ਪੁਰਖ ਤੁਹਾਡੇ ਤੋਂ ਵੱਧ ਕੇ ਭਲਾ ਹੋਰ ਕੌਣ ਹੋ ਸਕਦਾ ਹੈ।' 'ਬੱਚਾ ! ਦੇਖ ਲੈ ਤੂੰ ਅਨਾਥ ਹੋ ਜਾਵੇਂਗਾ।' 'ਪਿਤਾ ਜੀ! ਜੇਕਰ ਹਿੰਦੋਸਤਾਨ ਦੇ ਹਜ਼ਾਰਾਂ ਬੱਚੇ ਅਨਾਥ ਹੋਣ ਤੋਂ ਬਚ ਜਾਣ ਤਾਂ ਮੇਰੇ ਇੱਕ ਦੇ ਅਨਾਥ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ।'

ਇੱਕ ਪੌਣੇ ਕੁ ਨੌ ਸਾਲ ਦੇ ਬਾਲ ਦੇ ਮੁਖ਼ਾਰਬਿੰਦ 'ਚੋਂ ਨਿਕਲੇ ਇਹ ਵਾਕ ਸਿੱਖੀ ਸੋਚ ਵਿਚਲੀ ਪਰਉਪਕਾਰੀ ਭਾਵਨਾ ਦੀ ਸਿਖਰ ਸਨ ਜਿਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਨੌਵੇਂ ਪਾਤਸ਼ਾਹ ਨੂੰ ਆਪਣਾ ਬਲੀਦਾਨ ਦੇਣਾ ਪਿਆ। ਇਹ ਬਲੀਦਾਨ ਗੁਰੂ ਘਰ ਦੀ ਉਸ ਵਚਨਬੱਧਤਾ ਨੂੰ ਵੀ ਸਾਰਥਿਕ ਕਰਦਾ ਹੈ ਜਿਸ ਕਿਹਾ ਗਿਆ ਹੈ:-
ਗੁਰੂ ਤੇਗ ਬੋਲਿਆ ਧਰ ਪਾਈਏ ਧਰਮ ਨਾ ਛੋੜੀਐ'
'ਬਾਹਿ ਜਿਨਾ ਦੀ ਪਕੜੀਐ ਸਿਰ ਦੀਜੈ ਬਾਹਿ ਨ ਛੋੜੀਐ'

## ਸੀਸ ਤਲੀ 'ਤੇ ਧਰਕੇ ਗੁਰੂ ਪ੍ਰਤੀ ਮੋਹ ਦਿਖਾਉਣ ਵਾਲਾ

# ਪਿਆਰਾ ਭਾਈ ਮੋਹਕਮ ਸਿੰਘ ...



ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਲੋਧੀ ਦੀ ਧਰਤੀ 'ਤੇ ਇਕਾਂਤਵਾਸ ਹੋ ਕੇ 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ' (ਮਾਨਵੀ ਬਰਾਬਰੀ) ਦਾ ਜਿਹੜਾ ਨਾਅਰਾ ਲਗਾਇਆ ਸੀ,ਉਸ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਉਨ੍ਹਾਂ ਨੂੰ ਦੇਸ਼-ਵਿਦੇਸ਼ ਦੀ ਯਾਤਰਾਵਾਂ (ਉਦਾਸੀਆਂ) ਕਰਨੀਆਂ ਪਈਆਂ।ਇਨ੍ਹਾਂ ਯਾਤਰਾਵਾਂ ਦੌਰਾਨ ਜਿਹੜਾ ਵੀ ਉਨ੍ਹਾਂ ਨੂੰ ਕੁਰਾਹੀਆ, ਭਟਕਿਆ ਜਾਂ ਧਰਮ ਦੀ ਲੀਹ ਤੋਂ ਲੱਥਾ ਹੋਇਆ ਮਿਲਿਆ ਗੁਰੂ ਸਾਹਿਬ ਨੇ ਨਾ ਸਿਰਫ਼ ਨੂੰ ਉਸ ਨੂੰ ਲੀਹ 'ਤੇ ਹੀ ਲਿਆਂਦਾ ਸਗੋਂ ਉਸ ਨੂੰ ਇੱਕ ਅਜਿਹੇ ਮਾਰਗ ਨਾਲ ਵੀ ਜੋੜਿਆ ਜਿਹੜਾ ਦੁਨੀਆਂ ਵਿਚ ਰਹਿ ਕੇ ਸੱਚ ਕਮਾਉਣ ਅਤੇ ਇਸ ਕਮਾਈ ਦੀ ਬਾਦੌਲਤ ਪ੍ਰਭੂ ਨੂੰ ਭਾਉਣ ਵੱਲ ਲੈ ਜਾਂਦਾ ਹੈ।ਇਸ ਤਰ੍ਹਾਂ ਦੀ ਕਮਾਈ ਕਰਨ ਵਾਲਿਆਂ ਵਿਚ ਹੀ ਸ਼ਾਮਿਲ ਹੈ, ਗੁਜ਼ਰਾਤ ਰਾਜ ਦੇ ਸ਼ੌਰਾਸ਼ਟਰ ਇਲਾਕੇ ਵਿਚ ਪੈਂਦੇ ਬੇਟ ਦੁਆਰਕਾ ਦੇ ਵਸਨੀਕ ਭਾਈ ਤੀਰਥ ਰਾਮ ਦਾ ਨਾਮ।

ਸਮੁੰਦਰ ਦੇ ਕਿਨਾਰੇ 'ਤੇ ਵੱਸੇ ਇਸ ਇਲਾਕੇ ਵਿਚ ਰਹਿਣ ਵਾਲੇ ਭਾਈ ਤੀਰਥ ਰਾਮ ਛੀਂਬਾ ਅਤੇ ਮਾਤਾ ਦੇਵਕੀ ਜੀ ਦਾ ਪਰਿਵਾਰ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ-ਦੀਦਾਰ ਕਰਕੇ ਸਿੱਖੀ-ਸੋਚ ਨਾਲ ਪੱਕੇ ਤੌਰ 'ਤੇ ਜੁੜ ਚੁੱਕਾ ਸੀ। ਸਮੇਂ-ਸਮੇਂ ਸਿੱਖ ਰਹਿਬਰਾਂ ਦੇ ਸਰੀਰਕ ਜਾਮੇ ਭਾਵੇਂ ਬਦਲਦੇ ਰਹੇ ਪਰ ਜੋਤ (ਸਿਧਾਂਤ) ਦੀ ਇਕਸਾਰਤਾ ਬਣੀ ਰਹੀ। ਇਸ ਇਕਸਾਰਤਾ ਕਾਰਨ ਹੀ ਇਸ ਪਰਿਵਾਰ ਵਿਚ ਪੈਦਾ ਹੋਇਆ ਪਿਆਰਾ ਭਾਈ ਮੋਹਕਮ ਸਿੰਘ ਵੀ ਤਨ ਅਤੇ ਮਨ ਨਾਲ ਗੁਰੂ ਘਰ ਨੂੰ ਸਮਰਪਿਤ ਰਿਹਾ ਹੈ। ਕਲਗੀਧਰ ਪਿਤਾ ਤੋਂ ਥਾਪੜਾ (ਅੰਮ੍ਰਿਤ ਪਾਨ ਕਰਕੇ) ਲੈ ਕੇ ਉਹ ਜੀਵਿਆ ਵੀ ਸਿੱਖੀ ਲਈ ਹੈ ਅਤੇ (ਸ਼ਹੀਦ ਹੋ ਕੇ) ਮਰਿਆ ਵੀ ਸਿੱਖੀ ਲਈ ਹੈ।

1699 ਈ.ਦੀ ਵਿਸਾਖੀ ਵਾਲੇ ਦਿਨ ਸੀਸ ਤਲੀ 'ਤੇ ਰੱਖ ਕੇ ਦਸਵੇਂ ਪਾਤਸ਼ਾਹ ਦੇ ਦਿਲ ਵਿਚ ਪਿਆਰੇ ਦਾ ਸਥਾਨ ਬਣਾਉਣ ਵਾਲੇ ਭਾਈ ਮੋਹਕਮ ਸਿੰਘ ਦਾ ਜਨਮ 17 ਮਾਰਚ 1676 ਈ. ਨੂੰ ਭਾਈ ਤੀਰਥ ਰਾਮ ਅਤੇ ਮਾਤਾ ਦੇਵਕੀ ਜੀ ਦੇ ਗ੍ਰਹਿ ਵਿਖੇ ਹੋਇਆ।ਇੱਕ ਇਤਿਹਾਸਕ ਵੱਖਰੇਵੇਂ ਮੁਤਾਬਿਕ ਜਨਮ ਦੀ ਤਰੀਕ 1679 ਈ. ਅਤੇ ਮਾਤਾ ਦਾ ਨਾਮ ਸੰਭਾਲੀ ਤੇ ਪਿਤਾ ਦਾ ਨਾਮ ਜਗਜੀਵਨ ਵੀ ਲਿਖਿਆ ਗਿਆ ਹੈ।

ਧਰਮ ਦੀ ਖ਼ਾਤਰ ਆਪਾ ਨਿਛਾਵਰ ਕਰ ਦੇਣ ਵਾਲੇ ਇਸ ਪਿਆਰੇ ਦਾ ਮੁੱਢਲਾ ਨਾਮ ਮਕਮ ਚੰਦ ਸੀ। ਗੁਜ਼ਰਾਤੀ ਬੋਲੀ ਵਿਚ ਇਸ ਦੇ ਅਰਥ ਹਨ ਮਜ਼ਬੂਤ ਇਰਾਦੇ ਵਾਲਾ ਮਨੁੱਖ।ਮਕਮ ਚੰਦ ਦੇ ਬਚਪਨ ਦਾ ਵਧੇਰਾ ਸਮਾਂ ਦਵਾਰਕਾ ਬੇਟ ਵਿਚ ਹੀ ਬਤੀਤ ਹੋਇਆ। ਉਮਰ ਦੇ ਪਹਿਲੇ ਦਹਾਕੇ ਦੇ ਅਖੀਰ ਵਿਚ ਉਹ ਸ੍ਰੀ ਆਨੰਦਪੁਰ ਸਾਹਿਬ ਆ ਗਿਆ। ਇਥੇ ਆ ਕੇ ਜਦੋਂ ਉਸ ਨੇ ਦਸਵੇਂ ਪਾਤਸ਼ਾਹ ਦੇ ਦਰਸ਼ਨ-ਦੀਦਾਰੇ ਕੀਤੇ ਤਾਂ ਇੱਥੋਂ ਦੇ ਹੀ ਹੋ ਕਿ ਰਹਿ ਗਿਆ।ਜਿਵੇਂ-ਜਿਵੇਂ ਮਕਮ ਚੰਦ ਜਵਾਨ ਹੋ ਰਿਹਾ ਸੀ, ਤਿਵੇਂ-ਤਿਵੇਂ ਉਹ ਸਿੱਖੀ ਦੀ ਮੀਰੀ-ਪੀਰੀ (ਸ਼ਸਤਰ ਤੇ ਸ਼ਾਸਤਰ) ਵਾਲੀ ਧਾਰਾ ਨਾਲ ਵੀ ਜੁੜੀ ਜਾ ਰਿਹਾ ਸੀ। ਇਸ ਧਾਰਾ ਨਾਲ ਜੁੜਨ ਕਰਕੇ ਹੀ ਭਾਈ ਮਕਮ/ਮੋਹਕਮ ਚੰਦ ਉਨ੍ਹਾਂ ਮਰਜੀਵੜਿਆਂ ਦੀ ਕਤਾਰ ਵਿਚ ਸ਼ਾਮਿਲ ਹੋ ਗਿਆ ਜਿਨ੍ਹਾਂ ਨੂੰ ਬਾਜ਼ਾਂ ਵਾਲੇ ਮਾਹੀ ਨੇ ਵਿਸਾਖੀ ਦੇ ਦਿਹਾੜੇ ਆਪਣੀ ਤੇਗ਼ ਦੀ ਪਿਆਸ ਬੁਝਾਉਣ ਲਈ ਵੰਗਾਰਿਆ ਸੀ। ਇਸ ਪ੍ਰੀਖਿਆ ਨਾਲ ਜਿਥੇ ਗੁਰੂ ਨੇ ਆਪਣੇ ਪਿਆਰਿਆਂ ਦੀ ਸਿਦਕਦਿਲੀ ਨੂੰ ਪਰਖਿਆ ਉਥੇ ਨਾਲ ਹੀ ਉਨ੍ਹਾਂ ਵਿਚਲੀ ਸਮਰਪਣ ਦੀ ਭਾਵਨਾ ਵੀ ਬਾਹਰ ਲੈ ਆਂਦੀ। ਉਨ੍ਹਾਂ ਪੰਜਾਂ ਦੀ ਇਸ ਸੱਚੀ ਤੇ ਸੁੱਚੀ ਭਾਵਨਾ ਨਾਲ ਹੀ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ ਸਾਜਨਾ ਦੇ ਇੱਕ ਅਨੋਖ਼ੇ ਅਤੇ ਔਖੇ ਅਮਲ ਨੂੰ ਨੇਪਰੇ ਚਾੜ੍ਹਿਆ ਅਤੇ ਕੌਮ ਵਿਚੋਂ ਕਾਇਰਤਾ ਦੇ ਵਰਕੇ ਨੂੰ ਪਾੜਿਆ। ਇਸ ਦਿਨ ਗੁਰੂ ਸਾਹਿਬ ਕੋਲੋਂ ਖੰਡੇ-ਬਾਟੇ ਦੀ ਪਾਹੁਲ ਲੈ ਕੇ ਭਾਈ ਮਕਮ ਚੰਦ ਮੋਹਕਮ ਸਿੰਘ (ਸ਼ੇਰ) ਬਣ ਗਿਆ। ਇਸ ਤੋਂ ਬਾਅਦ ਉਹ ਖ਼ਾਲਸਾ ਪੰਥ ਦਾ ਅਨਿੱਖੜਵਾਂ ਅੰਗ ਬਣ ਗਿਆ। ਭਾਈ ਮੋਹਕਮ ਸਿੰਘ ਦੇ ਗ੍ਰਹਿਸਥੀ ਜੀਵਨ ਬਾਰੇ ਬਹੁਤੇ ਇਤਿਹਾਸਕਾਰ ਚੁੱਪ ਹੀ ਹਨ ਸਿਰਫ਼ ਇੱਕ ਲਿਖਾਰੀ ਬੇਅੰਤ ਸਿੰਘ ਨੇ ਆਪਣੀ ਕਿਤਾਬ 'ਵਾਰਤਿਕ ਜੀਵਨ ਭਾਈ ਮੋਹਕਮ ਸਿੰਘ' ਵਿਚ ਉਨ੍ਹਾਂ ਦੇ ਵਿਆਹੁਤਾ ਜੀਵਨ ਦਾ ਹਵਾਲਾ ਦਿੱਤਾ ਹੈ। ਇਸ ਹਵਾਲੇ ਦੇ ਅਨੁਸਾਰ ਭਾਈ ਸਾਹਿਬ ਦਾ ਆਨੰਦ ਕਾਰਜ ਬੀਬੀ ਸੁਖਦੇਵ ਕੌਰ ਨਾਲ ਹੋਇਆ ਸੀ ਅਤੇ ਉਸ ਦੀ ਕੁੱਖੋਂ ਦੋ ਪੁੱਤਰ ਭਾਈ ਸੁੰਦਰ ਸਿੰਘ ਤੇ ਹੀਰਾ ਸਿੰਘ ਅਤੇ ਇੱਕ ਧੀ ਰਤਨਾਗਰ ਕੌਰ ਪੈਦਾ ਹੋਈ ਸੀ।ਜੇਕਰ ਇਸ ਹਵਾਲੇ ਦੀ ਰੋਸ਼ਨੀ ਵਿਚ ਗੱਲ ਕੀਤੀ ਜਾਵੇ ਤਾਂ ਵੀ ਉਨ੍ਹਾਂ ਨੇ ਆਪਣੇ ਪਰਿਵਾਰਕ-ਪ੍ਰੇਮ ਨੂੰ ਗੁਰੁ-ਪ੍ਰੇਮ ਉਪਰ ਹਾਵੀ ਨਹੀਂ ਹੋਣ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਰਹਿ ਕੇ ਜਿਨੇ ਵੀ ਧਰਮ-ਯੁੱਧ ਲੜੇ ਹਨ,ਪਿਆਰਾ ਭਾਈ ਮੋਹਕਮ ਸਿੰਘ ਉਨ੍ਹਾਂ ਵਿਚ ਮੁਹਰਲੀ ਕਤਾਰ ਵਿਚ ਰਿਹਾ ਹੈ।

ਕਿਲ੍ਹਾ ਲੋਹਗੜ੍ਹ ਦਾ ਜੰਗ, ਜੋ ਸਾਹਿਬਜ਼ਾਦਾ ਅਜੀਤ ਸਿੰਘ ਦੀ ਅਗਵਾਈ ਵਿਚ,ਪਹਾੜੀ ਰਾਜਿਆਂ ਨਾਲ ਲੜਿਆ ਗਿਆ ਸੀ, ਭਾਈ ਮੋਹਕਮ ਸਿੰਘ ਨੇ ਉਸ ਵਿਚ ਸਾਹਿਬਜ਼ਾਦੇ ਦਾ ਡੱਟਵਾਂ ਸਾਥ ਦਿੱਤਾ ਸੀ ਅਤੇ ਵੈਰੀਆਂ ਦੇ ਚੰਗੇ ਆਹੂ ਲਾਹੇ ਸਨ। ਨਿਰਮੋਹ ਗੜ੍ਹ ਦੀ ਲੜ੍ਹਾਈ ਵਿਚ ਵੀ ਭਾਈ ਮੋਹਕਮ ਸਿੰਘ ਨੇ ਆਪਣੀ ਤਲਵਾਰ ਦੇ ਚੰਗੇ ਜ਼ੋਹਰ ਦਿਖਾਏ ਸਨ ਅਤੇ ਪਹਾੜੀਆਂ ਨੂੰ ਭਾਜੜਾਂ ਪਾਈਆਂ ਸਨ।

ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਵਿਚ ਅੱਠ ਪੋਹ ਦੀ ਰਾਤ ਨੂੰ ਦਸਵੇਂ ਪਾਤਸ਼ਾਹ ਅਤੇ ਉਨ੍ਹਾਂ ਦੇ ਚਾਲੀ ਸਿਦਕੀ ਸਿੱਖਾਂ ਵੱਲੋਂ ਲੜੀ ਗਈ ਦੁਨੀਆਂ ਦੀ ਅਸਾਂਵੀ ਜੰਗ ਵਿਚ ਵੀ ਭਾਈ ਮੋਹਕਮ ਸਿੰਘ ਦਾ ਵੱਡਮੁੱਲਾ ਯੋਗਦਾਨ ਰਿਹਾ ਹੈ। ਇਸ ਯੋਗਦਾਨ ਬਾਰੇ ਲਿਖਾਰੀ ਸੰਤੋਖ ਸਿੰਘ ਲਿਖਦਾ ਹੈ ਕਿ ਭਾਈ ਮੋਹਕਮ ਸਿੰਘ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਮੈਨੂੰ ਇਕੱਲੇ ਨੂੰ ਹੀ ਮੈਦਾਨੇ ਜੰਗ ਵਿਚ ਜਾ ਕੇ ਜੂਝਣ ਦੀ ਆਗਿਆ ਦਿੱਤੀ ਜਾਵੇ। ਗੁਰੂ ਸਾਹਿਬ ਨੇ ਜਦੋਂ ਇਹ ਆਗਿਆ ਬਖ਼ਸ਼ ਦਿੱਤੀ ਤਾਂ ਭਾਈ ਸਾਹਿਬ ਜੈਕਾਰਾ ਛੱਡ ਕੇ ਇਕੱਲੇ ਹੀ ਗੜ੍ਹੀ 'ਚੋਂ ਬਾਹਰ ਨਿਕਲ ਗਏ। ਅਣਗਿਣਤ ਵੈਰੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਆਪ ਵੀ ਲਹੂ-ਲਹਾਨ ਹੋ ਗਏ ਅਤੇ ਦੁਸ਼ਮਣ ਦਲ ਵੱਲੋਂ ਚਲਾਈਆਂ ਸੈਂਕੜੇ ਗੋਲੀਆਂ ਨਾਲ ਪੰਥ ਨੂੰ ਆਖ਼ਰੀ ਫ਼ਤਿਹ (ਸ਼ਹੀਦ ਹੋ ਕਿ) ਬੁਲਾ ਗਏ।

**– ਰਮੇਸ਼ ਬੱਗਾ ਚੋਹਲਾ**

# ਨਿਹੰਗ ਸਿੰਘਾਂ ਦੇ ਗੜਗੱਜ ਬੋਲੇ

ਕਿਸੇ ਵੀ ਭਾਸ਼ਾ ਦੀ ਅਮੀਰੀ ਵਿੱਚ ਉਸ ਦੇ ਸ਼ਬਦ-ਕੋਸ਼ ਦਾ ਵੱਡਮੁੱਲਾ ਯੋਗਦਾਨ ਹੁੰਦਾ ਹੈ। ਇਸੇ ਤਰ੍ਹਾਂ ਹੀ ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਅਮੀਰੀ ਬਖਸ਼ਣ ਵਿੱਚ ਨਿਹੰਗ ਸਿੰਘਾਂ ਦੇ ਸ਼ਬਦ ਕੋਸ਼ ਉਰਫ ਖਾਲਸਾਈ ਬੋਲਿਆਂ ਦਾ ਅਹਿਮ ਅਤੇ ਪ੍ਰਸ਼ੰਸਾਮਈ ਸਥਾਨ ਹੈ।

ਸਿੱਖ ਸਮਾਜ ਵਿੱਚ ਸਦਾ ਤਿਆਰ-ਬਰ-ਤਿਆਰ ਨਿਹੰਗ ਸੈਨਾ ਆਪਣੇ ਆਪ ਨੂੰ ਛਿਆਨਵੇਂ ਕਰੋੜੀ ਵਹੀਰ ਅਖਵਾਉਂਦੀ ਹੈ। ਅਸਲ ਵਿੱਚ 18ਵੀ ਸਦੀ ਦੀਆਂ ਔਖਿਆਲੀਆਂ ਘੜੀਆਂ ਵਿੱਚ ਸਿੱਖੀ ਨਾਲ ਗਲਵਕੜੀ ਪਾਉਣੀ ਆਪਣੇ ਆਪ ਨੂੰ ਬਲੀ ਦਾ ਬੱਕਰਾ ਬਣਾਉਣ ਦੇ ਤੁਲ ਸੀ, ਜਿਹੜਾ ਵੀ ਸਿੱਖੀ ਨਾਲ ਨਾਤਾ ਜੋੜਦਾ ਉਸ ਨੂੰ ਘਰ-ਬਾਰ ਅਤੇ ਹੋਰ ਦੁਨਿਆਵੀ ਨਿਆਮਤਾਂ ਤੋਂ ਵਾਂਝਿਆ ਹੋਣਾ ਪੈਂਦਾ ਸੀ। ਸਿੱਖੀ ਦੀ ਸ਼ਾਨ ਸਲਾਮਤ ਰੱਖਣ ਲਈ ਅਤੇ ਨਿਮਾਣਿਆਂ ਦਾ ਮਾਣ ਬਣਨ ਲਈ ਨਿਹੰਗ ਸਿੰਘਾਂ ਨੇ ਜ਼ਾਬਰ ਹਕੂਮਤ ਖਿਲਾਫ ਇੱਕ ਲੰਮਾ ਜੇਹਾਦ ਛੇੜ ਰੱਖਿਆ ਸੀ। ਮੁਗਲਾਂ ਦੀ ਦਹਿਸ਼ਤ ਕਾਰਨ ਉਸ ਵਕਤ ਦਾ ਡਰਾਕਲ ਸਮਾਜ ਇਨ੍ਹਾਂ ਮਰਜੀਵੜਿਆਂ ਨੂੰ ਪਨਾਹ ਦੇਣ ਤੋਂ ਡਰਦਾ ਸੀ।

ਇਨ੍ਹਾਂ ਸਿਰਲੱਥ ਯੋਧਿਆਂ ਦੇ ਪੜਾਅ ਆਮ ਤੌਰ 'ਤੇ 'ਝੱਲਾਂ' ਉਜਾੜਾਂ, ਬੀੜਾਂ ਅਤੇ ਹੋਰ ਇਕਾਂਤਵਾਸੀ ਥਾਵਾਂ ਜਾਂ ਘੋੜਿਆਂ ਦੀਆਂ ਪਿੱਠਾਂ 'ਤੇ ਹੀ ਹੁੰਦੇ ਸਨ। ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਲੜਨ ਵਾਲੇ ਇਨ੍ਹਾਂ ਸੂਰਬੀਰ ਸਿਪਾਹੀਆਂ ਨੇ ਆਪਣੀ ਸਾਰੀ ਹਯਾਤੀ ਬਿਹੰਗਮ ਅਵਸਥਾ ਵਿੱਚ ਹੀ ਗੁਜ਼ਾਰੀ। ਅਜਿਹੀਆਂ ਪ੍ਰਸਥਿਤੀਆਂ ਵਿੱਚ ਪੈਦਾ ਹੋਣ ਵਾਲੀਆਂ ਔਕੜਾਂ ਅਤੇ ਥੁੜ੍ਹਾਂ ਨੂੰ ਗੁਰੂ ਕੀਆਂ ਲਾਡਲੀਆਂ ਫੌਜਾਂ ਨੇ ਜਿੰਨੀ ਲੋਇਣੀ ਵੇਖਿਆ ਉਸ ਨਾਲ ਪੰਜਾਬੀ ਬੋਲੀ ਉੱਪਰ ਵਿਲੱਖਣਤਾ ਭਰਪੂਰ ਵਿਅੰਗ ਦੀ ਅਜਿਹੀ ਪੁੱਠ ਚੜ੍ਹੀ ਹੈ ਜਿਹੜੇ ਆਪਣੇ ਆਪ ਵਿੱਚ ਬੇਨਜ਼ੀਰ ਹੈ। ਇਨ੍ਹਾਂ ਵਿਅੰਗਮਈ ਗੜਗੱਜ ਬੋਲਿਆਂ ਰਾਹੀਂ ਜਿੱਥੇ ਪੰਜਾਬੀ ਜ਼ੁਬਾਨ ਦੀ ਝੋਲ ਸਵਾਈ ਹੋਈ ਹੈ, ਉੱਥੇ ਤਲਖ ਹਕੀਕਤਾਂ ਦਾ ਵੀ ਮਜ਼ਾਕ ਉਡਾਇਆ ਗਿਆ ਹੈ। ਪੇਸ਼ ਨੇ ਨਿਹੰਗ ਸਿੰਘਾਂ ਵੱਲੋਂ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਵਰਤੇ ਜਾਂਦੇ ਕੁੱਝ ਗੜਗਜ ਬੋਲੇ:-

ਗੱਡਾ-ਉੱਡਣ ਖਟੋਲਾ, ਬੱਕਰੀ-ਅਕਾਸ਼ਪੁਰੀ, ਮੱਛੀ-ਤੋਰੀ, ਰਿੱਛ-ਤਹਿਸੀਲਦਾਰ, ਦੁੱਧ ਸਮੁੰਦਰ, ਕਣਕ-ਕਾੜਨੀ-ਰੂਪ ਕੌਰ, ਰੁੱਖ ਦੀ ਛਾਂ-ਸਬਜ਼ ਮੰਦਰ, ਤੀਵੀਆਂ ਦੀ ਢਾਣੀ-ਖੱਸੀ ਫੌਜ, ਸੁੱਥਣ-ਦੁਨਾਲੀ, ਗਾਜਰਾਂ-ਗੋਬਿੰਦੀਅਜਾਂ, ਮੂਲੀ-ਕਰਾੜੀ, ਮੱਖੀਆਂ-ਹੋਲਾਂ-ਲਾਚੀਆਂ, ਸੋਟਾ-ਮੁਲਾਹਜ਼ਾ ਤੋੜ, ਮੋਟੀ ਰੋਟੀ-ਗੁਰਮੁਖੀ ਪ੍ਰਸ਼ਾਦਾ, ਅੱਧੀ ਰੋਟੀ-ਫੱਟੜ ਪ੍ਰਸ਼ਾਦਾ, ਅਫੀਮ-ਚਿਮਨੀ ਬੇਗਮ, ਬੇਹੀ ਰੋਟੀ-ਮਿੱਠਾ ਪ੍ਰਸ਼ਾਦਾ, ਕੁੱਤਾ-ਕੁਤਬਦੀਨ, ਹਵਾ-ਇੰਦਰਾਣੀ, ਬੁਖਾਰ-ਧਰਮ ਰਾਜ ਦਾ ਪੁੱਤਰ, ਹਰਾ ਛੋਲੀਆ-ਸੋਗੀ, ਵਿਛਾਈ-ਕੋਤਲਕਸ, ਲੇਟਣਾ-ਟੇਡ ਗਿਆਨ, ਸੂਰ-ਕਸਤੂਰਾ, ਗੁੜ-ਸਿਰਜੋੜ, ਸਾਗ-ਸਬਜ਼ ਪੁਲਾਓ, ਬਹੁਕਰ-ਸੁੰਦਰੀ, ਮਾਂਹ ਦੀ ਦਾਲ-ਸੁਰਮਈ ਦਾਲਾ, ਗੁੰਗਾ-ਗੁਪਤਾ, ਲੰਗੜਾ-ਸੁਚਾਲਾ, ਕੜਛੀ-ਦਿਆਲ ਕੌਰ, ਰਜਾਈ-ਅਫਲਾਤੂਨ, ਨਲਕਾ-ਦਸ ਨੰਬਰੀਆ, ਮੋਟਰ ਸਾਈਕਲ-ਫਟਾਫਟ, ਗੱਡੀ-ਭੂਤਨੀ, ਅਮਲੀ ਸਿੰਘ-ਛੱਤਰਧਾਰ, ਨੰਗੇ ਨਹਾਉਣਾ-ਮੁਹੰਮਦੀ ਇਸ਼ਨਾਨ, ਰੋਣਾ ਪਿੱਟਣਾ-ਮਾਰੂ ਗਾਉਣਾ, ਗੰਨਾ-ਬ੍ਰਹਮ ਰਸ, ਪਿਸ਼ਾਬ-ਚੀਤਾ, ਤਵਾ-ਵਸਾਵਾ ਸਿੰਘ, ਭੇਡ-ਪਰੀ, ਗਧੀ-ਨੀਲ ਬਰਨੀ, ਕੁੱਕੜ-ਕਾਜੀ, ਖੋਤਾ-ਥਾਣੇਦਾਰ, ਲੱਸੀ-ਖਾਰਾ ਸਮੁੰਦਰ, ਮੱਕੀ-ਬਸੰਤ ਕੌਰ, ਘੱਗਰਾ-ਧੂੜਕੋਟ, ਪਿੱਪਲ-ਬ੍ਰਾਹਮਣ, ਲੱਸਣ-ਲੌਂਗਚਿੜਾ, ਖਰਬੂਜ਼ੇ-ਗੋਬਿੰਦੇ-ਖੰਡ-ਚੁੱਪ।

**– ਰਮੇਸ਼ ਬੱਗਾ ਚੋਹਲਾ**

(14 ਅਪਰੈਲ ਖ਼ਾਲਸਾ ਪੰਥ ਦੀ ਸਾਜਨਾ 'ਤੇ ਵਿਸ਼ੇਸ਼)

# ਇੱਕ ਮੁੱਠ ਛੋਲਿਆਂ ਦੀ ਖਾ ਕੇ ਮੌਤ ਨੂੰ ਡਰਾਉਣ ਵਾਲੇ ਖ਼ਾਲਸੇ ਦਾ ਪਰਉਪਕਾਰੀ ਇਤਿਹਾਸ

ਮਨੁੱਖਤਾ ਦੇ ਰਹਿਬਰ ਸ੍ਰੀ ਗੁਰੁ ਨਾਨਕ ਦੇਵ ਜੀ ਦੁਆਰਾ ਨਿਰਮਲ ਪੰਥ ਦੇ ਰੂਪ ਵਿਚ ਚਲਾਇਆ ਗਿਆ ਸਿੱਖ ਧਰਮ ਸੰਸਾਰਿਕ ਅਤੇ ਪਰਿਵਾਰਕ (ਗ੍ਰਹਿਸਥ ਪ੍ਰਧਾਨ) ਧਰਮ ਹੈ। ਜਗਤ ਗੁਰੂ ਨੇ ਆਪਣੀ ਅਣਥੱਕ ਘਾਲਣਾ ਅਤੇ ਸਰਵ-ਹਿੱਤਕਾਰੀ ਸੋਚ ਨਾਲ ਦੁਨੀਆਂ ਨੂੰ ਇੱਕ ਅਜਿਹੀ ਜੀਵਨ-ਜੁਗਤ ਦਿੱਤੀ ਹੈ ਜਿਸ ਨੂੰ ਤਨੋਂ-ਮਨੋਂ ਅਪਨਾਉਣ ਅਤੇ ਕਮਾਉਣ ਨਾਲ ਕੋਈ ਵੀ ਬਸ਼ਰ ਆਪਣੇ ਲੋਕ ਅਤੇ ਪ੍ਰਲੋਕ ਨੂੰ ਸੰਵਾਰ ਸਕਦਾ ਹੈ।ਸਿੱਖ ਧਰਮ ਵਿਚ ਪ੍ਰਲੋਕ ਨੂੰ ਸੰਵਾਰਨ ਤੋਂ ਪਹਿਲਾਂ ਲੋਕ ਨੂੰ ਸੰਵਾਰਨ ਅਤੇ ਲੋਕ ਨੂੰ ਸੰਵਾਰਨ ਤੋਂ ਪਹਿਲਾਂ ਨਿੱਜ ਨੂੰ ਸੰਵਾਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਸਿਧਾਂਤਕ ਅਤੇ ਵਿਵਹਾਰਕ ਰੂਪ ਵਿਚ ਸਰਬਤ ਦਾ ਭਲਾ ਮੰਗਣਾ ਕੇਵਲ ਸਿੱਖ ਧਰਮ ਦੇ ਹਿੱਸੇ ਵਿਚ ਹੀ ਆਇਆ ਹੈ। ਬੇਸ਼ੱਕ ਸੰਸਾਰ ਦੇ ਬਾਕੀ ਧਰਮ ਵੀ ਮਾਨਵ-ਹਿੱਤੂ ਹੋਣ ਦੀ ਹਾਮੀ ਭਰਦੇ ਹਨ ਪਰ ਜਿਹੜਾ ਕਲਾਵਾ ਸਿੱਖ ਗੁਰੁ ਸਾਹਿਬਾਨ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ ਨੇ ਸਮੇਂ-ਸਮੇਂ ਭਰਿਆ ਹੈ, ਉਸ ਵਿਚ ਗ਼ੈਰ ਸਿੱਖਾਂ ਦੇ ਸਮਾਅ ਜਾਣ ਦੀ ਗੁੰਜ਼ਾਇਸ਼ ਵੀ ਬਰਾਬਰ ਰਹੀ ਹੈ। ਇਸ ਬਰਾਬਰਤਾ ਦਾ ਆਧਾਰ 'ਤੂੰ ਕਿਸੈ ਨ ਦਿਸੈ ਬਾਹਰਾ ਜੀਓ' ਦਾ ਸਿਧਾਂਤ ਹੈ ਜਿਹੜਾ ਪਰਉਪਕਾਰ ਦੀ ਭਾਵਨਾ ਦਾ ਜਨਮਦਾਤਾ ਹੈ ਅਤੇ ਇਹ ਭਾਵਨਾ ਸਿੱਖੀ ਸੋਚ ਦਾ ਕੇਂਦਰੀ ਬਿੰਦੂ ਰਹੀ ਹੈ। ਇਹ ਭਾਵਨਾ ਏਨੀ ਬਲਵਾਨ ਰਹੀ ਹੈ ਕਿ ਇਸ ਦੇ ਪ੍ਰਭਾਵ ਹੇਠ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਸਮੇਂ-ਸਮੇਂ ਸ਼ਹਾਦਤ ਦੇ ਜਾਮ ਵੀ ਪੀਣੇ ਪਏ ਹਨ। ਕਿਸੇ ਹੋਰ ਦੀ ਖ਼ਾਤਰ ਆਪਾ ਨਿਛਾਵਰ ਕਰ ਦੇਣ ਦੀ (ਪਰਉਪਕਾਰੀ) ਭਾਵਨਾ ਕੇਵਲ ਗੁਰੂ ਸਾਹਿਬਾਨ ਵਿਚ ਹੀ ਨਹੀਂ ਸਗੋਂ ਉਨ੍ਹਾਂ ਦੇ ਸਿੱਖਾਂ ਵਿਚ ਵੀ ਦੇਖਣ ਨੂੰ ਮਿਲਦੀ ਹੈ। ਸਿਦਕੀ ਸਿੱਖ ਭਾਈ ਤਾਰੂ ਸਿੰਘ ਦੇ ਖੂਹ 'ਤੇ ਇੱਕ ਗ਼ਰੀਬ ਮਾਛੀ ਰਹੀਮ ਬਖ਼ਸ਼ ਆਇਆ ਅਤੇ ਕਹਿਣ ਲੱਗਾ- 'ਸਰਦਾਰਾ! ਬੜੀ ਭੁੱਖ ਲੱਗੀ ਹੈ, ਕੁੱਝ ਖਾਣ ਨੂੰ ਦੇ' ਭਾਈ ਤਾਰੂ ਸਿੰਘ ਖੂਹ ਤੋਂ ਘਰ ਗਿਆ ਅਤੇ ਪ੍ਰਸ਼ਾਦਾ ਤਿਆਰ ਕਰਵਾ ਕੇ ਲੈ ਆਇਆ। ਉਸ ਬਜ਼ੁਰਗ ਨੇ ਜਦੋਂ ਬੁਰਕੀ ਤੋੜ ਕੇ ਮੂੰਹ ਵਿ ਪਾਈ ਤਾਂ ਉਸ ਦੀਆਂ ਅੱਖਾਂ ਭਰ ਆਈਆਂ।ਥਾਲੀ ਨੂੰ ਪਿੱਛੇ ਕਰਦੇ ਹੋਏ ਉਸ ਨੇ ਕਿਹਾ- 'ਸਰਦਾਰਾ ਮੈਨੂੰ ਭੁੱਖ ਨਹੀਂ ਹੈ।'

ਭਾਈ ਤਾਰੂ ਸਿੰਘ ਨੇ ਹੈਰਾਨੀ ਨਾਲ ਕਿਹਾ- 'ਬਾਬਾ ਪਹਿਲਾਂ ਤਾਂ ਆਖਦਾ ਸੀ ਬਹੁਤ ਭੁੱਖ ਲੱਗੀ ਹੈ ਤੇ ਹੁਣ ਆਖਦਾਂ ਭੁੱਖ ਨਹੀਂ, ਕੀ ਗੱਲ ਕਿਥੋਂ ਪ੍ਰਸ਼ਾਦਾ ਛੱਕ ਕੇ ਆਇਆਂ?' 'ਸਰਦਾਰਾ! ਪ੍ਰਸ਼ਾਦਾ ਕਿਥੋਂ ਛੱਕਣਾ ਸੀ, ਮੇਰੀ ਤਾਂ ਇੱਜ਼ਤ ਲੁੱਟ ਲਈ ਗਈ ਹੈ, ਮੇਰੀ ਜਾਨ ਤੋਂ ਪਿਆਰੀ ਧੀ ਬਾਨੋ ਪੱਟੀ ਦੇ ਹਾਕਮ ਜ਼ਾਫਰਬੇਗ ਨੇ ਧੱਕੇ ਨਾਲ ਚੁੱਕ ਕੇ ਆਪਣੇ ਮਹਿਲੀਂ ਪਾ ਲਈ ਹੈ।ਮੈਂ ਪੱਟੀ ਦੇ ਹਾਕਮਾਂ ਕੋਲ ਗਿਆਂ, ਕਸੂਰ ਦੇ ਹਾਕਮਾਂ ਕੋਲ ਗਿਆਂ, ਸਾਰਿਆਂ ਨੇ ਧੱਕੇ ਮਾਰ ਕੇ ਮੈਨੂੰ ਬਾਹਰ ਕੱਢ ਦਿੱਤਾ। ਮੈਂ ਲਾਹੌਰ ਦੇ ਸੂਬੇਦਾਰ ਖ਼ਾਨ ਬਹਾਦਰ ਜ਼ਕਰੀਆ ਖਾਂ ਦੀ ਕਚਿਹਰੀ ਵੀ ਗਿਆ ਪਰ ਕਿਸੇ ਨੇ ਵੀ ਮੇਰੀ ਫ਼ਰਿਆਦ ਨਹੀਂ ਸੁਣੀ।ਸਰਦਾਰਾ! ਤੱਕੜੇ ਦਾ ਸੱਤੀਂ ਵੀਹੀਂ ਸੌ ਹੁੰਦਾ ਹੈ,ਇਥੇ ਗ਼ਰੀਬ ਦੀ ਕੋਈ ਨਹੀਂ ਸੁਣਦਾ।'



ਪਰਉਪਕਾਰੀ ਬਿਰਤੀ ਦੇ ਧਨੀ ਭਾਈ ਤਾਰੂ ਸਿੰਘ ਨੇ ਉਸ ਬੁੱਢੇ ਮਾਛੀ ਨੂੰ ਹੌਂਸਲਾ ਦਿੰਦਿਆਂ ਕਿਹਾ- 'ਬਾਬਾ! ਤੂੰ ਬੈਠ, ਤਾਰੂ ਸਿੰਘ ਦਾ ਦਿਲ ਹੁਣ ਤੇਰੇ ਅੱਲ੍ਹੇ ਜ਼ਖ਼ਮਾਂ 'ਤੇ ਮਲ੍ਹਮ ਬਣ ਕੇ ਲੱਗੇਗਾ।ਬਾਬਾ ਮੈਂ ਉਨ੍ਹਾਂ ਦਾ ਪੁੱਤ ਹਾਂ ਜਿਨ੍ਹਾਂ ਨੇ ਡੁੱਬਦੇ ਧਰਮ ਨੂੰ ਬਚਾਉਣ ਲਈ ਆਪਣੀਆਂ ਜਾਨਾਂ ਤੱਕ ਵਾਰ ਦਿੱਤੀਆਂ। ਮੈਂ ਹੁਣ ਵਾਪਸ ਤੱਦ ਹੀ ਆਵਾਂਗਾ ਜਦੋਂ ਤੇਰੇ ਇਸ ਦੁੱਖ਼ ਦਾ ਇਲਾਜ ਲੱਭ ਲਵਾਂਗਾ।'

ਰਹੀਮ ਬਖ਼ਸ਼ ਨੂੰ ਤਸੱਲੀ ਦੇ ਕੇ ਭਾਈ ਤਾਰੂ ਸਿੰਘ ਘੋੜੇ 'ਤੇ ਸਵਾਰ ਹੋ ਕੇ ਖ਼ਾਲਸੇ ਦੀ ਕਚਹਿਰੀ ਵੱਲ ਨੂੰ ਚੱਲ ਪਿਆ। ਇਹ ਕਚਹਿਰੀ ਉਸ ਵਕਤ ਜੰਗਲ-ਬੇਲਿਆਂ ਅਤੇ ਘੋੜਿਆਂ ਦੀਆਂ ਕਾਠੀਆਂ ਉਪਰ ਹੀ ਲੱਗਦੀ ਸੀ।

ਜੰਗਲ ਵਿਚ ਪਹੁੰਚ ਕੇ ਭਾਈ ਤਾਰੂ ਸਿੰਘ ਨੇ ਸਿੰਘਾਂ ਨੂੰ ਪ੍ਰਸ਼ਾਦਾ ਛਕਾਇਆ। ਪ੍ਰਸ਼ਾਦਾ ਛਕਾਉਣ ਤੋਂ ਬਾਅਦ ਭਾਈ ਸਾਹਿਬ ਨੇ ਉਸ ਗ਼ਰੀਬ ਮਾਛੀ ਦੀ ਸਾਰੀ ਦਰਦ-ਕਹਾਣੀ ਸਿੰਘਾਂ ਨੂੰ ਆਖ ਸੁਣਾਈ। ਦਰਦ ਕਹਾਣੀ ਨੂੰ ਸੁਣਨ ਤੋਂ ਬਾਅਦ ਸਿੰਘਾਂ ਦੇ ਜਥੇਦਾਰ ਨੇ ਕਿਹਾ- 'ਭਾਈ ਤਾਰੂ ਸਿਹਾਂ, ਸੌ ਸਿੰਘਾਂ ਦਾ ਜਥਾ ਨਾਲ ਲੈ ਜਾ ਜਦ ਤੱਕ ਉਸ ਜ਼ਾਲਮ (ਜ਼ਾਫ਼ਰ ਬੇਗ) ਖ਼ਾਤਮਾ ਨਹੀਂ ਹੋ ਜਾਂਦਾ ਤਦ ਕਿਸੇ ਨੇ ਵਾਪਸ ਨਹੀਂ ਆਉਣਾ।' ਸੋ ਸਿੰਘਾਂ ਦਾ ਜਥਾ ਲੈ ਕਿ ਭਾਈ ਤਾਰੂ ਸਿੰਘ ਪੱਟੀ ਵਿਖੇ ਪਹੁੰਚ ਗਿਆ। ਜ਼ਾਫ਼ਰਬੇਗ ਨੂੰ ਕਤਲ ਕਰਕੇ ਖ਼ਾਲਸੇ ਨੇ ਉਸ ਦੇ ਕਬਜ਼ੇ ਵਿਚੋਂ ਗ਼ਰੀਬ ਮੁਸਲਮਾਨ (ਰਹੀਮ ਬਖ਼ਸ਼) ਦੀ ਧੀ ਬਾਨੋਂ ਨੂੰ ਛੁਡਾ ਕੇ ਉਸ ਦੇ ਹਵਾਲੇ ਕਰ ਦਿੱਤਾ। ਇਸ ਪਰਉਪਕਾਰ ਦੇ ਬਦਲੇ ਸ਼ਹੀਦ ਭਾਈ ਤਾਰੂ ਸਿੰਘ ਨੇ ਆਪਣੀ ਖੋਪਰੀ ਤਾਂ ਲੁਹਾ ਲਈ ਪਰ 'ਦਰ ਆਏ ਨੂੰ ਕੰਠ ਲਾਉਣ ਅਤੇ ਉਸ ਦਾ ਦਰਦ ਵੰਡਾਉਣ ਵਾਲੀ ਸਿੱਖ ਫ਼ਿਲਾਸਫ਼ੀ ਨੂੰ ਕਾਇਮ ਰੱਖਿਆ। ਪਰਉਪਕਾਰਤਾ ਦੀ ਇਸ ਲੜੀ ਵਿਚ ਇੱਕ ਹੋਰ ਇਤਿਹਾਸਕ ਘਟਨਾ ਵਰਨਣਯੋਗ ਹੈ- ਸ੍ਰੀ ਅਕਾਲ ਤਖਤ ਦੇ ਸਾਹਮਣੇ ਤਰਨਾ ਦਲ (ਜਿਸ ਵਿਚ ਉਸ ਵੇਲੇ ਸਿੱਖਾਂ ਦੀਆਂ ਪੰਜ ਮਿਸਲਾਂ ਭੰਗੀ ਮਿਸਲ,ਸ਼ੁਕਰਚੱਕੀਆ ਮਿਸਲ,ਰਾਮਗੜ੍ਹੀਆ ਮਿਸਲ,ਨਕੱਈ ਮਿਸਲ ਅਤੇ ਘਨੱਈਆ ਮਿਸਲ ਸ਼ਾਮਿਲ ਸਨ) ਦਾ ਦੀਵਾਨ ਲੱਗਾ ਹੋਇਆ ਸੀ।ਇਸ ਦੀਵਾਨ ਵਿਚ ਕਸੂਰ ਸ਼ਹਿਰ ਦੇ ਰਹਿਣ ਵਾਲਾ ਇੱਕ ਪੰਡਤ ਰੋਂਦਾ-ਕੁਰਲਾਉਂਦਾ ਹੋਇਆ ਅਇਆ ਅਤੇ ਸਿਰ ਤੋਂ ਪੱਗ ਲਾਹ ਕੇ ਕਹਿਣ ਲੱਗਾ 'ਖ਼ਾਲਸਾ ਜੀ ! ਮੈਂ ਆਪਣੀ ਪੰਡਤਾਣੀ (ਘਰਵਾਲੀ) ਨਾਲ ਕਸੂਰ ਦੇ ਬਾਜ਼ਾਰ ਵਿਚੋਂ ਘਰ ਦਾ ਕੁੱਝ ਜ਼ਰੂਰੀ ਸਮਾਨ ਖ੍ਰੀਦ ਰਿਹਾ ਸੀ। ਉਸ ਬਾਜ਼ਾਰ ਵਿਚੋਂ ਕਸੂਰ ਦਾ ਨਵਾਬ ਉਸਮਾਨ ਖਾਂ ਅਤੇ ਉਸ ਦੇ ਅਹਿਲਕਾਰ ਵੀ ਲੰਘ ਰਹੇ ਸਨ।ਜਦੋਂ ਕਸੂਰ ਦੇ ਹਾਕਮ ਉਸਮਾਨ ਖਾਂ ਦੀ ਮੈਲ਼ੀ ਨਜ਼ਰ ਮੇਰੀ ਪੰਡਤਾਣੀ 'ਤੇ ਪਈ ਤਾਂ ਉਸ ਨੇ ਆਪਣੇ ਅਹਿਲਕਾਰਾਂ ਨੂੰ ਹੁਕਮ ਦਿੱਤਾ ਕਿ ਇਸ ਨੂੰ ਮੇਰੇ ਮਹਿਲੀ ਚੜ੍ਹਾ ਦਿਉ।

ਖ਼ਾਲਸਾ ਜੀ! ਮੈਂ ਲਾਹੌਰ ਦਰਬਾਰ ਵਿਚ ਜਾ ਕੇ ਰੋਇਆ-ਕੁਰਲਾਇਆ, ਬਹੁਤ ਮਿੰਨਤਾਂ-ਤਰਲੇ ਕੀਤੇ ਪਰ ਜ਼ਰਵਾਣਿਆਂ ਨੇ ਮੇਰੀ ਇੱਕ ਨਹੀਂ ਸੁਣੀ।ਮੈਂ ਸੁਣਿਆਂ ! ਕਿ ਜੇਕਰ ਕੋਈ ਦੁਖ਼ੀ ਖ਼ਾਲਸੇ ਦੇ ਦਰਬਾਰ ਵਿਚ ਆ ਕੇ ਆਪਣੀ ਫ਼ਰਿਆਦ ਕਰਦਾ ਤਾਂ ਇਥੇ ਉਸ ਦੀ ਜ਼ਰੂਰ ਸੁਣੀ ਜਾਂਦੀ ਹੈ।' ਪੰਡਤ ਦੀ ਦਰਦ ਭਰੀ ਕਹਾਣੀ ਸੁਣ ਕੇ ਭੰਗੀ ਮਿਸਲ ਦੇ ਜਥੇਦਾਰ ਨੇ ਕਿਹਾ- 'ਖ਼ਾਲਸਾ ਜੀ! ਕਲਗੀਧਰ ਪਾਤਸ਼ਾਹ ਨੇ ਮਜ਼ਲੂਮਾਂ ਅਤੇ ਨਿਤਾਣਿਆਂ ਦੀ ਰਾਖੀ ਲਈ ਹੀ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਹੈ।ਸਾਨੂੰ ਇਸ ਦੁਖ਼ੀ ਪੰਡਤ ਦੀ ਮਦਦ ਕਰਨ ਦਾ ਫ਼ੈਸਲਾ ਜਲਦੀ ਤੋਂ ਜਲਦੀ ਲੈਣਾ ਚਾਹੀਦਾ ਹੈ।'

ਜਥੇਦਾਰ ਦੇ ਕਹਿਣ 'ਤੇ ਤਰਨਾ ਦਲ ਦੇ ਸਿੰਘਾਂ ਨੇ ਉਸ ਪੰਡਤ ਦੀ ਮਦਦ ਕਰਨ ਦਾ ਐਲਾਨ ਕਰ ਦਿੱਤਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸਾ ਸੋਧ ਕੇ ਕਸੂਰ ਵੱਲ ਨੂੰ ਚਾਲੇ ਪਾ ਦਿੱਤੇ। ਕਸੂਰ ਪਹੁੰਚ ਕੇ ਖ਼ਾਲਸੇ ਨੇ ਉਸਮਾਨ ਖਾਂ ਨਾਲ 'ਦੋ ਹੱਥ' ਕੀਤੇ ਅਤੇ ਪੰਡਤਾਣੀ ਵਾਪਸ ਕਰਵਾ ਕੇ ਪੰਡਤ ਦੇ ਹਵਾਲੇ ਕਰ ਦਿੱਤੀ।

ਇਤਿਹਾਸ ਵਿਚ ਹੋਰ ਵੀ ਬਹੁਤ ਸਾਰੀਆਂ ਅਜਿਹੀਆਂ ਮਿਸਾਲਾਂ ਮਿਲ ਜਾਂਦੀਆਂ ਹਨ ਜਿਹੜੀਆਂ ਸਿੱਖ-ਦਰਸ਼ਨ ਦੇ ਪਰਉਪਕਾਰੀ ਪੱਖ ਨੂੰ ਉਭਾਰਦੀਆਂ ਅਤੇ ਨਿਖ਼ਾਰ-ਦੀਆਂ ਹਨ।

ਪਰਉਪਕਾਰਤਾਮਈ ਇਸ ਪੱਖ ਨੂੰ ਪੜ੍ਹ-ਸੁਣ ਕੇ ਸਿੱਖ ਗੁਰੂ ਸਾਹਿਬਾਨਾਂ ਅਤੇ ਉਨ੍ਹਾਂ ਦੇ ਸ਼ਰਧਾਵਾਨ ਸਿੱਖਾਂ ਤੋਂ ਬਲ ਬਲ ਜਾਣ ਨੂੰ ਜੀ ਕਰਦਾ ਹੈ।

**-ਰਮੇਸ਼ ਬੱਗਾ ਚੋਹਲਾ 91-94631-32719**

# ਅਧਿਆਤਮਿਕ ਵਾਰਾਂ ਵਿਚ ਵਰਤੀਆਂ ਗਈਆਂ ਲੋਕ ਧੁਨਾਂ

ਪੰਜਾਬੀ ਸਾਹਿਤ ਵਿਚ ਬੀਰ-ਰਸੀ ਕਵਿਤਾ ਦਾ ਇਕ ਅਹਿਮ ਸਥਾਨ ਹੈ। ਸੰਸਾਰ ਦੇ ਸਾਹਿਤ ਵਿਚ ਯੁੱਧ-ਕਲਾ ਨਾਲ ਜੁੜੇ ਹੋਏ ਸੂਰਮਿਆਂ ਦੀ ਸੂਰਮਤਾਈ ਅਤੇ ਵਡਿਆਈ ਪੰਜਾਬੀ ਸਾਹਿਤ ਦਾ ਅਨਿੱਖੜਵਾਂ ਅੰਗ ਬਣੀ ਰਹੀ ਹੈ।

ਵਾਰ ਕਹਿਣ ਦਾ ਰਿਵਾਜ ਬਹੁਤ ਪੁਰਾਣਾ ਹੈ। ਗੁਰੂ ਸਾਹਿਬਾਨ ਦੇ ਸਮੇਂ ਬਹੁਤ ਸਾਰੇ ਕਈ ਅਜਿਹੇ ਪੇਸ਼ਾਵਰ ਕਵੀ ਹੋਏ ਹਨ ਜਿਹੜੇ ਬੀਰ-ਰਸੀ ਮਾਹੌਲ ਦੀ ਉਸਾਰੀ ਹਿੱਤ ਦੂਰ-ਦੁਰਾਡੇ ਪਹੁੰਚ ਕੇ ਵਾਰਾਂ ਗਾਇਆ ਕਰਦੇ ਸਨ। ਇਨ੍ਹਾਂ ਕਵੀਆਂ ਨੂੰ ਢਾਡੀ ਜਾਂ ਭੱਟ ਕਿਹਾ ਜਾਂਦਾ ਸੀ। ਇਨ੍ਹਾਂ ਢਾਡੀਆਂ ਜਾਂ ਭੱਟਾਂ ਦੁਆਰਾ ਗਾਈਆਂ ਜਾਂਦੀਆਂ ਇਨ੍ਹਾਂ ਵਾਰਾਂ ਦਾ ਮੁੱਖ ਮਨੋਰਥ ਜਿਥੇ ਸੰਬੰਧਤ ਧਿਰ ਨੂੰ ਖ਼ੁਸ਼ ਕਰਕੇ ਆਪਣੀ ਰੋਜ਼ੀ-ਰੋਟੀ ਦੇ ਸਿਲਸਲੇ ਨੂੰ ਬਣਾਈ ਰੱਖਣਾ ਹੁੰਦਾ ਸੀ, ਉਥੇ ਵਿਰਾਸਤੀ ਅਮੀਰੀ ਵਿਚ ਵਾਧਾ ਕਰਨਾ ਵੀ ਸੀ। ਭਾਵੇਂ ਦੁਨਿਆਵੀ ਵਾਰਾਂ ਵਿਚ ਬੀਰ-ਰਸ ਦੀ ਪ੍ਰਧਾਨਤਾ ਬਣੀ ਰਹੀ ਹੈ ਪਰ ਆਪਣੇ ਆਪ ਨੂੰ ਅਕਾਲ-ਪੁਰਖ ਦਾ ਢਾਡੀ (ਹਉਂ ਢਾਡੀ ਕੀ ਨੀਚ ਜਾਤ, ਹੋਰ ਉਤਮ ਜਾਤ ਸਦਾਇੰਦੇ) ਕਹਿਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਾਰ ਨੂੰ ਬੀਰ-ਰਸਤਾ ਦੇ ਘੇਰੇ ਵਿੱਚੋ ਬਾਹਰ ਕੱਢ ਕੇ ਅਧਿਆਤਮਿਕਤਾ ਦੇ ਦਾਇਰੇ (ਅੰਤਰ-ਯੁੱਧ ਹਿੱਤ) ਵਿਚ ਲਿਆਉਣ ਦਾ ਸਫਲ ਯਤਨ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਮਹਾਨ ਉਪਰਾਲੇ ਨਾਲ ਜਿਥੇ ਵਾਰ ਦੇ ਵਿਸ਼ੇ ਵਿਚ ਵਿਸਥਾਰਤਾ ਆਈ ਹੈ ਉਥੇ ਲੋਕ ਮਨਾਂ ਦੀ ਤਰਜਮਾਨੀ ਕਰਨ ਵਾਲੇ ਇਸ ਕਾਵਿ-ਰੂਪ ਦੀ ਵਰਤੋਂ ਕਰਨ ਨਾਲ ਜਗਿਆਸੂਆਂ ਨੂੰ ਵੀ ਆਪਣੇ ਅੰਤਰ-ਮਨ ਦੇ ਅਖਾੜੇ ਵਿਚ ਆਪਣੇ ਪੰਜ ਦੁਸ਼ਮਣਾਂ (ਕਾਮ, ✓ਕ੍ਰੋਧ, ਲੋਭ, ਮੋਹ ਅਤੋ ਹੰਕਾਰ) ਨਾਲ ਯੁੱਧ ਕਰਕੇ ਆਪਾ ਸੰਵਾਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਗੁਰੂ ਸਾਹਿਬ ਨੇ ਅਜਿਹਾ ਕਰਕੇ ਜਿਥੇ ਆਤਮਿਕ ਧਰਾਤਲ ਉਪਰ ਹੋਣ ਵਾਲੇ ਸੰਘਰਸ਼ ਨੂੰ ਵਾਰ ਦਾ ਵਿਸ਼ਾ-ਵਸਤੂ ਬਣਾਇਆ ਹੈ ਉਥੇ ਗੁਰਮਿਤ ਸਾਹਿਤ ਵਿਚ ਇਕ ਨਵੀਂ ਪਿਰਤ ਵੀ ਪਾਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ 22 ਅਧਿਆਤਮਿਕ ਵਾਰਾਂ ਵਿਚ ਪਰਮਾਤਮਾ ਨੂੰ ਸਰਬ-ਕਲਾ ਸਮਰਥ ਜਾਣ ਕੇ ਜਿਥੇ ਉਸ ਦੇ ਭਰਪੂਰ ਗੁਣ ਗਾਏ ਗਏ ਹਨ,ਉਥੇ ਨੇਕੀ ਅਤੇ ਬਦੀ ਦਾ ਆਪਸੀ ਯੁੱਧ ਦਿਖਾਕੇ ਨੇਕੀ ਦੀ ਸਰਦਾਰੀ ਵੀ ਕਾਇਮ ਕੀਤੀ ਗਈ ਹੈ। ਇਨ੍ਹਾਂ ਵਿਚ 9 ਵਾਰਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਉਸ ਸਮੇਂ ਦੀਆਂ ਪ੍ਰਚਲਿਤ ਲੋਕ-ਧੁਨਾਂ ਉਪਰ ਗਾਉਣ ਦੀ ਹਦਾਇਤ ਕੀਤੀ ਗਈ ਹੈ। ਇਨ੍ਹਾਂ ਲੋਕ-ਧੁਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1 ਮਾਝ ਕੀ ਵਾਰ (ਸ੍ਰੀ ਗੁਰੂ ਨਾਨਕ ਦੇਵ ਜੀ)-ਮਲਕ ਮਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਵਾਰ ਦੀ ਧੁਨੀ 'ਤੇ

2 ਆਸਾ ਕੀ ਵਾਰ (ਸ੍ਰੀ ਗੁਰੂ ਨਾਨਕ ਦੇਵ ਜੀ)-ਟੁੰਡੇ ਅਸਰਾਜੈ ਦੀ ਵਾਰ ਦੀ ਧੁਨੀ 'ਤੇ

3 ਮਲਾਰ ਕੀ ਵਾਰ (ਸ੍ਰੀ ਗੁਰੂ ਨਾਨਕ ਦੇਵ ਜੀ)-ਰਾਣੇ ਕੈਲਾਸ਼ ਤਥਾ ਮਾਲਦੇ ਦੀ ਵਾਰ ਦੀ ਧੁਨੀ 'ਤੇ

4 ਗੁਜਰੀ ਕੀ ਵਾਰ (ਸ੍ਰੀ ਗੁਰੂ ਅਮਰਦਾਸ ਦਾਸ ਜੀ)-ਸਿਕੰਦਰ ਇਬਰਾਹੀਮ ਦੀ ਵਾਰ ਦੀ ਧੁਨੀ 'ਤੇ

5 ਰਾਮਕਲੀ ਕੀ ਵਾਰ (ਸ੍ਰੀ ਗੁਰੂ ਅਮਰਦਾਸ ਦਾਸ ਜੀ)-ਜੋਧੇ ਵੀਰੈ ਪੂਰਬਾਣੀ ਦੀ ਵਾਰ ਦੀ ਧੁਨੀ 'ਤੇ

6 ਵੰਡਹੰਸ ਕੀ ਵਾਰ (ਸ੍ਰੀ ਗੁਰੂ ਰਾਮਦਾਸ ਜੀ)-ਲਲਾ ਬਹਲੀਮਾਂ ਦੀ ਵਾਰ ਦੀ ਧੁਨੀ 'ਤੇ

7 ਸਾਰੰਗ ਕੀ ਵਾਰ (ਸ੍ਰੀ ਗੁਰੂ ਰਾਮਦਾਸ ਜੀ)-ਰਾਇ ਮਹਿਮੇ ਹਸਨੇ ਦੀ ਵਾਰ ਦੀਵਾਰ ਦੀ ਧੁਨੀ 'ਤੇ

8 ਕਾਨੜੇ ਕੀ ਵਾਰ (ਸ੍ਰੀ ਗੁਰੂ ਰਾਮਦਾਸ ਜੀ)-ਮੂਸੇ ਦੀ ਵਾਰ ਦੀ ਧੁਨੀ 'ਤੇ



9 ਗਾਉੜੀ ਕੀ ਵਾਰ (ਸ੍ਰੀ ਗੁਰੂ ਅਰਜਨ ਦੇਵ ਜੀ)-ਰਾਇ ਕਮਾਲ ਦੀ (ਮੋਜਦੀ ਦੀ)।

ਉਪਰੋਕਤ ਤੋਂ ਇਹ ਗੱਲ ਭਲੀ-ਭਾਂਤ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ (ਗੁਰੂ ਸਾਹਿਬਾਨ) ਨੇ ਵਾਰ-ਕਾਵਿ ਦੀ ਵਰਤੋਂ ਕਰਕੇ ਜਿਥੇ ਰੱਬੀ ਸੰਦੇਸ਼ ਨੂੰ ਲੋਕਾਈ ਤੱਕ ਪਹੁੰਚਾਇਆ ਹੈ ਉਥੇ ਉਸ ਵਕਤ ਦੀ ਪ੍ਰਚਲਿਤ ਲੋਕਧਾਰਾ ਤੇ ਲੋਕ ਰੁਚੀਆਂ ਨੂੰ ਵੀ ਦ੍ਰਿਸ਼ਟੀਗੋਚਰ ਰੱਖਿਆ ਹੈ, ਜਿਸ ਨੂੰ ਸਿੱਖ ਧਰਮ ਦੀ ਸਮਾਜਿਕ ਸਾਂਝ ਵਜੋਂ ਦੇਖਿਆ ਜਾ ਸਕਦਾ ਹੈ।

# ਸੀਸ

ਦਸਮੇਸ਼ ਪਿਤਾ ਵੰਗਾਰਿਆ ਜਦ ਪੰਜਵੀਂ ਵਾਰੀ,  
ਸਨਮੁੱਖ ਹੋ ਗਿਆ ਸਾਹਿਬ ਚੰਦ ਕਰਕੇ ਤਿਆਰੀ,  
ਧਰਮ ਯੁੱਧ ਦਾ ਉਪਜਿਆ ਮੇਰੇ ਮਨ ਚਾਓ।  
ਸੀਸ ਅਮਾਨਤ ਤੁਸਾਂ ਦੀ ਲੇਖੇ ਵਿਚ ਲਾਉ।  
ਦਇਆ ਰਾਮ ਲਾਹੌਰ ਦਾ ਹੈ ਪਹਿਲ ਕਰ ਗਿਆ,  
ਸੀਸ ਆਪਣਾ ਤੁਸਾਂ ਦੇ ਚਰਨਾਂ 'ਤੇ ਧਰ ਗਿਆ,  
ਕੀਤਾ ਬਹੁਤਾ ਚਿਰ ਨਾ ਉਸ ਨੇ ਲਮਕਾਓ।  
ਸੀਸ.....................।  
ਧਰਮ ਦਾਸ ਵੀ ਆਪਣਾ ਹੈ ਧਰਮ ਕਮਾ ਗਿਆ,  
ਸੀਸ ਤਲੀ 'ਤੇ ਰੱਖ ਕੇ ਝੱਟ ਮੂਹਰੇ ਆ ਗਿਆ,  
ਪਿੱਛੇ ਰਹਿ ਨਹੀਂ ਸਕਦਾ ਕਦੀ ਜੱਟ ਸੁਭਾਓ।  
ਸੀਸ.........................।  
ਕਰਕੇ ਹਿੰਮਤ ਉੱਠ ਪਿਆ ਭਾਈ ਹਿੰਮਤ ਰਾਇ,  
ਮੇਰਾ ਮੁੱਝ ਮੇਂ ਕੁੱਝ ਨਹੀਂ ਪਿਆ ਆਖ ਸੁਣਾਏ,  
ਹੋਇਆ ਉਸ ਦੇ ਨਾਲ ਵੀ ਉਹ ਹੀ ਵਰਤਾਓ।  
ਸੀਸ..........................।  
ਮੋਹਕਮ ਚੰਦ ਵੀ ਮੋਹ ਦਾ ਕਰ ਗਿਆ ਪ੍ਰਗਟਾਵਾ,  
ਹੁਕਮ ਤੁਸਾਂ ਦਾ ਬੁੱਝ ਕੇ ਖੱਟ ਲਈ ਉਸ ਵਾਹਵਾ,  
ਆਇਆ ਬੇਟ ਦੁਆਰਕਾ ਤੋਂ ਲੈ ਕੇ ਉਤਸ਼ਾਹੋ।  
ਸੀਸ...........................।  
ਸਾਹਿਬ ਚੰਦ ਮੇਰਾ ਨਾਮ ਤੇ ਮੈਂ ਬਿਦਰ ਨਿਵਾਸੀ,  
ਦਰਸ਼ਨ ਕਰਕੇ ਤੁਸਾਂ ਦੇ ਹੋ ਗਈ ਦੂਰ ਉਦਾਸੀ,  
ਭਟਕੇ ਹੋਏ ਮਨ ਨੂੰ ਮਿਲ ਗਿਆ ਟਿਕਾਓ।  
ਸੀਸ...........................।  
ਸਿਰ ਦੇ ਕੇ ਮਿਲੇ ਪਿਆਰ ਜੇ ਤਾਂ ਵੀ ਹੈ ਸਸਤਾ,  
ਮੰਜ਼ਿਲ ਉੱਤੇ ਪਹੁੰਚ ਜੇ ਜਿਹਨੂੰ ਮਿਲ ਜੇ ਰਸਤਾ,  
'ਚੋਹਲੇ' ਵਾਲਾ ਰੱਖਦਾ ਨਹੀਂ ਕੁੱਝ ਲੁਕਾਓ।  
ਸੀਸ ਅਮਾਨਤ ਤੁਸਾਂ ਦੀ ਲੇਖੇ ਵਿਚ ਲਾਓ।

**-ਰਮੇਸ਼ ਬੱਗਾ ਚੋਹਲਾ**  
**91-94631-32719**

# ਮੁੱਕੀ ਕਣਕਾਂ ਦੀ ਰਾਖੀ, ਜੱਟਾ ਆਈ ਵਿਸਾਖੀ



ਪ੍ਰੋ: ਐਚ.ਐਲ.ਕਪੂਰ

'ਵੈਸਾਖੀ' ਸ਼ਬਦ ਦਾ ਉਚਾਰਣ 'ਵਿਸਾਖੀ' ਵੀ ਕੀਤਾ ਜਾਂਦਾ ਹੈ। ਵੈਸਾਖੀ ਜਾਂ ਵਿਸਾਖੀ ਸ਼ਬਦ ਵੈਸਾਖੀ (ਵੈਸ਼ਾਖੀ) ਸ਼ਬਦ ਤੋਂ ਉਤਪੰਨ ਹੋਇਆ ਇਕ ਅਪਭ੍ਰੰਸ਼ ਰੂਪ ਹੈ, ਜੋ ਵੈਸਾਖ ਦੇ ਭਾਰਤੀ ਮਹੀਨੇ ਦੇ ਨਾਮ ਤੋਂ ਲਿਆ ਗਿਆ ਹੈ। ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਵਿਚ 'ਸ਼' (ਸ਼) ਤੇ 'ਸਾ' (ਸ) ਅਤੇ 'ਵ' (ਵ) ਅਤੇ 'ਬਾ' (ਬ) ਵਿਚਕਾਰ ਕੋਈ ਅੰਤਰ ਨਹੀਂ ਹੈ। ਇਸ ਲਈ ਨਾਮ, ਵੈਸਾਖੀ ਜਾਂ ਵਿਸਾਖੀ ਨਾਲ ਫਰਕ ਨਹੀਂ ਪੈਂਦਾ। ਬੰਗਾਲੀ ਵਰਗੀਆਂ ਧੁਨੀਆਂ ਭਾਸ਼ਾਵਾਂ ਵਿਚ, ਇਸ ਨੂੰ 'ਬੋਸ਼ਾਖੀ' ਕਿਹਾ ਜਾਂਦਾ ਹੈ। ਵੈਸਾਖੀ ਜੋ ਵੈਸਾਖ ਮਹੀਨੇ ਦੀ ਸੰਕ੍ਰਾਂਤੀ ਨੂੰ ਮਨਾਈ ਜਾਂਦੀ ਹੈ, ਦਾ ਸ਼ਾਬਦਿਕ ਅਰਥ ਹੈ 'ਵੈਸਾਖ ਮਹੀਨੇ ਨਾਲ ਸਬੰਧਤ', ਵਿਸਾਖਾ-ਪੰਜਾਬੀ ਵਿਚ, ਸਪੈਲਿੰਗ ਖੇਤਰ ਦੇ ਨਾਲ ਬਦਲਦੀ ਹੈ। ਪੰਜਾਬ ਖਿੱਤੇ ਵਿਚ, ਵਿਸਾਖੀ ਆਮ ਹੈ, ਪਰ ਦੁਆਬੀ ਅਤੇ ਮਲਵਈ ਉਪਭਾਸ਼ਾਵਾਂ ਵਿਚ, ਬੋਲਣ ਵਾਲੇ ਅਕਸਰ ਇਕ 'ਵੀ' (V) ਲਈ, ਇਕ (B) 'ਬ' ਦੀ ਥਾਂ ਲੈਂਦੇ ਹਨ। ਵਰਤੇ ਗਏ ਸ਼ਬਦ ਜੋੜ ਲੇਖਕ ਦੀ ਬੋਲੀ 'ਤੇ ਨਿਰਭਰ ਕਰਦੇ ਹਨ।

ਕੋਈ ਦਸ ਹਜ਼ਾਰ ਸਾਲ ਹੋਏ ਮਿਸਰ ਵਾਲਿਆਂ ਨੇ ਕਣਕ ਦੀ ਫਸਲ ਦੀ ਕਾਸ਼ਤਕਾਰੀ ਦੀ ਸਫਲਤਾ ਹੋਣ 'ਤੇ 'ਮਿਨ' ਦੇਵਤੇ ਦੀ ਪੂਜਾ ਕੀਤੀ, ਜਿਸ ਦਾ ਜ਼ਿਕਰ ਬਾਈਬਲ 'ਓਲਡ ਟੈਸਟੇਮੈਂਟ' ਵਿਚ ਹਜ਼ਰਤ ਮੂਸਾ ਆਪਣੇ ਪੈਰੋਕਾਰਾਂ 19 ਮਾਰਚ ਤੋਂ ਲੈ ਕੇ 30 ਮਾਰਚ ਤੱਕ ਖੁਸ਼ੀਆਂ ਮਨਾਉਣ ਲਈ ਆਖਦਾ ਹੋਇਆ, ਇਹ ਵੀ ਦੱਸ ਦਿੰਦਾ ਹੈ ਕਿ ਇਹ ਤੁਹਾਡਾ ਧਾਰਮਿਕ ਮੇਲਾ ਨਹੀਂ, ਪਰ ਤੁਸੀਂ ਵੀ ਇਸ ਵਕਤ ਬਾਕੀ ਲੋਕਾਂ ਨਾਲ ਰਲ ਕੇ ਖੁਸ਼ੀਆਂ ਮਨਾਓ, ਅਤੇ ਨਾਲ ਹੀ ਕਣਕ ਦੀ ਫਸਲ ਦੀ ਵਾਢੀ ਬਾਰੇ ਕੁਝ ਹਦਾਇਤਾਂ ਹਨ। ਫਸਲ ਵੱਢਣ ਸਮੇਂ ਫਸਲ ਐਨ ਬੰਨੀ ਤੱਕ ਨਾ ਵੱਢੋ, ਕੁਝ ਹਿੱਸਾ ਗਰੀਬ-ਗੁਰਬੇ ਲਈ ਛੱਡਣਾ ਚਾਹੀਦਾ ਹੈ। ਪੰਜਾਬ ਵਿਚ ਵੀ ਵਾਢੀ ਸਮੇਂ ਮੁਰੀਂਡਾ ਛੱਡਿਆ ਜਾਂਦਾ ਸੀ ਅਤੇ ਦੂਜੀ ਹਦਾਇਤ ਹੈ ਕਿ ਵਾਢੀ ਸਮੇਂ ਹੱਥੋਂ ਡਿੱਗਿਆ ਹੋਇਆ ਸਿੱਟਾ ਗਰੀਬ-ਗੁਰਬੇ ਦੇ ਚੁਗਣ ਲਈ ਛੱਡ ਦਿਓ।

ਪੰਜਾਬ ਵਿਚ ਕਣਕ ਦੀ ਕਾਸ਼ਤ ਆਰੀਆ ਲੋਕਾਂ ਨਾਲ ਸ਼ੁਰੂ ਹੁੰਦੀ ਹੈ। ਆਰੀਆਂ ਨੇ ਨਾਲ ਹੀ ਕੁਝ ਮਿਸਰ ਦੇ ਪੁਜਾਰੀ ਵੀ ਆਏ, ਜਿਹਨਾਂ ਨੂੰ ਮਿਸਰ ਕਰਕੇ ਜਾਣਿਆ ਜਾਂਦਾ ਸੀ। ਤਕਰੀਬਨ ਹਰ ਪਿੰਡ ਵਿਚ ਇਕ ਮਿਸਰ ਪਰਿਵਾਰ ਹੁੰਦਾ ਸੀ। ਮਿਸਰ ਪਰਿਵਾਰ ਨੂੰ ਬ੍ਰਹਮਣ ਕਹਿਣ ਲ ਪਏ।ਥਿਤ ਵਾਰਾਂ ਦਾ ਹਿਸਾਬ-ਕਿਤਾਬ ਰੱਖਣਾ, ਗਮੀ-ਖੁਸ਼ੀ ਦੀਆਂ ਰਸਮਾਂ ਨਿਭਾਉਣੀਆਂ ਉਸੇ ਦੀ ਜ਼ਿੰਮੇਵਾਰੀ ਸੀ। ਪੰਜਾਬ ਵਿਚ ਵੈਸਾਖੀ ਦੀ ਸ਼ੁਰੂਆਤ ਵੀ ਮਿਸਰ (ਬ੍ਰਾਹਮਣ) ਵੱਲੋਂ ਹੀ ਕੀਤੀ ਗਈ ਹੈ। ਇਸੇ ਲਈ ਮੇਲਿਆਂ ਤਿਉਹਾਰਾਂ ਦੀ ਵੰਡ ਸਮੇਂ ਉਸ ਨੇ ਵੈਸਾਖੀ 'ਤੇ ਹੱਕ ਜਤਾਇਆ।

ਭਾਰਤ ਇਕ ਵਿਸ਼ਾਲ ਦੇਸ਼ ਹੈ। ਇਸ ਦੇ ਵੱਖ-ਵੱਖ ਪ੍ਰਾਂਤਾਂ 'ਚ ਕੋਈ ਮਹੀਨਾ ਜਾਂ ਦਿਨ ਖਾਲੀ ਨਹੀਂ ਜਾਂਦਾ ਜਿਸ ਵਿਚ ਕੋਈ ਤਿਉਹਾਰ ਜਾਂ ਮੇਲਾ ਨਾ ਮਨਾਇਆ ਜਾਂਦਾ ਹੋਵੇ ਕਿਉਂਕਿ ਇਸ ਦੀ ਵਿਭਿੰਨਤਾ 'ਚ ਹੀ 'ਏਕਤਾ' ਹੈ। ਇਨ੍ਹਾਂ ਮੇਲਿਆਂ ਤੇ ਤਿਉਹਾਰਾਂ 'ਚੋਂ ਵਿਸਾਖੀ ਇਕ ਖਾਸ ਤਿਉਹਾਰ ਜਾਂ ਮੇਲਾ ਹੈ। ਮੇਲਿਆਂ ਦਾ ਸਬੰਧ ਸਾਡੇ ਸਭਿਆਚਾਰ, ਇਤਿਹਾਸ ਅਤੇ ਧਾਰਮਿਕ ਵਿਰਸੇ ਨਾਲ ਹੈ। ਇਹ ਤਿਉਹਾਰ ਜਾਂ ਮੇਲੇ ਕਈ ਤਰ੍ਹਾਂ ਦੇ ਹਨ। ਰੁੱਤਾਂ ਨਾਲ ਸਬੰਧਤ ਮੇਲਿਆਂ ਵਿਚੋਂ, ਇਕ ਵਿਸਾਖੀ ਦਾ ਮੇਲਾ ਹੈ ਜੋ ਬਹੁਤ ਪ੍ਰਸਿੱਧ ਹੈ ਤੇ ਇਹ ਪਵਿੱਤਰ ਪੁਰਬ ਹਰ ਸਾਲ ਵਿਸਾਖ ਮਹੀਨੇ ਦੀ ਸੰਗਰਾਂਦ ਮਿਤੀ: 13 ਜਾਂ 14 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ। ਇਸ ਕਰਕੇ ਹੀ ਇਸ ਨੂੰ 'ਵਿਸਾਖੀ' ਕਿਹਾ ਜਾਂਦਾ ਹੈ। ਇਕ ਕਾਵਿ ਸਤਰ ਅਨੁਸਾਰ:

'ਚੜ੍ਹੇ ਵਿਸਾਖ ਵਿਸਾਖੀ ਆਈ,
ਮੇਲਾ ਦੇਖਣ ਤੁਰੀ ਲੁਕਾਈ'।

ਹਿੰਦੂ ਧਰਮ ਅਨੁਸਾਰ ਵਿਸਾਖੀ: ਇਸ ਦਿਨ ਦੀ ਇਤਿਹਾਸਕ ਮਹਾਨਤਾ ਇਸ ਲਈ ਵੀ ਹੈ ਕਿ ਇਸ ਦਿਨ ਹਿੰਦੂ ਰਾਜਾ, ਮਹਾਰਾਜਾ ਬਿਕਰਮਾਦਿੱਤਯ ਨੇ 57 ਈਸਾ ਪੂਰਬ ਵਿਚ ਸ਼ਾਕਾਂ ਨੂੰ ਹਰਾਉਣ ਤੋਂ ਬਾਅਦ 'ਹਿੰਦੂ ਵਿਕਰਮੀ ਸੰਮਤ ਕੈਲੰਡਰ (ਯੁਗ) ਦੀ ਸ਼ੁਰੂਆਤ ਕੀਤੀ ਸੀ ਤੇ ਹਿੰਦੂ ਇਸ ਦਿਨ ਨੂੰ 'ਵੈਸਾਖ ਸੰਕ੍ਰਾਂਤੀ' ਵਜੋਂ ਵੀ ਮਨਾਉਂਦੇ ਹਨ। ਇਸ ਦਿਨ ਨੂੰ ਭਾਰਤ ਦੇ ਹੋਰ ਹਿੱਸਿਆਂ ਵਿਚ ਵੱਖ-ਵੱਖ ਖੇਤਰੀ ਨਾਵਾਂ ਨਾਲ ਜਾਣਿਆ ਜਾਂਦਾ ਹੈ। ਬਹੁਤ ਸਾਰੇ ਹਿੰਦੂ ਭਾਈਚਾਰਿਆਂ ਲਈ, ਤਿਉਹਾਰ ਗੰਗਾ, ਜੇਹਲਮ ਅਤੇ ਕਾਵੇਰੀ ਵਰਗੀਆਂ ਪਵਿੱਤਰ ਨਦੀਆਂ ਵਿਚ ਰਸਮੀ ਤੌਰ 'ਤੇ ਇਸ਼ਨਾਨ ਕਰਨ, ਮੰਦਰਾਂ ਵਿਚ ਜਾਣ, ਦੋਸਤਾਂ ਨੂੰ ਮਿਲਣ, ਹੋਰ ਤਿਉਹਾਰਾਂ ਵਿਚ ਹਿੱਸਾ ਲੈਣ ਅਤੇ ਖਾਸ ਤੌਰ 'ਤੇ ਇਕ ਲਾਜ਼ਮੀ ਦਾਨ ਕਰਨ ਦਾ ਇਕ ਖਾਸ ਮੌਕਾ ਹੈ। ਹੱਥ ਦੇ ਪੱਖੇ, ਪਾਣੀ ਦੇ ਘੜੇ ਅਤੇ ਮੌਸਮੀ ਫਲ। ਹਿੰਦੂ ਤੀਰਥ ਸਥਾਨਾਂ 'ਤੇ ਭਾਈਚਾਰਕ ਮੇਲੇ ਲੱਗਦੇ ਹਨ। ਕਈ ਇਲਾਕਿਆਂ ਵਿਚ ਮੰਦਰ ਦੇਵੀ-ਦੇਵਤਿਆਂ ਦੇ ਜਲੂਸ ਕੱਢੇ ਜਾਂਦੇ ਹਨ।

ਕੁਝ ਹਿੰਦੂਆਂ ਲਈ, ਵੈਸਾਖ ਦਾ ਪਹਿਲਾ ਦਿਨ ਰਵਾਇਤੀ ਸੂਰਜੀ ਨਵੇਂ ਸਾਲ ਨੂੰ ਦਰਸਾਉਂਦਾ ਹੈ। ਆਸਾਮ, ਬੰਗਾਲ, ਬਿਹਾਰ, ਹਿਮਾਚਲ ਪ੍ਰਦੇਸ਼, ਹਰਿਆਣਾ, ਕੇਰਲ, ਉੜੀਸਾ, ਪੰਜਾਬ, ਤਾਮਿਲਨਾਡੂ, ਉਤਰ ਪ੍ਰਦੇਸ਼ ਵਿਚ, ਉਤਰਾਖੰਡ ਅਤੇ ਭਾਰਤ ਦੇ ਹੋਰ ਹਿੱਸੇ।ਹਾਲਾਂਕਿ ਇਹ ਸਾਰੇ ਹਿੰਦੂਆਂ ਲਈ ਵਿਸ਼ਵਵਿਆਪੀ ਨਵਾਂ ਸਾਲ ਨਹੀਂ ਹੈ। ਕੁਝ ਲੋਕਾਂ ਲਈ, ਜਿਵੇਂ ਕਿ ਗੁਜਰਾਤ ਵਿਚ ਅਤੇ ਉਸ ਦੇ ਨੇੜੇ, ਨਵੇਂ ਸਾਲ ਦੇ ਤਿਉਹਾਰ ਪੰਜ-ਪੰਜ ਦਿਨਾਂ ਦੀਵਾਲੀ ਦੇ ਤਿਉਹਾਰ ਨਾਲ ਮੇਲ ਖਾਂਦੇ ਹਨ। ਦੂਜਿਆਂ ਲਈ ਨਵਾਂ ਸਾਲ ਚੇਤੀ ਚੰਦ, ਗੁੜੀ ਪਦਵਾ ਅਤੇ ਉਗਾਦੀ 'ਤੇ ਪੈਂਦਾ ਹੈ ਜੋ ਕੁਝ ਹਫਤੇ ਪਹਿਲਾਂ ਆਉਂਦਾ ਹੈ। ਵਾਢੀ ਪੂਰੀ ਹੋ ਗਈ ਹੈ ਅਤੇ ਫਸਲਾਂ ਵੇਚਣ ਲਈ ਤਿਆਰ ਹਨ, ਜੋ ਕਿਸਾਨਾਂ ਲਈ ਕਾਫੀ ਸਮਾਂ ਦਰਸਾਉਂਦੀਆਂ ਹਨ। ਹਿੰਦੂ ਪਰੰਪਰਾ ਵਿਚ ਮੇਲੇ ਅਤੇ ਵਿਸ਼ੇਸ਼ ਧੰਨਵਾਦੀ ਪੂਜਾ ਜਾਂ ਪ੍ਰਾਰਥਨਾਵਾਂ ਆਮ ਹਨ।

ਇਸ ਨੂੰ ਖੇਤਰੀ ਤੌਰ 'ਤੇ ਹਿੰਦੂਆਂ ਵਿਚ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ। ਹਾਲਾਂਕਿ ਤਿਉਹਾਰ ਅਤੇ ਇਸ ਦਾ ਮਹੱਤਵ ਸਮਾਨ ਹੈ। ਇਹ ਹਿੰਦੂਆਂ ਦੁਆਰਾ ਪਵਿੱਤਰ ਨਦੀਆਂ ਵਿਚ ਇਸ਼ਨਾਨ ਕਰਕੇ ਮਨਾਇਆ ਜਾਂਦਾ ਹੈ, ਕਿਉਂਕਿ ਉਹ ਮੰਨਦੇ ਹਨ ਕਿ ਨਦੀ ਦੇਵੀ 'ਗੰਗਾ' ਸਵਰਗ ਤੋਂ ਵੈਸਾਖੀ ਨੂੰ ਧਰਤੀ ਉੱਤੇ ਉੱਤਰੀ ਸੀ। ਖਾਸ ਤੌਰ 'ਤੇ ਪਵਿੱਤਰ ਮੰਨੀਆਂ ਜਾਂਦੀਆਂ ਕੁਝ ਨਦੀਆਂ ਵਿਚ ਗੰਗਾ, ਜੇਹਲਮ ਅਤੇ ਕਾਵੇਰੀ ਸ਼ਾਮਲ ਹਨ। ਹਿੰਦੂ ਮੰਦਰਾਂ ਵਿਚ ਜਾਂਦੇ ਹਨ, ਦੋਸਤਾਂ ਨੂੰ ਮਿਲਦੇ ਹਨ ਅਤੇ ਤਿਉਹਾਰਾਂ ਦੇ ਭੋਜਨਾਂ 'ਤੇ ਪਾਰਟੀ ਕਰਦੇ ਹਨ।

ਹਰਿਦੁਆਰ ਵਿਚ ਵੈਸਾਖੀ ਉਹ ਦਿਨ ਹੈ ਜਦੋਂ ਹਿੰਦੂ ਵਿਸ਼ਵਾਸ ਕਰਦੇ ਹਨ ਕਿ ਦੇਵੀ ਗੰਗਾ ਨਦੀ ਸਵਰਗ ਤੋਂ ਧਰਤੀ 'ਤੇ ਆਈ ਸੀ। ਭਾਰਤ ਵਿਚ ਸਭ ਤੋਂ ਵੱਡੇ ਵਿਸਾਖੀ ਮੇਲੇ ਵਿਚੋਂ ਇਕ ਹਰਿਦੁਆਰ ਵਿਖੇ ਲਗਾਇਆ ਜਾਂਦਾ ਹੈ, ਜੋ ਇਕ ਮਹੱਤਵਪੂਰਨ ਹਿੰਦੂ ਤੀਰਥ ਸਥਾਨ ਹੈ। ਇਸ ਤਿਉਹਾਰ 'ਤੇ ਗੰਗਾ ਨਦੀ ਵਿਚ ਇਸ਼ਨਾਨ ਕਰਨ ਲਈ ਹਰਿਦੁਆਰ ਦੇ ਬ੍ਰਹਮ ਕੁੰਡ ਵਿਚ ਲਗਭਗ 50 ਲੱਖ ਸ਼ਰਧਾਲੂ ਇਕੱਠੇ ਹੁੰਦੇ ਹਨ।

ਅਣਵੰਡੇ ਪੰਜਾਬ ਵਿਚ, ਕਟਾਸ ਰਾਜ ਦਾ ਹਿੰਦੂ ਤੀਰਥ ਸਥਾਨ ਇਸ ਦੇ ਵਿਸਾਖੀ ਮੇਲੇ ਲਈ ਜਾਣਿਆ ਜਾਂਦਾ ਸੀ। ਇਸ ਵਿਚ ਲਗਭਗ ਦਸ ਹਜ਼ਾਰ ਸ਼ਰਧਾਲੂਆਂ ਨੇ ਸ਼ਿਰਕਤ ਕੀਤੀ ਜੋ ਜ਼ਿਆਦਾਤਰ ਹਿੰਦੂ ਸਨ।ਇਸੇ ਤਰ੍ਹਾਂ ਬੈਰਾਗੀ ਬਾਬਾ ਰਾਮ ਥਮਨ ਦੇ ਅਸਥਾਨ 'ਤੇ, 16ਵੀਂ ਸਦੀ ਈਸਵੀ ਤੋਂ ਹਰ ਸਾਲ ਵਿਸਾਖੀ ਦਾ ਮੇਲਾ ਲਗਦਾ ਸੀ, ਜਿਸ ਵਿਚ ਲਗਭਗ ਸੱਠ ਹਜ਼ਾਰ ਸ਼ਰਧਾਲੂ ਸ਼ਾਮਲ ਹੁੰਦੇ ਸਨ ਅਤੇ ਪੂਰੇ ਭਾਰਤ ਤੋਂ ਬੈਰਾਗੀ ਸੰਤਾਂ ਨੇ ਇਸ ਅਸਥਾਨ 'ਤੇ ਹਾਜ਼ਰੀ ਭਰੀ ਸੀ।



ਵਿਸਾਖੀ ਮੇਲੇ ਦਾ ਸਭ ਤੋਂ ਸ਼ਾਨਦਾਰ ਇਕੱਠ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਪੰਡੋਰੀ ਮਹਿਤਾਨ ਵਿਖੇ ਭਗਵਾਨ ਨਰਾਇਣ ਜੀ ਦੇ ਠਾਕੁਰਦੁਆਰੇ ਵਿਖੇ ਹੁੰਦਾ ਹੈ, ਜਿੱਥੇ ਇਹ ਮੇਲਾ 1 (ਇਕ) ਵੈਸਾਖ ਤੋਂ 3 ਵੈਸਾਖ ਤੱਕ ਤਿੰਨ ਦਿਨ ਚਲਦਾ ਹੈ। ਜਸ਼ਨ! ਵੈਸਾਖ ਦੀ ਸਵੇਰ ਨੂੰ ਜਲੂਸ ਦੇ ਰੂਪ ਵਿਚ ਸ਼ੁਰੂ ਹੁੰਦੇ ਹਨ, ਬ੍ਰਹਮਚਾਰੀਆਂ ਅਤੇ ਸ਼ਰਧਾਲੂਆਂ ਦੁਆਰਾ ਮਹੰਤ ਨੂੰ ਪਾਲਕੀ ਵਿਚ ਲੈ ਕੇ ਜਾਂਦੇ ਹਨ। ਉਸ ਤੋਂ ਬਾਅਦ ਨਵਗ੍ਰਹਿ ਪੂਜਾ ਕੀਤੀ ਜਾਂਦੀ ਹੈ ਅਤੇ ਧਨ, ਅਨਾਜ ਅਤੇ ਗਾਵਾਂ ਦਾ ਦਾਨ ਕੀਤਾ ਜਾਂਦਾ ਹੈ। ਸ਼ਾਮ ਨੂੰ ਸੰਕੀਰਤਨ ਹੁੰਦਾ ਹੈ ਜਿਸ ਵਿਚ ਮਹੰਤ ਧਾਰਮਿਕ ਪ੍ਰਵਚਨ ਕਰਦੇ ਹਨ ਅਤੇ ਪ੍ਰਸ਼ਾਦ ਵੰਡ ਕੇ ਸਮਾਪਤੀ ਕਰਦੇ ਹਨ। ਸਭ ਸ਼ਰਧਾਲੂ ਧਾਰਮਿਕ ਸਥਾਨ ਦੇ ਪਵਿੱਤਰ ਸਰੋਵਰ 'ਤੇ ਰਸਮੀ ਇਸ਼ਨਾਨ ਵੀ ਕਰਦੇ ਹਨ।

ਵਿਸਾਖੀ ਦਾ ਤਿਉਹਾਰ ਲਗਭਗ ਭਾਰਤ ਦੇ ਸਾਰੇ ਪ੍ਰਾਂਤਾਂ ਵਿਚ ਮਨਾਇਆ ਜਾਂਦਾ ਹੈ। ਲੋਕ ਆਪਣੇ-ਆਪਣੇ ਵਿਸ਼ਵਾਸ ਅਨੁਸਾਰ ਧਾਰਮਿਕ ਸਥਾਨਾਂ 'ਤੇ ਜਾਂਦੇ ਹਨ, ਪਾਠ-ਪੂਜਾ ਕਰਨ ਬਾਅਦ ਦਰਿਆਵਾਂ ਜਾਂ ਸਰੋਵਰਾਂ 'ਚ ਇਸ਼ਨਾਨ ਕਰਦੇ ਹਨ ਅਤੇ ਤਰ੍ਹਾਂ-ਤਰ੍ਹਾਂ ਦੇ ਪਕਵਾਨ ਤੇ ਮਠਿਆਈਆਂ ਖਾ ਕੇ ਆਨੰਦ ਮਾਣਦੇ ਹਨ।

ਪੰਜਾਬ 'ਚ ਵਿਸਾਖੀ ਦਾ ਤਿਉਹਾਰ: ਇਹ ਸਿੱਖ ਧਰਮ ਦੇ ਲੋਕਾਂ ਲਈ ਬਹੁਤ ਮਹੱਤਵਪੂਰਨ ਦਿਨ ਹੈ ਅਤੇ ਸਿੱਖ ਕੈਲੰਡਰ ਵਿਚ ਸਭ ਤੋਂ ਰੰਗੀਨ ਸਮਾਗਮਾਂ ਵਿਚੋਂ ਇਕ ਹੈ। ਇਹ ਹਰ ਸਾਲ ਅਪ੍ਰੈਲ ਮਹੀਨੇ ਦੇ ਅੱਧ ਵਿਚ ਹੁੰਦਾ ਹੈ ਅਤੇ ਰਵਾਇਤੀ ਤੌਰ 'ਤੇ ਪੰਜਾਬ ਵਿਚ ਸਾਲ ਲਈ ਫਸਲਾਂ ਦੀ ਪਹਿਲੀ ਕਟਾਈ ਨਾਲ ਸ਼ੁਰੂ ਹੁੰਦਾ ਹੈ। ਇਤਿਹਾਸਕ ਤੌਰ 'ਤੇ ਤਿਉਹਾਰ ਬਹੁਤ ਖੁਸ਼ੀ ਦਾ ਮੌਕਾ ਅਤੇ ਜਸ਼ਨ ਦਾ ਸਮਾਂ ਰਿਹਾ ਹੈ। ਹਾਲਾਂਕਿ, 1699 ਤੋਂ, ਇਸ ਨੇ ਖਾਲਸਾ ਪੰਥ ਦੀ ਸਿਰਜਣਾ ਦੀ ਬਹੁਤ ਮਹੱਤਵਪੂਰਨ ਧਾਰਮਿਕ ਘਟਨਾ ਨੂੰ ਚਿੰਨਿਤ ਕੀਤਾ ਹੈ।

ਵਿਸਾਖੀ, ਵੈਸਾਖ ਮਹੀਨੇ ਦੇ ਪਹਿਲੇ ਦਿਨ ਆਉਂਦੀ ਹੈ ਅਤੇ ਮੇਸ਼ਾ ਰਾਸ਼ੀ ਵਿਚ ਸੂਰਜ ਦੇ ਪ੍ਰਵੇਸ਼ ਨੂੰ ਦਰਸਾਉਂਦੀ ਹੈ, ਜੋ ਕਿ ਸੂਰਜ ਦੀ ਮੇਸ਼ ਵਿਚ ਤਬਦੀਲੀ ਨੂੰ ਦਰਸਾਉਂਦੀ ਹੈ। ਇਸ ਦਿਨ ਨੂੰ ਭਾਰਤ ਵਿਚ ਮੇਸ਼ਾ ਸੰਕ੍ਰਾਂਤੀ ਵੀ ਕਿਹਾ ਜਾਂਦਾ ਹੈ। ਇਸ ਲਈ ਵਿਸਾਖੀ ਸੂਰਜੀ ਕੈਲੰਡਰ ਦੁਆਰਾ ਨਿਰਧਾਰਿਤ ਕੀਤੀ ਜਾਂਦੀ ਹੈ। ਵਿਸਾਖੀ ਆਮ ਤੌਰ 'ਤੇ 13 ਜਾਂ 14 ਅਪ੍ਰੈਲ ਨੂੰ ਆਉਂਦੀ ਹੈ ਅਤੇ 15 ਅਪ੍ਰੈਲ ਨੂੰ ਹਰ 36 ਸਾਲਾਂ ਵਿਚ ਇਕ ਵਾਰ ਆਉਂਦੀ ਹੈ। ਸੰਨ 2003 ਤੋਂ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਨਾਨਕਸ਼ਾਹੀ ਕੈਲੰਡਰ' ਦੇ ਅਨੁਸਾਰ ਦੂਸਰੇ ਮਹੀਨੇ ਦਾ ਪਹਿਲਾ ਦਿਨ ਬਣਾਉਂਦੇ ਹੋਏ, ਜਿਸ ਮਹੀਨੇ ਵਿਚ ਵਿਸਾਖੀ ਆਉਂਦੀ ਹੈ, ਦਾ ਨਾਮ ਵੈਸਾਖ ਰੱਖਿਆ ਹੈ।

ਸਿੱਖ ਧਾਰਮਿਕ ਤਿਉਹਾਰ ਵਜੋਂ ਵਿਸਾਖੀ ਦੀ ਮਹੱਤਤਾ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ ਅਧੀਨ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰਨ ਲਈ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ 'ਚ ਕਤਲ ਕਰਨ ਤੋਂ ਬਾਅਦ ਸ਼ੁਰੂ ਹੋਈ ਸੀ। ਇਸ ਨੇ ਸਿੱਖ ਧਰਮ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਸ਼ੁਰੂ ਕੀਤਾ, ਜਿਸ ਨੇ ਬਾਅਦ ਵਿਚ 1699 ਦੀ ਈਸਵੀ ਦੀ ਵਿਸਾਖੀ ਨੂੰ 'ਖਾਲਸੇ ਦਾ ਉਦਘਾਟਨ' ਕੀਤਾ। ਮਾਲਵੇ ਵਿਚ ਸਿੱਖ ਲਹਿਰ ਦੀ ਤਾਕਤ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਦੌਰਾਨ ਪੰਜਾਬ ਦਾ ਖੇਤਰ, ਜਿਸ ਨਾਲ ਉਹਨਾਂ ਦੇ ਕਤਲ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ 'ਖਾਲਸੇ ਦੀ ਨੀਂਹ', ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਅਗਵਾਈ ਕੀਤੀ ਗਈ ਸੀ।

ਇਸ ਨੇ ਵਿਸਾਖੀ ਨੂੰ ਖਾਲਸੇ ਦੀ ਸਥਾਪਨਾ ਦੇ ਜਸ਼ਨ ਵਜੋਂ ਮਨਾਏ ਜਾਣ ਦਾ ਇਕ ਵਾਧੂ ਪਹਿਲੂ ਦਿੱਤਾ ਅਤੇ ਇਸ ਨੂੰ 'ਖਾਲਸਾ ਸਿਰਜਣਾ ਦਿਵਸ' ਜਾਂ 'ਖਾਲਸਾ ਸਾਜਨਾ ਦਿਵਸ' ਵਜੋਂ ਵੀ ਜਾਣਿਆ ਜਾਂਦਾ ਹੈ। ਖਾਲਸਾ ਪੰਥ ਦਾ ਜਨਮ 30 ਮਾਰਚ, 1699 ਨੂੰ ਹੋਇਆ ਸੀ।

ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ 12 ਅਪ੍ਰੈਲ 1801 (ਵਿਸਾਖੀ ਦੇ ਨਾਲ ਦਾ ਦਿਨ) ਨੂੰ ਸਿੱਖ ਸਾਮਰਾਜ ਦਾ ਮਹਾਰਾਜਾ ਘੋਸ਼ਿਤ ਕੀਤਾ ਗਿਆ, ਇਕ ਏਕੀਕ੍ਰਿਤ ਰਾਜਨੀਤਿਕ ਰਾਜ ਦੀ ਸਿਰਜਣਾ, ਗੁਰੂ ਨਾਨਕ ਦੇਵ ਜੀ ਦੇ ਵੰਸ਼ਜ਼ ਸਾਹਿਬ ਸਿੰਘ ਬੇਦੀ ਦੇ ਨਾਲ ਤਾਜਪੋਸ਼ੀ ਦਾ ਸੰਚਾਲਨ ਕੀਤਾ ਗਿਆ।

ਵਿਸਾਖੀ ਨੂੰ ਗੁਰਪੁਰਬ ਜਾਂ ਗੁਰੂ ਦੇ ਪ੍ਰਕਾਸ਼ ਪੁਰਬ ਵਾਂਗ ਹੀ ਮਨਾਇਆ ਜਾਂਦਾ ਹੈ, ਗੁਰਦੁਆਰਿਆਂ ਨੂੰ ਸਜਾਇਆ ਜਾਂਦਾ ਹੈ ਅਤੇ ਉਥੇ ਕੀਰਤਨ ਅਤੇ ਧਾਰਮਿਕ ਭਾਸ਼ਣ ਸੁਣਨ ਵਾਲੇ ਸਿੱਖ ਹਾਜ਼ਰ ਹੁੰਦੇ ਹਨ। ਬਹੁਤ ਸਾਰੇ ਸਿੱਖ ਵੀ ਇਸ ਦਿਨ ਖਾਲਸਾ ਹੁਕਮ ਵਿਚ ਸ਼ਾਮਲ ਹੋਣ ਦੀ ਚੋਣ ਕਰਦੇ ਹਨ। ਅਰਦਾਸ ਤੋਂ ਬਾਅਦ, ਕੜਾਹ ਪ੍ਰਸ਼ਾਦ ਫਿਰ ਸੰਗਤ ਨੂੰ ਵਰਤਾਇਆ ਜਾਂਦਾ ਹੈ, ਅਤੇ ਸਮਾਗਮ ਦੀ ਸਮਾਪਤੀ ਲੰਗਰ ਜਾਂ ਕਮਿਊਨਿਟੀ ਲੰਚ ਨਾਲ ਹੁੰਦੀ ਹੈ। ਇਸ ਤਿਉਹਾਰ ਨੂੰ ਪੰਜ ਪਿਆਰਿਆਂ ਦੇ ਨੁਮਾਇੰਦਿਆਂ ਦੇ ਇਕ ਸਮੂਹ ਦੀ ਅਗਵਾਈ ਵਿਚ ਇਕ ਨਗਰ ਕੀਰਤਨ ਸਟਰੀਟ ਜਲੂਸ ਦੇ ਨਾਲ ਚਿੰਨ੍ਹਿਤ ਕੀਤਾ ਜਾਂਦਾ ਹੈ ਅਤੇ ਸੰਗੀਤ, ਗਾਇਨ ਅਤੇ ਜਾਪ ਪਾਠ ਜਸ਼ਨ ਦਾ ਹਿੱਸਾ ਹਨ।

ਪੰਜਾਬ ਵਿਚ ਖਾਲਸੇ ਦੇ ਸਾਜਨਾ ਦਿਵਸ ਨੂੰ ਮਨਾਉਣ ਲਈ ਕਈ ਥਾਂਵਾਂ 'ਤੇ ਮੇਲੇ ਲੱਗਦੇ ਹਨ। ਵਿਸਾਖੀ ਵਾਲੇ ਦਿਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਲਾਨਾ ਮੇਲਾ ਲੱਗਦਾ ਹੈ। ਇਸ ਮੌਕੇ ਨੂੰ ਮਨਾਉਣ ਲਈ ਆਨੰਦਪੁਰ ਸਾਹਿਬ ਸ਼ਹਿਰ ਵਿਚੋਂ ਇਕ ਜਲੂਸ ਕੱਢਿਆ ਜਾਂਦਾ ਹੈ। ਹੋਰ ਮਹੱਤਵਪੂਰਨ ਸਥਾਨ ਜਿੱਥੇ ਵੱਡੇ ਇਕੱਠ ਹੁੰਦੇ ਹਨ, ਉਹ ਹਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ। ਤਲਵੰਡੀ ਸਾਬੋ ਇੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਨੌਂ ਮਹੀਨੇ ਦੇ ਕਰੀਬ ਠਹਿਰਾਅ ਕੀਤਾ ਸੀ ਤੇ ਇਸੇ ਠਹਿਰਾਅ ਦੇ ਦੌਰਾਨ ਇੱਥੇ ਹੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਸੰਕਲਨ ਪੂਰਾ ਕੀਤਾ ਸੀ। ਖਾਲਸੇ ਦਾ ਜਨਮ ਸਥਾਨ ਸ੍ਰੀ ਆਨੰਦਪੁਰ ਸਾਹਿਬ ਦੇ ਗੁਰਦੁਆਰੇ ਸਾਹਿਬ ਵਿਚ ਇਕ ਵਿਸ਼ੇਸ਼ ਜ਼ਸ਼ਨ ਮਨਾਇਆ ਜਾਂਦਾ ਹੈ। ਖਾਲਸਾ ਅਤੇ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਵਿਖੇ, ਜਸ਼ਨਾਂ ਵਿਚ ਤਲਵਾਰਾਂ, ਲਾਠੀਆਂ ਅਤੇ ਖੰਜਰਾਂ ਦੀ ਵਰਤੋਂ ਕਰਦੇ ਹੋਏ ਗਤਕੇ ਦੀ ਮਾਰਸ਼ਲ ਆਰਟ ਦਾ ਪ੍ਰਦਰਸ਼ਨ ਕਰਨਾ ਸ਼ਾਮਲ ਹੈ।

ਵਾਢੀ ਦਾ ਤਿਉਹਾਰ: ਵਿਸਾਖੀ ਉੱਤਰੀ ਭਾਰਤ ਦੇ ਲੋਕਾਂ ਲਈ ਵਾਢੀ ਦਾ ਤਿਉਹਾਰ ਹੈ। ਪੰਜਾਬ ਵਿਚ, ਵਿਸਾਖੀ ਹਾੜੀ ਦੀ ਫਸਲ ਪੱਕਣ ਦੀ ਨਿਸ਼ਾਨਦੇਹੀ ਕਰਦੀ ਹੈ। ਪੰਜਾਬ ਵਿਚ ਇਸ ਦਿਨ ਨੂੰ ਕਿਸਾਨਾਂ ਦੁਆਰਾ ਧੰਨਵਾਦ ਦਿਵਸ ਵਜੋਂ ਮਨਾਇਆ ਜਾਂਦਾ ਹੈ,ਜਿਸ ਵਿਚ ਕਿਸਾਨ ਆਪਣੀ ਸ਼ਰਧਾਂਜਲੀ ਭੇਂਟ ਕਰਦੇ ਹਨ, ਭਰਪੂਰ ਫਸਲ ਲਈ ਪ੍ਰਮਾਤਮਾ ਦਾ ਧੰਨਵਾਦ ਕਰਦੇ ਹਨ ਅਤੇ ਭਵਿੱਖ ਦੀ ਖੁਸ਼ਹਾਲੀ ਲਈ ਪ੍ਰਾਰਥਨਾ ਕਰਦੇ ਹਨ। ਵਾਢੀ ਦਾ ਤਿਉਹਾਰ ਹਿੰਦੂਆਂ ਅਤੇ ਸਿੱਖਾਂ ਦੁਆਰਾ ਮਨਾਇਆ ਜਾਂਦਾ ਹੈ। ਪੰਜਾਬ ਵਿਚ ਇਤਿਹਾਸਕ ਤੌਰ 'ਤੇ, 20 ਵੀਂ ਸਦੀ ਦੇ ਸ਼ੁਰੂ ਵਿਚ, ਵੈਸਾਖੀ ਹਿੰਦੂਆਂ ਅਤੇ ਸਿੱਖਾਂ ਲਈ ਇਕ ਪਵਿੱਤਰ ਦਿਨ ਸੀ ਅਤੇ ਸਾਰੇ ਮੁਸਲਮਾਨਾਂ ਅਤੇ ਇਸਾਈਆਂ ਲਈ ਇਕ ਧਰਮ ਨਿਰਪੱਖ ਤਿਉਹਾਰ ਸੀ। ਅਜੋਕੇ ਸਮੇਂ ਵਿਚ ਕਈ ਵਾਰ ਪੰਜਾਬ ਵਿਚ ਇਸਾਈ, ਹਿੰਦੂਆਂ ਅਤੇ ਸਿੱਖਾਂ ਦੇ ਨਾਲ ਵਿਸਾਖੀ ਦੇ ਜਸ਼ਨਾਂ ਵਿਚ ਹਿੱਸਾ ਲੈਂਦੇ ਹਨ। ਵਾਢੀ ਦਾ ਤਿਉਹਾਰ ਵੀ ਲੋਕ-ਨਾਚ ਭੰਗੜਾ ਦੁਆਰਾ ਦਰਸਾਇਆ ਜਾਂਦਾ ਹੈ ਜੋ ਕਿ ਰਵਾਇਤੀ ਤੌਰ 'ਤੇ ਵਾਢੀ ਦਾ ਨਾਚ ਹੈ।

ਆਵਤ ਪੌਣੀ ਪੰਜਾਬ ਵਿਚ ਵਾਢੀ ਨਾਲ ਜੁੜੀ ਇਕ ਪ੍ਰੰਪਰਾ ਹੈ, ਜਿਸ ਵਿਚ ਕਣਕ ਦੀ ਵਾਢੀ ਕਰਨ ਲਈ ਲੋਕ ਇਕੱਠੇ ਹੁੰਦੇ ਹਨ। ਲੋਕ ਕੰਮ ਕਰਦੇ ਸਮੇਂ ਢੋਲ ਵਜਾਉਂਦੇ ਜਾਂਦੇ ਹਨ। ਦਿਨ ਦੇ ਅੰਤ ਵਿਚ, ਲੋਕ ਢੋਲ ਦੀਆਂ ਧੁੰਨਾਂ ਨਾਲ ਦੋਹੇ ਤੇ ਬੋਲੀਆਂ ਪਾਉਂਦੇ ਤੇ ਗਾਉਂਦੇ ਹਨ। ਸ਼ਾਇਦ ਇਸੇ ਸਮੇਂ ਨੂੰ ਦਰਸਾਉਂਦੀਆਂ ਕਿਸੇ ਸ਼ਾਇਰ ਦੀਆਂ ਸਤਰਾਂ ਨਿਮਨਲਿਖਤ ਅਨੁਸਾਰ ਹਨ:

'ਓਏ ਜੱਟਾ ਆਈ ਵਿਸਾਖੀ,
ਕਣਕਾਂ ਦੀ ਮੁੱਕ ਗਈ ਰਾਖੀ।'

ਇਸੇ ਤਰ੍ਹਾਂ ਦੇ ਦ੍ਰਿਸ਼ ਨੂੰ ਪੰਜਾਬੀ ਸਾਹਿਤ ਦੇ ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਆਪਣੀ ਇਕ ਬੜੀ ਪ੍ਰਸਿੱਧ ਕਵਿਤਾ 'ਵਿਸਾਖੀ ਦਾ ਮੇਲਾ' ਵਿਚ ਇਸ ਤਰ੍ਹਾਂ ਬਿਆਨ ਕਰਦਾ ਹੈ:

ਪੱਕ ਗਈਆਂ ਕਣਕਾਂ, ਲੁਕਾਠ ਰਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।
ਪੁੰਗਰੀਆਂ ਵੇਲਾ, ਵੇਲਾਂ ਰੁੱਖਾਂ ਚੜ੍ਹੀਆਂ,
ਫੁੱਲਾਂ ਹੇਠ ਫਲਾਂ ਨੇ, ਪਰੋਈਆਂ ਲੜੀਆਂ।
ਸਾਂਈ ਦੀ ਨਿਗਾਹ, ਜੱਗ 'ਤੇ ਸਵੱਲੀ ਏ,
ਚੱਲ ਨੀ ਪ੍ਰੇਮੀਏ, ਵਿਸਾਖੀ ਚੱਲੀਏ।

ਵਿਸਾਖੀ ਦੇ ਤਿਉਹਾਰ 'ਤੇ ਵੱਡੀ ਗਿਣਤੀ 'ਚ ਸਿੱਖ ਪਾਉਂਟਾ ਸਾਹਿਬ ਜਾਂਦੇ ਹਨ ਕਿਉਂਕਿ ਇੱਥੇ ਗੁਰੂ ਗੋਬਿੰਦ ਸਿੰਘ ਜੀ ਕੁਝ ਸਾਲ ਰਹੇ ਸਨ। ਪਾਉਂਟਾ ਸਾਹਿਬ ਗੁਰਦੁਆਰਾ ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਵਿਚ ਹੈ। ਇਹ ਸਥਾਨ ਜਮਨਾ ਨਦੀ ਦੇ ਨੇੜੇ ਸਥਿਤ ਹੈ। ਖਾਲਸੇ ਦੇ ਜਨਮ ਨੂੰ ਦਰਸਾਉਣ ਲਈ 1999 ਵਿਚ ਪਾਉਂਟਾ ਸਾਹਿਬ ਗੁਰਦੁਆਰੇ ਤੋਂ ਤਿੰਨ ਸ਼ਤਾਬਦੀ ਸਮਾਗਮ ਸ਼ੁਰੂ ਕੀਤੇ ਗਏ ਸਨ।

ਕਸ਼ਮੀਰ ਦੇ ਸਿੱਖ ਖਾਲਸੇ ਦੀ ਨੀਂਹ ਰੱਖਣ ਲਈ ਵਿਸਾਖੀ ਨੂੰ ਧਾਰਮਿਕ ਤਿਉਹਾਰ ਵਜੋਂ ਮਨਾਉਂਦੇ ਹਨ। ਉੱਤਰੀ ਭਾਰਤੀ ਮੈਦਾਨੀ ਖੇਤਰਾਂ ਦੇ ਉਲਟ ਜਿੱਥੇ ਵਿਸਾਖੀ ਵੀ ਵਾਢੀ ਨਾਲ ਜੁੜੀ ਹੋਈ ਹੈ, ਕਸ਼ਮੀਰ ਵਿਚ ਸਿੱਖਾਂ ਨੇ ਉਸ ਦਿਨ ਨੂੰ ਚਿੰਨ੍ਹਿਤ ਕੀਤਾ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ। ਕਸ਼ਮੀਰ ਦੇ ਸਾਰੇ ਗੁਰਦੁਆਰਿਆਂ ਵਿਚ ਬਾਜੇ ਨਾਲ ਕੀਰਤਨ ਹੁੰਦੇ ਹਨ। ਹਾਲਾਂਕਿ, ਮੁੱਖ ਜਸ਼ਨ ਰੈਣਵਾੜੀ ਵਿਚ ਛੇਵੀਂ ਪਾਤਸ਼ਾਹੀ ਗੁਰਦੁਆਰੇ ਵਿਚ ਹੁੰਦਾ ਹੈ। ਸਿੱਖ ਵਿਸਾਖੀ 'ਤੇ ਦੋਸਤਾਂ ਅਤੇ ਪਰਿਵਾਰਾਂ ਨੂੰ ਮਿਲਣ ਜਾਂਦੇ ਹਨ। ਤਿਉਹਾਰ ਨੂੰ ਮਨਾਉਣ ਲਈ ਲੋਕ ਵਿਸ਼ੇਸ਼ ਕੱਪੜੇ ਪਹਿਨਦੇ ਤੇ ਵਿਸ਼ੇਸ਼ ਭੋਜਨ ਤਿਆਰ ਕਰਦੇ ਹਨ। ਸਿੱਖ ਬਾਗਾਂ ਤੇ ਬਜ਼ਾਰਾਂ ਵਿਚ ਵੀ ਜਾਂਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਜਸ਼ਨ ਮਨਾਉਣ ਦਾ ਤਰੀਕਾ ਹੋਰ ਥਾਂਵਾਂ 'ਤੇ ਮਨਾਏ ਜਾਣ ਦੇ ਤਰੀਕੇ ਨਾਲੋਂ ਵੱਖਰਾ ਹੈ।

ਨਿਹੰਗ ਸਿੰਘ ਜਾਂ ਅਕਾਲੀ ਦਲ: ਇਹ ਇਕ ਹਥਿਆਰਬੰਦ ਸਿੱਖ ਯੋਧਾ ਸੰਗਠਨ ਹਨ, ਜਿਹਨਾਂ ਦੀ ਪੈਦਾਇਸ਼ ਸਿੱਖ ਧਰਮ ਦੇ ਛੇਵੇਂ ਗੁਰੂ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਹੋਈ ਸੀ ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਧਰਮ ਦੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਸੀ। ਇਹੀ ਮੁੱਖ ਕਾਰਨ ਸੀ ਕਿ ਗੁਰੂ ਜੀ ਨੇ ਆਪਣੇ ਧਰਮ ਦੀ ਰੱਖਿਆ ਤੇ ਸਵੈ-ਸੁਰੱਖਿਆ ਲਈ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਸਨ ਤੇ ਸਿੱਖਾਂ ਨੂੰ ਵੀ ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ ਸੀ। ਮੁਢਲੇ ਸਿੱਖ ਫੌਜੀ ਇਤਿਹਾਸ ਵਿਚ ਨਿਹੰਗਾਂ ਦਾ ਕਾਫੀ ਦਬਦਬਾ ਸੀ, ਜੋ ਉਹਨਾਂ ਦੀਆਂ ਜਿੱਤਾਂ ਲਈ ਜਾਣੇ ਜਾਂਦੇ ਸਨ ਤੇ ਉਹਨਾਂ ਨੇ ਗੁਰੂ ਸਾਹਿਬ ਨਾਲ ਮਿਲ ਕੇ ਕਈ ਜੰਗਾਂ ਵੀ ਲੜੀਆਂ ਤੇ ਜਿੱਤਾਂ ਵੀ ਪ੍ਰਾਪਤ ਕੀਤੀਆਂ। ਨਿਹੰਗਾਂ ਨੇ ਇਕ ਸਮੇਂ ਸਿੱਖ ਸਾਮਰਾਜ ਦੀਆਂ ਹਥਿਆਰਬੰਦ ਸੈਨਾਵਾਂ, ਸਿੱਖ ਖਾਲਸਾ ਫੌਜ ਦੇ ਅਨਿਯਮਿਤ ਗੁਰੀਲਾ ਦਸਤੇ ਵੀ ਬਣਾਏ ਸਨ। ਨਿਹੰਗ ਵਿਸਾਖੀ ਨੂੰ ਆਪਣੇ ਵਿਲੱਖਣ ਢੰਗ ਨਾਲ ਮਨਾਉਂਦੇ ਹਨ। ਉਹ ਮਾਰਸ਼ਲ ਆਰਟਸ, ਗਤਕੇ ਦੇ ਬੜੇ ਮਾਹਰ ਤੇ ਘੋੜ ਸਵਾਰੀ ਦੇ ਵਿਸਾਖੀ ਵਾਲੇ ਦਿਨ 'ਤੇ ਪ੍ਰਦਰਸ਼ਨ ਕਰਦੇ ਹਨ।

ਸਿੱਖ ਨਵਾਂ ਸਾਲ: ਖਾਲਸਾ ਸੰਮਤ ਅਨੁਸਾਰ ਖਾਲਸਾ ਕੈਲੰਡਰ ਖਾਲਸੇ ਦੀ ਸਾਜਨਾ ਨਾਲ ਸ਼ੁਰੂ ਹੁੰਦਾ ਹੈ ਜੋ ਕਿ 1 (ਇਕ) ਵਿਸਾਖ 1756 ਬਿਕਰਮੀ ਮੁਤਾਬਕ ਈਸਵੀ 13 ਅਪ੍ਰੈਲ 1699 ਹੈ। ਇਸ ਅਨੁਸਾਰ ਵਿਸਾਖੀ ਪਰੰਪਰਾਗਤ ਸਿੱਖ ਨਵਾਂ ਸਾਲ ਰਿਹਾ ਹੈ। ਇਹ ਤਿਉਹਾਰ ਪੰਜਾਬ ਖੇਤਰ ਵਿਚ ਰਵਾਇਤੀ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਦਾ ਵਿਕਲਪਿਕ ਨਾਨਕਸ਼ਾਹੀ ਕੈਲੰਡਰ ਆਪਣਾ ਸਾਲ, ਇਕ ਮਹੀਨਾ ਪਹਿਲਾਂ 1 (ਇਕ) ਚੇਤ ਨੂੰ ਸ਼ੁਰੂ ਹੁੰਦਾ ਹੈ ਜੋ ਆਮ ਤੌਰ 'ਤੇ 14 ਮਾਰਚ ਨੂੰ ਆਉਂਦਾ ਹੈ ਅਤੇ 1469 ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਸਾਲ ਨਾਲ ਸ਼ੁਰੂ ਹੁੰਦਾ ਹੈ।

ਅਜੋਕੇ ਸਮੇਂ 'ਚ ਇਹ ਨਹੀਂ ਕਿ ਲੋਕ ਸਿਰਫ ਭਾਰਤ ਵਿਚ ਹੀ ਵਿਸਾਖੀ ਦਾ ਤਿਉਹਾਰ ਮਨਾਉਂਦੇ ਹਨ ਸਗੋਂ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਯੂਰਪ, ਪਾਕਿਸਤਾਨ ਅਤੇ ਏਸ਼ੀਆ ਦੇ ਹੋਰ ਬਹੁਤ ਸਾਰੇ ਦੇਸ਼ਾਂ ਵਿਚ ਜਿੱਥੇ ਵੀ ਭਾਰਤੀ ਗਏ ਹਨ, ਉਥੇ ਆਪਣੇ-ਆਪਣੇ ਧਾਰਮਿਕ ਸਥਾਨਾਂ 'ਤੇ ਜਾਂਦੇ ਹਨ, ਪਾਠ-ਪੂਜਾ ਕਰਨ ਉਪਰੰਤ, ਲੀਡਰਾਂ ਦੇ ਭਾਸ਼ਣ ਸੁਣਨ ਉਪਰੰਤ ਲੰਗਰ ਵੀ ਛਕਦੇ ਹਨ ਤੇ ਸਰੋਵਰਾਂ ਤੇ ਹੋਰ ਜਲ ਸਰੋਤਾਂ 'ਤੇ ਇਸ਼ਨਾਨ ਕਰਕੇ ਵਿਸਾਖੀ ਤਿਉਹਾਰ ਦਾ ਆਨੰਦ ਮਾਣਦੇ ਹਨ। ਉਹ ਨਗਰ ਕੀਰਤਨ (ਪਰੇਡਾਂ) 'ਚ ਵੀ ਸ਼ਾਮਲ ਹੁੰਦੇ ਹਨ। ਉਹ ਨਿਰਸਵਾਰਥ ਸੇਵਾ ਕਰਨ ਲਈ ਬਾਹਰ ਆਉਂਦੇ ਹਨ ਜਿਵੇਂ ਕਿ ਮੁਫ਼ਤ ਭੋਜਨ ਦੇਣਾ ਅਤੇ ਕਿਸੇ ਹੋਰ ਕਿਰਤ ਨੂੰ ਪੂਰਾ ਕਰਨਾ, ਜਿਸ ਦੀ ਲੋੜ ਹੋਵੇ। ਦੇਸ਼ ਦੇ ਵੱਖ-ਵੱਖ ਨਸਲੀ ਅਤੇ ਧਾਰਮਿਕ ਸਮੂਹਾਂ ਵਿਚ ਸ਼ਾਮਲ ਹੋ ਕੇ ਏਕਤਾ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੇ ਯਤਨਾਂ ਅਨੁਸਾਰ ਕੰਮ ਕਰਦੇ ਹਨ।

ਪਾਕਿਸਤਾਨ ਵਿਚ ਬਹੁਤ ਸਾਰੀਆਂ ਹਿੰਦੂ ਤੇ ਸਿੱਖ ਸੰਸਥਾਵਾਂ ਤੇ ਥਾਂਵਾਂ ਹਨ ਜੋ ਦੋਹਾਂ ਹੀ ਧਰਮਾਂ ਦੇ ਲੋਕਾਂ ਲਈ ਇਤਿਹਾਸਕ ਮਹੱਤਤਾ ਰੱਖਦੀਆਂ ਹਨ, ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਨਨਕਾਣਾ ਸਾਹਿਬ, ਹਸਨ ਅਬਦਾਲ 'ਚ 'ਪੰਜਾ ਸਾਹਿਬ' ਲਾਹੌਰ ਵਿਚ ਵੱਖ-ਵੱਖ ਇਤਿਹਾਸਕ ਤੇ ਧਾਰਮਿਕ ਸਥਾਨ ਤੇ ਹਿੰਦੂ ਮੰਦਰ ਜਗਨ ਨਾਥ ਸਿਆਲਕੋਟ ਤੇ ਕਟਾਸਰਾਜ ਮੰਦਰ ਮਨੋਰਾ ਹਨ। ਇਹ ਧਾਰਮਿਕ ਸਥਾਨ ਹਰ ਸਾਲ ਵਿਸਾਖੀ ਮੌਕੇ ਦੇਸ਼-ਵਿਦੇਸ਼ਾਂ ਤੋਂ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦੇ ਹਨ, ਭਾਵੇਂ 1947 ਤੋਂ ਬਾਅਦ ਪਾਕਿਸਤਾਨ 'ਚ ਸਿੱਖ ਤੇ ਹਿੰਦੂ ਆਬਾਦੀ ਘਟ ਗਈ ਹੈ ਪਰ ਫਿਰ ਵੀ ਵਿਸਾਖੀ ਜਾਂ ਹੋਰ ਇਤਿਹਾਸਕ ਮੌਕਿਆਂ 'ਤੇ ਆਪਣੀ ਆਸਥਾ ਅਨੁਸਾਰ ਲੋਕ ਵੱਡੀ ਗਿਣਤੀ ਵਿਚ ਆਪਣੀ ਹਾਜ਼ਰੀ ਭਰਦੇ ਹਨ।

# ਅਲਵਿਦਾ: ਇੱਕ ਸੀ ਸਹੂੰਗੜਾ



ਸੰਤੋਖ ਸਿੰਘ ਜੱਸੀ
91-70876–19800

**ਬੱਸ ਯਾਦਾ ਰਹਿ ਗਈਆ ਵਿਛੜ ਗਿਆ ਦੀਆ।**
**ਬਾਬਾ ਸਾਹਿਬ 1956 ਨੂੰ ਅਲਵਦਾ ਆਖ ਗਏ।**
**ਸਾਹਿਬ ਸ੍ਰੀ ਕਾਂਸ਼ੀ ਰਾਮ।**

ਜ਼ੀਰੋ ਤੋਂ ਸਫ਼ਰ/ਮਿਸ਼ਨ/ਮੂਵਮੈਂਟ ਬਣਾਉਣ ਵਾਲੇ ਉਨ੍ਹਾਂ ਦਾ ਇਸੇ ਜਨਮ ਚ ਰਾਜਭਾਗ ਚਾਹੁੰਣ ਵਾਲੇ ਕੁਦਰਤ ਦੇ ਅਸੂਲ ਮੁਤਾਬਕ ਸਾਡੇ ਤੋਂ ਹਮੇਸ਼ਾ ਲਈ ਵਿਛੜ ਚੁੱਕੇ ਹਨ। ਦੋਵੇ ਆਗੂ ਸਮਾਜਿਕ, ਆਰਥਿਕ ਤੇ ਰਾਜਨੀਤ ਬਰਾਬਰਤਾ ਪਹੁੰਚੇ ਹਨ। ਕਿਨਾ ਕੁ ਬੂਰ ਪਿਆ। ਪੰਜਾਬ ਬੜੀ ਬਾਬਾ ਸਾਹਿਬ ਤੇ ਸਾਹਿਬ ਕਾਂਸ਼ੀ ਰਾਮ ਦੀ ਉਪਾਪਦ ਹੈ ਪੈਰੋਕਾਰ ਹੈ। ਸਮੁੱਚੇ ਪੰਜਾਬ ਦੇ ਹਰ ਕੋਨੇ ਚ ਤਹਾਨੂੰ ਝੰਡਾ ਬਰਦਾਰ ਮਿਲ ਜਾਣਗੇ। ਪੰਜਾਬ ਦੀ ਧਰਤੀ ਤੇ ਦਲਿਤ ਲਹਿਰਾ ਦਾ ਆਗਾਂਜ ਹੋਇਆ। ਦਲਿਤਾਂ ਦੇ ਵਿਹੜਿਆਂ ਤੇ ਪਾਰਟੀ ਸਫਾ ਚ ਬਾਬਾ ਬੋਹੜ ਹਰਭਜਨ ਲਾਖਾ 2 ਵਾਰ ਐਮ.ਪੀ ਬਣਿਆ, ਪ੍ਰੋ: ਗੁਰਨਾਮ ਸਿੰਘ ਮੁਕਤਸਰ ਨੇ ਕਿਤਾਬਾ ਲਿਖ ਲਿਖ ਦੱਸ ਦਿੱਤਾ ਕਿ ਸੂਦਰਾਂ ਦੇ ਸਿਰਾ ਚ ਵੀ ਦਿਮਾਗ ਹੁੰਦੇ ਹਨ। ਸੂਬਾ ਪੱਧਰੀ ਆਗੂ ਸਟੇਜਾ/ਨਾਟਕ/ਗੀਤਾ/ਕਵਿਤਾਵਾਂ ਵਾਲਾ ਪ੍ਰਮਜੀਤ ਗੋਸਲ ਗਰੀਬੀ ਨਾਲ ਦੋ ਚਾਰ ਹੁੰਦਾ ਆਖਰ ਟੁੱਟ ਗਿਆ ਸੀ। ਨਿਰਾਸ਼ਾ ਦਾ ਆਲਮ ਹੈ ਕਿ ਪਰਿਵਾਰ ਹੀ ਇੱਕ ਤਰ੍ਹਾਂ ਉਜੜ ਗਿਆ। ਜੋਗਿੰਦਰ ਪਾਲ ਜੋਹਰੀ ਕਦੇ ਪਾਰਟੀ ਵਰਕਰ, ਕਦੇ ਸਫਲ ਨਾਟਕਾਰ, ਕਦੇ ਲੇਖਕ ਤੇ ਕਦੇ ਬੰਗਾ ਦੇ ਕੋਲ ਪੈਦੇ ਪੈਟਰੋਲ ਪੰਪ ਕੋਲ ਖੋਲੇ ਪੰਜਾਬ ਪੱਧਰੀ ਦਫਤਰ ਦਾ ਉਹ ਇੰਚਾਰਜ ਸੀ। ਮਗਰੋ ਉਹ ਹਾਲਾਤ ਬਣ ਗਏ ਜਾਂ ਕਹਿ ਲਵੋ ਉਹ ਵੀ ਅਨੇਕਾ ਮਿਸ਼ਨਰੀ ਸਾਖਆ ਵਾਗ ਵਿਆਹ ਕਰਵਾਉਣ ਦੀ ਉਮਰ ਮਿਸ਼ਨ ਨੂੰ ਸਮਰਪਿਤਾ ਕਰ ਗਿਆ। ਖੁਰਾਲਗੜ ਸਾਹਿਬ ਵਿਖੇ ਉਹ ਜੋਹਰੀ ਬਾਬਾ ਬਣ ਗਿਆ। ਬੰਗਾ ਕੋਲ ਪੈਦੇ ਪਿੰਡ ਦਾ ਇੱਕ ਨੋਜਵਾਨ ਸੀ ਰੇਸ਼ਮ ਬਬਲੂ ਜਿਹੜਾ ਵਕਤਾ ਨੇ ਅਜਿਹਾ ਧੱਕਾ ਹੀ ਸਮਝੋ ਕੀਤਾ ਹਿਮਾਚਲ ਦੀਆ ਡਿੱਗਾ ਡਿੱਗਣ ਕਾਰਨ ਅਲਵਿਦਾ ਆਖ ਗਿਆ। ਪਰਿਵਾਰ ਟੁੱਟ ਚੁੱਕਾ ਹੈ। ਉਸ ਤੋਂ ਵੀ ਪਹਿਲਾ ਜਦੋ ਡੀ.ਐਸ.ਫੋਰ ਤੇ ਨਾਟਕ ਨਵਾ ਚਿਰਾਗ ਨਵੀ ਰੋਸ਼ਨੀ ਪੂਰੇ ਜੋਬਨ ਤੇ ਸਨ ਤਾਂ ਪੱਪੂ ਬੀਸਲੇ ਵਾਲਾ ਜਿਹੜਾ



ਇੱਕ ਚੰਡੇ ਗਏ ਕਿਸੇ ਗੁਰੂ ਦਾ ਚੇਲਾ ਲੱਗਦਾ ਸੀ ਜਵਾਨੀ ਦੀ ਸਿਖਰ ਪਹਿਰੇ ਅਜਿਹਾ ਕੁਝ ਕਰ ਬੈਠਾ ਕਿ ਉਸਦਾ ਦਰਦ ਸਮਾਜ/ਇਲਾਕਾ ਅੱਜ ਵੀ ਮਹਿਸੂਸ ਕਰਦਾ ਹੈ। ਅਜਿਹੇ ਕਾਬਲ, ਹੋਣਹਾਰ ਤੇ ਸਟੇਜ ਦੇ ਪ੍ਰੋਗਰਾਮਾ ਦਾ ਧਨੀ ਦਾ ਜਾਣਾ ਸੱਚੀ ਦਲਿਤਾ ਦੇ ਵਿਹੜਿਆ ਚ ਬੱਤੀ ਗੁੱਲ ਹੋ ਜਾਣ ਵਾਂਗ ਲੱਗਾ ਸੀ, ਉਸ ਦੀ ਮੌਤ ਦਾ ਝਟਕਾ। 1990 ਚ ਵਿਰੋਧੀ ਧਿਰ ਦੇ ਨੇਤਾ ਰਹੇ ਸ੍ਰੀ ਸਤਨਾਮ ਸਿੰਘ ਕੈਂਥ ਵੀ ਰੱਬ ਨੂੰ ਪਿਆਰੇ ਹੋ ਚੁੱਕੇ ਕਈ ਵਰੇ ਹੋ ਚੁੱਕੇ ਹਨ। ਦੇਵੀ ਦਾਸ ਨਾਹਰ ਵੀ ਵਿਛੋੜਾ ਦੇ ਗਏ। ਕੌਮੀ ਉਡਾਰੀਆਂ ਦੇ ਮੁੱਖ ਸੰਪਾਦਕ ਤੇ ਉੱਘੇ ਵਿਦਵਾਨ ਲੇਖਕ ਸ੍ਰੀ ਸੀ. ਐਲ. ਚੁੰਬਰ ਜੀ ਸਾਨੂੰ ਇਤਿਹਾਸ ਤੋਂ ਜਾਣੂੰ ਕਰਾਉਦੇ ਕਰਾਉਦੇ ਸਾਥੋ ਸਦਾ ਲਈ ਵਿਛੜ ਗਏ। ਸ਼ਤੀਸ਼ ਭਾਰਤੀ ਵੀ ਸਮਾਜ ਦੀਆ ਲੜਾਈਆ ਲੜਦੇ ਹੋਏ ਇਸ ਦੁਨੀਆ ਨੂੰ ਅਲਵਿਦਾ ਆਖ ਗਏ ਹਨ।

ਹੁਣ ਹਰ ਦਿਲ ਅਜੀਜ ਸ੍ਰੀ ਸ਼ਿੰਗਾਰਾ ਰਾਮ ਸਹੂਗੜਾ ਕਦੇ ਬਿਮਾਰੀ ਨਾਲ ਲੜਦਾ, ਕਦੇ ਸਮਾਜ ਲਈ ਲੜਦਾ ਤੇ ਕਦੇ ਪਾਰਟੀ ਚ ਲੜਦਾ ਉਹ ਲੜਦਾ ਹਮੇਸ਼ਾ ਸਮਾਜ ਲਈ ਸੀ। ਸੱਚਮੁੱਚ ਉਹ ਸਮਾਜ ਦਾ ਜੀਰੋ ਤੋਂ ਉੱਠਿਆ ਇੱਕ ਨੋਜਵਾਨ, ਵਿਧਾਇਕ ਵੀ ਇੱਕ ਵਾਰ ਨਹੀਂ ਸਗੋਂ ਦੋ ਵਾਰ ਰਿਹਾ।

ਸਿਆਣੇ ਲੋਕ ਕਹਿੰਦੇ ਬੰਦੇ ਦੀ ਪ੍ਰਾਪਤੀਆ ਤਾਂ ਉਸਦੇ ਮਰਨ ਪਿਛੇ ਕਿਨੇ ਲੋਕ ਸ਼ਾਮਲ ਹੁੰਦੇ ਹਨ ਹੁੰਦੀ ਹੈ। ਅੱਖੀ ਦੇਖਿਆ ਸੈਕੜੇ ਨਹੀਂ ਹਜਾਰਾ ਲੋਕ ਅਰਥੀ ਦੇ ਪਿੱਛੇ ਪਿੱਛੇ ਚੱਲ ਰਹੇ ਸਨ। ਪੰਜਾਬ ਬਸਪਾ ਦਾ ਮੌਜੂਦਾ ਪ੍ਰਧਾਨ ਸ.ਜਸਵੀਰ ਸਿੰਘ ਗੜੀ, ਬਚਪਨ ਜਵਾਨੀ ਦੀ ਉਮਰੇ ਸਹੂੰਗੜੇ ਦੇ ਜਾਣ ਸਮੇਂ ਅਗਨੀ ਭੇਟ ਹੁੰਦੀ ਸਮੇਂ ਖੁਦ ਰੋਂਦੇ ਦੇਖਿਆ। ਸੱਚਮੁੱਚ ਸਹੂੰਗੜੇ ਦੀ ਮੌਤ ਤੇ ਹਰ ਕੋਈ ਰੋਇਆ। ਹਰ ਕੋਈ ਸਵਾਲਾ ਦਾ ਮੁੱਠਾ ਹੋ ਕੇ ਬੈਠਾ, ਕੌਣ ਸੁਣ ਵਾਲਾ, ਕਿਵੇ 1 ਤੋਂ 90 ਬਣਨਗੇ?

ਕੁਦਰਤ ਕਰੇ ਸ੍ਰੀ ਤੋਂ ਸਵਰਗੀ ਸ਼ਿੰਗਾਰਾ ਰਾਮ ਸਹੂੰਗੜਾ ਜਿਥੇ ਵੀ ਹੋਣ ਦੇਖਣ ਕਿ ਸਮਾਜ ਤੜਫ ਰਿਹਾ ਹੈ, ਮਿਸ਼ਨਰੀ ਸਾਥੀ ਰੋ ਰਹੇ ਹਨ, ਆਪਣੇ ਆਪ ਨੂੰ ਕੋਸ ਰਹੇ ਹਨ ਕਿ ਕਿਵੇ ਇੱਕ ਵਰਕਰ ਤੋਂ ਆਗੂ ਬਣਦਾ ਅਸੀਂ ਸਭ ਗੁਆਹ ਚੁੱਕੇ ਹਨ।

ਤੈਨੂੰ ਸ਼ਰਧਾਜਲੀ ਕਿਵੇ ਭੇਂਟ ਹੋਵੇ? ਸਮਾਜਿਕ ਏਕਤਾ, ਅਨੇਕਾ ਵਿਖਰੇਵੇ ਹੋ ਸਕਦੇ ਹਨ ਪਰ ਰਾਜਸੀ ਸੱਤਾ ਤੋਂ ਦੂਰ ਰਹਿ ਕੇ ਮਸਲਿਆ ਦਾ ਹੱਲ ਇੱਕ ਦੂਜੇ ਨੂੰ ਕੋਸ ਕੇ ਨਹੀਂ ਸਗੋਂ ਸਾਰਿਆ ਨੂੰ ਆਪਣੇ ਅੰਦਰਲੇ ਮਨੁੱਖ ਨਾਲ ਦੋ ਚਾਰ ਗੱਲਾਂ ਕਰ ਲੈਣੀਆ ਚਾਹੀਦੀਆ ਹਨ।

**ਅਲਵਿਦਾ ਸਹੂਗੜਾ ਜੀ**

ਜਾਣਾ ਸਾਰਿਆ ਨੇ ਹੈ ਪਰ ਜਾਣਾ ਤੁਹਾਡਾ ਕਿਹੋ ਜਿਹਾ ਹੋਣਾ ਹੈ ਇਹ ਤੁਹਾਡੇ ਕੰਮਾਂ ਤੇ ਨਿਰਭਰ ਕਰਦਾ ਹੈ।
ਅਲਵਿਦਾ ਇੱਕ ਨਿੱਕਾ ਜਿਹਾ ਸ਼ਬਦ ਹੈ ਪਰ ਇਸ ਦੀ ਹੂਕ ਬੜੀ ਤਿੱਖੀ ਹੁੰਦੀ ਹੈ।

# ਕਿਸੇ ਦੇ ਗੁਣ ਕੀਤੇ ਨੂੰ ਭੁੱਲ ਜਾਣਾ ਅਕ੍ਰਿਤਘਣ ਹੁੰਦਾ ਹੈ

ਇਨਸਾਨ ਦੀਆਂ ਸੱਚੀਆਂ ਸੁੱਚੀਆਂ ਭਾਵਨਾਂ ਹੀ ਮਨੁੱਖੀ ਧਰਮ ਦੀਆਂ ਪਹਿਲੂ ਬਣਦੀਆਂ ਹਨ। ਹਮਦਰਦੀ ਦਿਆਲਤਾ, ਮਨੁੱਖੀ ਨਿਸ਼ਕਾਮ ਸੇਵਾ ਹੀ ਮਨੁੱਖ ਦਾ ਧਰਮ ਹੈ। ਕੋਈ ਮਨੁੱਖ ਭਾਂਵੇ ਹਿੰਦੂ, ਸਿੱਖ, ਮੁਸਲਮਾਨ ਕਿਸੇ ਅਖੌਤੀ ਕੌਮ ਨਾਲ ਸਬੰਧ ਰੱਖਦਾ ਹੋਵੇ, ਉਸ ਦਾ ਅਸਲੀ ਧਰਮ ਮਨੁੱਖਤਾ ਦੀ ਸੇਵਾ ਦੀ ਭਾਵਨਾ ਦਾ ਪੌਦਾ ਮਨ ’ਚ ਉਗਾਉਣਾ ਏ। ਚੰਗੀਆਂ ਉਸਾਰੂ ਭਾਵਨਾਵਾਂ ਸੁੱਲਜੇ ਸੱਚੇ ਨਿਰਪੱਖ ਤੇ ਹਮਦਰਦੀ ਭਰੇ ਵਿਚਾਰਾਂ ਨੂੰ ਜਨਮ ਦੇਂਦੀਆਂ ਹਨ। ਕਿਸੇ ਦੀਆਂ ਭਾਵਨਾਂ ਨੂੰ ਠੇਸ ਪਹੁੰਚਣੀ ਇਕ ਸੁਆਰਥੀ ਤੇ ਕਿਸੇ ਦੇ ਕੀਤੇ ਗੁੱਣ ਨੂੰ ਭੁੱਲ ਜਾਣਾ ਇਕ ਵੱਡਾ ਨਾ ਭੁੱਲ ਘੋਰ ਪਾਪ ਹੈ। ਗੁਰਬਾਣੀ ਵਿਚ ਵੀ ਗੁਰੂ ਸਾਹਿਬ ਲਿਖਿਆ ਹੈ, ਜੋ ਕਿਸੇ ਦੇ ਕੀਤੇ ਗੁੱਣ ਨੂੰ ਭੁੱਲਦਾ ਹੈ ਉਹ ਅਕ੍ਰਿਤਘਣੀ ਮਨੁੱਖ ਹੁੰਦਾ ਹੈ। ਅਜਿਹੇ ਬੰਦਿਆ ਨੂੰ ਵੀ ਗੁਰਬਾਣੀ ਦੁਰਕਾਰਿਆ ਹੈ। ਮਨੁੱਖ ਦਾ ਅਸਲੀ ਧਰਮ ਮਨੁੱਖ ਦੀ ਹਰ ਪੱਖੋਂ ਸਹਾਇਤਾ, ਹਮਦਰਦੀ ਕਰਨੀ ਹੈ, ਨਾ ਕਿ ਲੁਕਵੇਂ ਢੰਗ ਨਾਲ ਧਰਮ ਦਾ ਚਾਰਾ ਪਾ ਕੇ ਭੋਲੇ ਭਾਲੇ ਲੋਕਾਂ ਨੂੰ ਲੁੱਟਣਾਂ ਹੈ। ਜਿੰਨੀ ਹੋ ਸਕੇ ਹਰ ਵਿਅਕਤੀ ਨਾਲ ਹਮਦਰਦੀ ਜਤਾਓ। ਏਸੇ ਤਰ੍ਹਾਂ ਦੀ ਮੈਂ ਇਕ ਹੱਡਬੀਤੀ ਗਾਥਾ ਨੇ ਮੈਨੂੰ ਅੱਜ ਕੋਰੇ ਕਾਗਜ ’ਤੇ ਉਲੀਕਣ ਲਈ ਮਜਬੂਰ ਕਰ ਦਿੱਤਾ।

ਸਮਾਂ ਬੀਤਣ ਤੇ ਇਨਸਾਨੀ ਮਨ ਵਿਕਾਸ ਕਰਦਾ ਜਾਂਦਾ ਹੈ। ਜੋ ਪਿਛਲੇ ਸਮੇਂ ਦੀਆਂ ਬੀਤੀਆਂ ਚੰਗੀਆਂ, ਕਸ਼ੋਲੀ, ਮਿੱਠੀਆਂ ਤੇ ਕੌੜੀਆਂ ਯਾਦਾਂ ਮਨ ਨੂੰ ਅਚਵਣੀਆਂ ਲਾਉਂਦੀਆਂ ਹਨ, ਵਿਚੋਂ ਇਕ ਸਾਂਝੀ ਕਰਦਾ ਹਾਂ। ਮੈਂ 1980 ਵਿਚ ਏਰੀਜ ਐਗਰੋ ਵਿਚ ਮਿ ਹਰਭਗਵਾਨ ਸਿੰਘ ਦੀ ਮੇਹਰਬਾਨੀ ਦੇ ਸਦਕਾ ਨੌਕਰੀ ’ਤੇ ਲੱਗਾ ਸੀ। ਉਹਨਾਂ ਦੇ ਚੰਗੇ ਵਿਚਾਰਾਂ ਨੇ ਮੇਰੀ ਅਰਜੀ ਮਿ ਪੀ ਕੇ ਮੜੀਆ ਤੋਂ ਪਾਸ ਕਰਵਾ ਲਈ ਅਤੇ ਜਲੰਧਰ ਦਫਤਰ ਤੋਂ ਮਿ ਐਸ ਕੇ ਨਈਅਰ ਤੋਂ ਪਾਸ ਕਰਵਾਕੇ ਬੰਬਈ ਦਫਤਰ ਭੇਜਵਾ ਦਿੱਤੀ ਅਤੇ ਮੈਨੂੰ ਉਹਨਾਂ ਕਿਹਾ ਕਿ ਕੰਮ ਕਰੀ ਜਾਵੋ। ਆਪਦੀ ਨੌਕਰੀ ਪੱਕੀ ਹੋ ਗਈ, ਕੁੱਝ ਦਿਨਾਂ ਬਾਅਦ ਮੇਰਾ ਜੋਇੰਗ ਚਿੱਠੀ ਪੱਤਰ ਡਾ ਟੀ ਬੀ ਮਿਰਚਨਦਾਨੀ ਦੇ ਦਸਤਖਾਂ ਹੇਠ ਛਪਿਆ ਆ ਗਿਆ। ਸ ਹਰਭਗਵਾਨ ਸਿੰਘ ਇਕ ਮੇਹਨਤੀ ਦ੍ਰਿੱੜ, ਮਾਰਕੀਟੰਗ ਕੰਟਰੋਲਰ ਤੇ ਸਟਾਫ ਕੰਟਰੋਲਰ ਚੰਗੀਆਂ ਅਗਾਂਹਵਧੂ ਵਿਚਾਰਾਂ ਦਾ ਮਾਲਕ ਸੀ। ਸੱਚੀ ਗੱਲ ਨੂੰ ਅੱਗੇ ਰੱਖਦਾ ਸੀ। ਇਸੇ ਸਦਕਾ ਜ਼ੀਰੇ ਏਰੀਏ ਕਮ ਪੰਜਾਬ ਵਿਚ ਪਹਿਲੇ ਨੰਬਰ ’ਤੇ ਸੀ। ਅਸੀਂ ਸਭ ਸਟਾਫ ਵਾਲੇ ਉਸਦੀ ਇੱਜ਼ਤ ਦਿਲ ਦੀਆਂ ਗਹਿਰਾਈਆਂ ਤੋਂ ਕਰਦੇ ਸਾਂ। ਉਹ ਸਾਨੂੰ ਵੀ ਬਹੁਤ ਸਤਿਕਾਰ ਦੇਂਦੇ ਸਨ। ਮੇਰਾ ਪਿੰਡ ਝਤਰਾ, ਜ਼ੀਰੇ ਤੋਂ ਛੇ ਕਿਲੋਮੀਟਰ ਦੀ ਦੂਰੀ ’ਤੇ ਹੈ। ਮੈਂ ਉਹਨਾਂ ਨੂੰ ਹਰ ਰੋਜ਼ ਮਿਲਕੇ ਜਾਂਦਾ ਸਾਂ, ਉਹਨਾਂ ਦੇ ਘਰ ਮੇਰਾ ਬਹੁਤ ਆਉਣਾ ਜਾਣਾ ਸੀ। ਮੈਂ ਮੇਹਨਤੀ ਵੀ ਸੀ, ਬਾਕੀ ਵਫਾਦਾਰੀ ਵੀ ਕਮਾਈ।

ਉਹਨਾਂ ਦਿਨਾਂ ਵਿਚ ਮਾਰਕਿਟ ਵਿਚ ਏਰੀਜ ਐਗਰੋ ਦਾ ਬੋਲਬਾਲਾ ਬਹੁਤ ਜਿਆਦਾ ਸੀ। ਬਾਕੀ ਮੀਟਿੰਗਾਂ ਦੌਰਾਨ ਮਿ ਐਸ ਕੇ ਨਈਅਰ ਸਾਹਿਬ ਦਾ ਭਾਸ਼ਨ ਕਿਸਾਨੀ ਖੇਤੀ ਲਈ ਲਾਹੇਵੰਦ ਸਾਬਤ ਹੋ ਨਿਬੜਿਆ, ਬਾਕੀ ਦੀ ਕੋਈ ਤਰੁੱਟੀ ਹਰਭਗਵਾਨ ਸਿੰਘ ਜੀ ਪੂਰੀ ਕਰ ਦੇਂਦੇ। ਚੱਲਦਾ ਗਿਆ ਵਕਤ ਗੁਜ਼ਰ ਦਾ ਗਿਆ। ਸੋਹਣਾ ਸਮਾਂ ਸੋਹਣੇ ਵਿਚਾਰ ਪੈਦਾ ਕਰਦਾ ਹੈ। ਜਿਵੇਂ ਫੁੱਲ ਹਮੇਸਾਂ ਆਪਣੀ ਖੁਸਬੋ ਖਿਲਾਰਦਾ ਹੈ। ਮੇਰੇ ਪਹਿਲੇ ਸਮੇਂ ਜਵਾਨੀ ਦੇ ਪਲ ਹਮੇਸਾਂ ਹੀ ਸਬਰ, ਸੰਤੋਖ, ਪ੍ਰੇਮ ਪਿਆਰ ਤੇ ਹਮਦਰਦੀ ਨਾਲ ਗੜੁੱਚ ਰਹੇ ਹਨ। ਜੋ ਵੀ ਨਵਾਂ ਲੜਕਾ ਕੰਪਨੀ ਵਿਚ ਆਉਂਦਾ ਸੀ ਉਸਨੂੰ ਟਰੇਨਿੰਗ ਲਈ ਮੇਰੇ ਪਾਸ ਭੇਜਿਆ ਜਾਂਦਾ ਸੀ। ਮੈਂ ਉਸਨੂੰ ਖਾਲਸ ਵਫਾਦਾਰ ਬਣਾਕੇ ਭੇਜਦਾ ਸੀ। ਏਸੇ ਤਰ੍ਹਾਂ ਮੈਂ ਛੇ-ਸੱਤ ਨੌਜਵਾਨਾਂ ਨੂੰ ਏਰੀਜ ਐਗਰੋ ਵਿਚ ਨੌਕਰੀ ਉਪੱਲਭਤ ਕਰਾਈ, ਉਸ ਬਾਬੇ ਨਾਨਕ ਦੀ ਮੇਹਰ ਸਦਕਾ ਜੋ ਮੈਂ ਹਰਭਗਵਾਨ ਸਿੰਘ ਕੋਲ ਲੈ ਕੇ ਲੜਕਾ ਆ ਗਿਆ। ਉਹ ਨਾਨਕ ਦੀ ਮੇਹਰ ਸਦਕਾ ਰੱਖਿਆ ਗਿਆ। ਅੱਜ ਇਤਨਾ ਸਮਾ ਬੀਤ ਗਿਆ ਪਰ ਮੇਰਾ ਅੱਜ ਵੀ ਹਰਭਗਵਾਨ ਸਿੰਘ ਕੇਲ ਆਉਣਾ ਜਾਣਾ ਹੈ, ਮੈਂ ਉਸਦਾ ਦਿਲੋਂ ਸਤਿਕਾਰ ਕਰਦਾ ਹਾਂ ਤੇ ਕਰਦਾ ਰਹਾਂਗਾ।

ਅੱਜਕੱਲ੍ਹ ਉਹ ਸਮੇਤ ਪਰਵਿਾਰ ਕਨੇਡਾ ਵਿਚ ਰਹਿੰਦਾ ਹੈ, ਹਫਤੇ ਬਾਅਦ ਫੋਨ ’ਤੇ ਗੱਲਬਾਤ ਹੁੰਦੀ ਰਹਿੰਦੀ ਹੈ। ਪਰ ਅੱਜਕੱਲ੍ਹ ਉਹ ਇੰਡਿਆ ਆਏ ਹੋਏ ਹਨ। ਆਮ ਜ਼ੀਰੇ ਮਿਲਦੇ ਹਨ। ਅੱਗੇ ਮੈਂ ਉੱਪਰ ਲਿਖ ਆਇਆ ਹਾਂ ਕਿ ਮੇਰਾ ਪਿੰਡ ਝੱਤਰਾ ਜੀਰੇ ਤੋਂ ਛੇ ਕਿਲੋਮੀਟਰ ਹੈ ਜਿਸ ਦਿਨ ਕੋਈ ਕੰਮ ਸ਼ਹਿਰ ਜਾਨਾਂ ਹਾਂ ਸਾਹਿਬ ਬਹਾਦਰ ਨੂੰ ਮਿਲਿਆ ਬਗੈਰ ਵਾਪਸ ਨਹੀਂ ਆਉਂਦਾ ਹਾਂ, ਉਹ ਵੀ ਦਿਲੋਂ ਸਤਿਕਾਰ ਕਰਦੇ ਹਨ। ਬਾਕੀ ਜਲੰਧਰ ਮੇਰੇ ਪਿੰਡ ਤੋਂ 90 ਕਿਲੋਮੀਟਰ ਦੀ ਦੂਰੀ ’ਤੇ ਹੈ। ਅਗਾਹੇ ਬਗਾਹੇ ਮੈਂ, ਸੰਜੀਵ ਕੁਮਾਰ, ਜੈਅ ਰਾਣੀ, ਦਲੀਪ ਸਿੰਘ, ਸਰਵਣ ਸਿੰਘ ਨੂੰ ਫੋਨ ਕਰਦਾ ਹਾਂ, ਬਾਕੀ ਮਿ ਰਾਹੁਲ ਸਾਹਿਬ ਨੂੰ ਵਟਐਪ ’ਤੇ ਕੁੱਝ ਨਾ ਕੁੱਝ ਆਪਣੀਆਂ ਵਿਚਾਰਾਂ ਦੀ ਲੜੀ ਪਰੋਂਦਾਂ ਰਹਿੰਦਾ ਹਾਂ, ਪਰ ਉਹਨਾਂ ਦਾ ਹਾਂ ਜਾਂ ਨਾਂਹ ਵਿਚ ਕਦੇ ਕੋਈ ਉੱਤਰ ਨਹੀਂ ਮਿਲਿਆ ਹੈ ਕਿਉਂਕਿ ਬਜ਼ੁਰਗਾਂ ਦਾ ਮਨ ਉਮਰ ਵਧਦਿਆਂ ਹੋਲਾ ਪੈਦਾ ਜਾਂਦਾ ਹੈ। ਕੋਈ ਗੁੱਸੇ ਵਾਲੀ ਬਾਤ ਨਹੀਂ ਹੈ। ਚਲੋ ਵਕਤ ਗੁਜਰ ਜਾਣਾ ਹੈ। ਅੱਜ ਤੋਂ 50 ਸਾਲ ਪਹਿਲੇ ਵੀ ਮੇਰਾ ਸਮਾਜ ਵਿਚ ਇਕ ਦੂਜੇ ਨਾਲ ਮਿਲਣਾ ਬਹੁਤ ਸੁਚੱਜਾ ਤੇ ਹਮਦਰਦੀ ਵਾਲਾ ਕਾਰਜ ਸੀ ਤੇ ਅੱਜ ਵੀ ਸਮਾਂ ਬੀਤਣ ਤੇ ਵੀ ਉਵੇ ਹੀ ਭਾਵਨਾ ਜਿਉਂਦੀ ਹੈ ਅਤੇ ਪਿੰਡ ਵਿਚ ਲੋੜਵੰਦਾਂ ਦੀ ਲੋੜ ਮੁੱਖ ਰੱਖਕੇ ਹਰ ਮਹੀਨੇ ਜਰੂਰੀ ਵਸਤਾਂ ਦੀ ਵੰਡ ਕਰਦਾ ਹਾਂ। ਮੇਰੇ ਪਿੰਡ ਦੇ ਸਹਿਯੋਗੀ ਮਾਇਆ ਰੂਪੀ ਮੱਦਦ ਦੇਂਦੇ ਹਨ। ਪਤਵੰਤੇ ਸੱਜਣ ਮੇਰਾ ਆਖਿਆ ਕੋਈ ਕਾਰਜ ਅਧੂਰਾ ਨਹੀਂ ਰਹਿਣ ਦੇਂਦੇ ਹਨ।







ਮੇਰੇ ਪਿੰਡ ਦੇ ਗੁਰਸੇਵਕ ਸਿੰਘ ਮੇਰੇ ਕਲਾਸ ਮੇਡ ਵੀ ਹਨ, ਸਦਾ ਮੇਰੀ ਪੈਰ ਵਿਚ ਪੈਰ ਰੱਖਦੇ ਹਨ। ਸੁੱਖਜਿੰਦਰ ਸਿੰਘ, ਗੁਰਚੈਨ ਸਿੰਘ, ਸੁਖਚੈਨ ਸਿੰਘ, ਦੂਲਾ ਸਿੰਘ ਮੇਰੇ ਸਹਿਯੋਗੀ ਹਨ। ਹਰ ਦਮ ਮੇਰੇ ਨਾਲ ਖੜ੍ਹੇ ਹਨ। ਪਿੰਡ ਵਿਚ ਗਰੀਬ ਪਰਿਵਾਰਾਂ ਦੀ ਅਸੀਂ ਲੋੜ ਪੂਰੀ ਕਰਦੇ ਹਾਂ। ਮੈਂ ਪਿੰਡ ਵਿਚ ਪੰਜਾਬੀ ਸਾਹਿਤ ਸਭਾ ਵੀ ਗਠਨ ਕੀਤੀ ਹੈ ਅਤੇ ਇਲਾਕੇ ਦੇ ਲਿਖਾਰੀ ਹਰ ਮਹੀਨੇ ਇਕੱਠੇ ਹੁੰਦੇ ਹਨ ਅਤੇ ਆਪੋ ਆਪਣੀਆਂ ਰਚਨਾਵਾਂ ਦੇ ਦੌਰ ਚਲਾਉਂਦੇ ਹਨ।

ਕਾਵਿ ਵਿਅੰਗ, ਲੇਖ ਸਮਾਜੀ ਪੜਚੋਲ ਕਰਦੇ, ਕਵਿਤਾਵਾਂ ਸਾਜਿਕ ਕੁਰੀਤੀਆਂ ਦਸਾਂਉਂਦੀਆਂ, ਤਰਕ ਕਹਾਣੀਆਂ ਜੀਵਨ ਨੂੰ ਸੇਧ ਦਸੇਰਾ ਬਣਦੀਆਂ ਹਨ ਅਤੇ ਅੱਜ ਦੇ ਹਲਾਤਾਂ ’ਤੇ ਵਿਚਾਰ ਚਰਚਾ ਖੂਬ ਹੁੰਦੀ ਹੈ। ਪ੍ਰਸ਼ਨਾਂ ਦੇ ਉੱਤਰ ਲੱਭੇ ਜਾਂਦੇ ਹਨ। ਸਰਕਾਰ ਤੋਂ ਵੀ ਮੰਗ ਕਰਦੇ ਹਾਂ ਕਿ ਪੰਜਾਬ ਸਰਕਾਰ ਪੇਂਡੂ ਸਾਹਿਤ ਸਭਾਵਾਂ ਨੂੰ ਕੋਈ ਥੋੜ੍ਹਾ ਬਹੁਤਾ ਫੰਡ ਮੁਹੱਈਆ ਕਰੇ। ਜਿਸ ਨਾਲ ਪੰਜਾਬੀ ਬੋਲੀ ਨੂੰ ਵੱਧ ਤੋਂ ਵੱਧ ਪ੍ਰਫੁੱਲਤ ਕੀਤਾ ਜਾਵੇ। ਪੰਜਾਬੀ ਮਾਂ ਬੋਲੀ ਦੀ ਸੇਵਾ ਕਰੀ ਜਾਵੇ। ਇਸ ਲਈ ਮੇਰੀ ਪੰਜਾਬ ਸਰਕਾਰ ਨੂੰ ਪੁਰਜ਼ੋਰ ਅਪੀਲ ਹੈ, ਪੰਜਾਬੀ ਮਾਂ ਬੋਲੀ ਧਿਆਨ ਵਿਚ ਲਿਆਂਦੀ ਜਾਵੇ, ਅਖਬਾਰਾਂ ਵਿਚ ਤਸਵੀਰਾਂ ਲਾਉਣਾ ਕੌਈ ਸੇਖੀ ਵਾਲਾ ਕਾਰਜ ਨਹੀਂ ਹੈ। ਮੇਹਨਤ ਕਰਨ ਦੀ ਲੋੜ ਹੈ।

ਚਲੋ ਮੈਂ ਆਪਣੇ ਵਿਸ਼ੇ ਵੱਲ੍ਹ ਦੁਬਾਰਾ ਮੋੜ ਖਾਦਾ ਹਾਂ। ਉੱਪਰ ਵੀ ਮੈਂ ਲਿਖ ਆਇਆ ਹਾਂ, ਮੇਰਾ ਹਿਰਦਾ ਹਮਦਰਦੀ, ਦਿਆਲਤਾ, ਸਬਰ- ਸੰਤੋਖ ਪ੍ਰੇਮ ਤੇ ਪਿਆਰ ਦਾ ਪੱਕਾ ਹਾਮੀ ਹੈ। ਜੋ ਮੈਨੂੰ ਕੋਈ ਕੁੱਝ ਵੀ ਕਹੇ, ਮੈਂ ਸੱਤ ਕਰਕੇ ਜਾਣਦਾ ਹਾਂ। ਉਸ ਦਾ ਉੱਤਰ ਠਰੰਮੇ, ਸ਼ਹਿਣਸ਼ੀਲਤਾ ਤੇ ਹਮਦਰਦੀ ਭਰੇ ਲਹਿਜੇ ਵਿਚ ਦੇਂਦਾ ਹਾਂ। ਇਸ ਦਿਆਲਤਾ ਕਾਰਨ ਹੀ ਕਈ ਵਿਅਕਤੀ ਬੇਰੁਜਗਾਰ ਆਪਣੇ ਨਾਲ ਭਰਤੀ ਕਰਾਏ। ਮੇਰੇ ਕੋਲ ਰੋਪੜ ਤੋਂ ਲੈ ਕੇ ਬਾਬਾ ਨਾਨਕ ਤੱਕ ਏਰੀਆ ਹੁੰਦਾ ਸੀ। ਜੋ ਵੀ ਮੈਂ ਉਸ ਏਰੀਆ ਵਿਚ ਗਰੀਬ ਪੜ੍ਹੇ ਲਿਖੇ ਨੌਜਵਾਨ ਨੂੰ ਮਿਲਿਆ ਤਾਂ ਪੂਰੀ ਉਸ ਦੀ ਤਸੱਲੀ ਕਰਕੇ ਰੱਖ ਲਿਆ, ਉਸਨੂੰ ਇਕੋ ਗੱਲ ਕਹਿਣੀ ਮੇਹਨਤ ਕਰੀ ਆਪੇ ਤੇਰਾ ਕੰਮ ਪੱਕਾ ਹੋ ਜਾਵੇਗਾ। ਜਿਵੇਂ ਕਿਸੇ ਚੰਗਾ ਮਾੜਾ ਕੀਤਾ ਉਵੇ ਉਸਨੂੰ ਇਨਾਮ ਮਿਲਿਆ।

ਮੈਂ ਜਲੰਧਰ, ਹੁਸ਼ਿਆਰਪੁਰ ਦੇ ਦੋ ਲੜਕੇ ਰੱਖੇ, ਉਹਨਾਂ ਬਹੁਤ ਮੇਹਨਤ ਕੀਤੀ। ਦੋਵੇਂ ਹੀ ਬੀ ਐਸ ਸੀ ਐਗਰੀਕਲਚਰ ਸਨ। ਜੋ ਅੱਜ ਨਿਊਜੀਲੈਂਡ ਵਿਚ ਰਹਿੰਦੇ ਹਨ। ਦੋ ਲੜਕੇ ਮੈਂ ਰੋਪੜ, ਨਵਾਂਸ਼ਹਿਰ ਦੇ ਰੱਖੇ ਸਨ। ਦੋਨੋਂ ਕਿਸੇ ਹੋਰ ਥਾਵਾਂ ’ਤੇ ਕੰਮ ਕਰਦੇ ਹਨ। ਮੈਰਾ ਹਫਤੇ ਬਾਅਦ ਫੋਨ ’ਤੇ ਹਾਲ ਪੁੱਛਦੇ ਹਨ ਅਤੇ ਕਿਤੇ ਪੰਜੀ ਸੱਤੀ ਮਹੀਨੇ ਮੇਰੇ ਝੱਤਰੇ ਪਿੰਡ ਮਿਲਣ ਸਪੈਸਲ ਆਉਂਦੇ ਹਨ। ਸ਼ੁਰੂ ਸੁਰੂ ਵਿਚ ਇਕ ਲੜਕਾ ਮੈਂ ਫਰੀਦਕੋਟ ਰਖਵਾਇਆ, ਅੱਜਕੱਲ੍ਹ ਉਹ ਬਹੁਤ ਅਮੀਰ ਕਮੀਸ਼ਨ ਏਜੰਟ (ਆੜਤੀਆ) ਹੈ।

ਜਿਸ ਦਾ ਦੂਸਰੇ ਦਿਨ ਫੋਨ ਆਉਂਦਾ ਰਹਿੰਦਾ ਹੈ। ਇਕ ਲੜਕਾ ਕਪੂਰਥਲੇ ਰੱਖਿਆ ਸੀ ਉਹ ਵੀ ਮੇਰੇ ਨਾਲ ਰਾਬਤਾ ਰੱਖਦਾ ਹੈ, ਮੈਂ ਉਹਨਾਂ ਦਾ ਸਤਿਕਾਰ ਰੱਖਦਾ ਹਾਂ, ਉਹ ਮੇਰਾ। ਅਖੀਰ ਵਿਚ ਮੈਂ ਇਕ ਲੜਕਾ ਜਲੰਧਰ ਰੱਖਿਆ ਸੀ, ਉਹ ਨੌਕਰੀ ਕਰ ਰਿਹਾ ਹੈ। ਉਸ ਕੋਲ ਏਰੀਆ ਵੀ ਮੇਰੇ ਪਿੰਡ ਵਾਲੇ ਪਾਸੇ ਹੈ ਉਸਨੇ ਮਿਲਣਾ ਤਾ ਕੀ ਹੈ, ਕਦੇ ਫੋਨ ’ਤੇ ਵੀ ਨਹੀਂ ਪੁੱਛਿਆ ਕਿ ਕੀ ਹਾਲ ਹੈ ਜਗਜੀਤ ਸਿੰਘ ਜੀ। ਬਾਕੀ ਜੋ ਕੀਤੇ ਨੂੰ ਭੁੱਲਦਾ ਏ ਉਹ ਅਕ੍ਰਿਤਘਣ ਹੁੰਦਾ ਹੈ। ਗੁਰਬਾਣੀ ਸੱਚ ਕਿਹਾ ਹੈ ਇਸ ਤੋਂ ਉੱਤੇ ਪਾਪ ਨਹੀਂ ਹੈ।

**–ਲੇਖਕ ਜਗਜੀਤ ਸਿੰਘ ਝਤਰਾ**
**ਫੋਨ–7814490249**
**ਅਨੁਵਾਦ–ਤਸਵਿੰਦਰ ਸਿੰਘ ਬੜੈਚ**

### 14 ਅਪ੍ਰੈਲ ਨੂੰ 131ਵੇਂ ਜਨਮ ਦਿਹਾੜੇ 'ਤੇ ਵਿਸ਼ੇਸ਼

# ਜਦੋਂ ਝੁੱਗੀਆਂ ਦੇ ਵਿਹੜੇ ਵਿੱਚ ਸੀ, ਅੰਬਰੋਂ ਉੱਤਰਿਆ ਸੂਰਜ!

## ਵਿਸ਼ਵ ਸ਼ਖ਼ਸੀਅਤ ਸਮਾਜ ਦਾ ਅਨਮੋਲ ਹੀਰਾ - ਬਾਬਾ ਸਾਹਿਬ ਡਾ.ਅੰਬੇਡਕਰ



ਸੰਤੋਖ ਸਿੰਘ ਜੱਸੀ
91-70876-19800

ਅੱਜ ਦੇ ਸਮੇਂ 'ਚ ਹਰ ਕੋਈ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੇ ਨਾਮ ਤੋਂ ਜਾਣੂੰ ਹੈ। ਗੱਲ ਚਾਹੇ ਕਿਸੇ ਗਲੀ-ਮੁਹੱਲੇ, ਸ਼ਹਿਰ, ਰਾਜਧਾਨੀ ਜਾਂ ਸੂਬੇ ਦੀ ਹੋਵੇ। ਭਾਰਤ ਦੀ ਪਾਰਲੀਮੈਂਟ ਸਾਹਮਣੇ 'ਵੱਡੇ ਇਸ਼ਾਰੇ' ਯਾਣੀ ਕਿ ਸੰਸਦ ਵੱਲ ਉਂਗਲੀ ਕਰ ਰਿਹਾ ਜੋ ਆਦਮ ਕੱਦ ਬੁੱਤ ਹੈ ਤਾਂ ਉਹ ਬਾਬਾ ਸਾਹਿਬ ਅੰਬੇਡਕਰ ਦਾ ਹੀ ਹੈ। ਦੇਸ਼ ਦਾ ਹਰ ਛੋਟਾ-ਵੱਡਾ ਆਗੂ ਬਾਬਾ ਸਾਹਿਬ ਦਾ ਗੁਣਗਾਨ ਕਰਨ ਲੱਗਾ ਹੈ। ਹੁਣ ਬਾਬਾ ਸਾਹਿਬ ਦਾ ਜਨਮਦਿਨ ਜਾਂ ਪਰਿਨਿਰਵਾਣ ਦਿਵਸ ਸਿਰਫ ਇੱਕ







Columbia University
in the City of New York

BHIMRAO RAMJI AMBEDKAR, LL.D.

Born in India and schooled there under heavy handicaps; B.A. of the University of Bombay at twenty, and for three years a graduate student in this University, receiving the doctorate in political science; subsequently a student of the Inns of Court and the University of London, obtaining a doctorate in economics; for the past three decades as barrister, university professor, and member of the legislative council, as a framer of the Constitution, member of the cabinet and of the Council of State, one of India's leading citizens--a great social reformer and a valiant upholder of human rights.

In the exercise of the authority conferred upon me by the Trustees, I gladly admit you to the degree of Doctor of Laws, honoris causa, in this University and confer upon you all the rights and privileges which attach thereto, in token whereof I hand you this diploma.

Grayson Kirk
Vice President and Provost

June 5, 1952

ਵਿਸ਼ੇਸ਼ ਦਿਨ ਹੀ ਨਹੀਂ, ਸਗੋਂ ਕਈ ਮਹੀਨੇ ਮਨਾਏ ਜਾਂਦੇ ਹਨ। ਜਦੋਂ ਗੱਲ ਵਿਸ਼ਵ ਦ੍ਰਿਸ਼ਟੀਕੋਣ ਦੀ ਹੁੰਦੀ ਹੈ ਤਾਂ ਫਿਰ ਡਾ. ਅੰਬੇਡਕਰ "ਗਿਆਨ ਅਤੇ ਸਮਾਨਤਾ ਦੇ ਪ੍ਰਤੀਕ" ਵਜੋਂ ਉੱਭਰ ਕੇ ਸਾਹਮਣੇ ਆਉਂਦੇ ਹਨ। ਜੇਕਰ ਭਾਰਤ ਸਰਕਾਰ ਨੇ ਉਹਨਾਂ ਨੂੰ ਭਾਰਤ ਦਾ ਸਭ ਤੋਂ ਵੱਡਾ ਸਨਮਾਨ "ਭਾਰਤ ਰਤਨ" ਦਿੱਤਾ ਤਾਂ ਸਮੁੱਚੇ ਵਿਸ਼ਵ ਲਈ ਉਹ ਅਨਮੋਲ ਹੀਰਾ ਅਤੇ ਪ੍ਰੇਰਣਾਸਰੋਤ ਹਨ। ਉਹਨਾਂ ਨੇ ਅਮਨ ਸ਼ਾਂਤੀ ਨਾਲ ਬਿਨ੍ਹਾਂ ਕਿਸੇ ਹਿੰਸਾ ਦੇ ਵਿਵਸਥਾ ਪਰਿਵਰਤਨ ਲਈ ਲੜਾਈ ਲੜੀ। ਜਦੋਂ ਅੱਜ ਗੱਲ ਵਿਸ਼ਵ ਦੇ ਬੇਮਿਸਾਲ ਬੌਧਿਕ ਅਤੇ ਰਚਨਾਤਮਕ ਸ਼ਕਤੀ ਵਾਲੀ ਸ਼ਖ਼ਸੀਅਤ ਦੀ ਹੁੰਦੀ ਹੈ ਤਾਂ ਬਾਬਾ ਸਾਹਿਬ ਕਿਸੇ ਗੱਲੋਂ ਘੱਟ ਨਜ਼ਰ ਨਹੀਂ ਆਉਂਦੇ।

ਅੰਗਰੇਜ ਵਿਦਵਾਨ ਬੇਵਰਲੇ ਲਿੰਕਸਸ ਨੇ ਸੁਕਰਾਤ (ਏਥਨਸ/ਗਰੀਸ), ਕਾਰਲ ਮਾਰਕਸ (ਜਰਮਨੀ), ਮਾਓ ਜੇ ਤੁੰਗ (ਚੀਨ), ਮਾਰਟਿਨ ਲੂਥਰ ਕਿੰਗ (ਅਮਰੀਕਾ), ਇਬਰਾਹਿਮ ਲਿੰਕਨ (ਅਮਰੀਕਾ), ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ (ਭਾਰਤ) ਨੂੰ ਵਿਸ਼ਵ ਭਰ ਦੇ ਛੇ ਸਰਵਸ੍ਰੇਸ਼ਠ ਫ਼ਿਲਾਸਫਰ ਮੰਨਿਆ ਹੈ। ਦੂਰਦ੍ਰਿਸ਼ਟੀ ਦੀ ਨਿਰਪੱਖ ਤੇ ਨਿਡਰ ਸੋਚ ਦੇ ਧਾਰਨੀ ਡਾ. ਅੰਬੇਡਕਰ ਸਿਰਫ ਭਾਰਤ ਦੇ ਹੀ ਨਹੀਂ, ਸਗੋਂ ਮਨੁੱਖੀ ਹੱਕਾਂ ਲਈ ਲੜਨ ਵਾਲੇ ਮਹਾਨ ਭਾਰਤੀ ਯੋਧੇ ਵਿਸ਼ਵ ਭਰ ਲਈ ਉਦਾਹਰਣ ਹਨ।

ਬਾਬਾ ਸਾਹਿਬ ਦੇ ਬਚਪਨ, ਪੜ੍ਹਾਈ ਦੌਰਾਨ, ਜਵਾਨੀ ਸਮੇਂ ਤੇ ਸਮੁੱਚੀ ਜ਼ਿੰਦਗੀ 'ਚ ਉਹਨਾਂ ਜਿਹਾ ਕੋਈ ਸਾਹਨੀ ਇਨਸਾਨ ਨਹੀਂ ਹੈ। ਜਿਸ ਨਾਲ ਉਹਨਾਂ ਦੀ ਤੁਲਨਾ ਕੀਤੀ ਜਾ ਸਕੇ। ਇੱਕ ਵਾਰ ਬਾਬਾ ਸਾਹਿਬ ਨੇ ਸਮਾਜ ਦੀ ਖ਼ਾਤਿਰ ਲੜਨ ਦੀ ਆਪਣੀ ਗੱਲ ਕਰਦਿਆਂ ਮੌਕੇ ਦੇ ਵੱਡੇ ਲੀਡਰਾਂ ਵਾਰੇ ਕਿਹਾ ਸੀ ਕਿ ਜਿਵੇਂ ਇੱਕ ਮਾਂ ਅਤੇ ਦਾਈ ਵਿੱਚ ਜਮੀਨ-ਆਸਮਾਨ ਦਾ ਫ਼ਰਕ ਹੁੰਦਾ ਹੈ। ਇਹੀ ਹਾਲ ਇਹਨਾਂ ਲੀਡਰਾਂ ਦਾ ਹੈ।

ਬਾਬਾ ਸਾਹਿਬ ਜਿਹਨਾਂ ਦਾ ਜਨਮ ਭਾਰਤੀ ਵਰਣ ਵਿਵਸਥਾ 'ਚ ਸਭ ਤੋਂ ਹੇਠਲੇ ਕਹੇ ਜਾਂਦੇ ਅਖੌਤੀ ਸ਼ੂਦਰ/ਅਛੂਤ ਵਰਗ ਵਿੱਚ ਹੋਇਆ ਸੀ। ਜਿਸ ਵਰਗ ਨਾਲ ਅਜਿਹਾ ਗ਼ੈਰ-ਇਖ਼ਲਾਕੀ, ਗ਼ੈਰ ਕੁਦਰਤੀ, ਗ਼ੈਰ ਸੰਵਿਧਾਨਿਕ ਵਿਵਹਾਰ ਸਦੀਆਂ ਤੋਂ ਵੰਸ਼ ਦਰ ਵੰਸ਼ ਹੁੰਦਾ ਆ ਰਿਹਾ। ਜਿਸ ਦਾ ਇੱਕ ਨਮੂਨਾ ਬਾਬਾ ਸਾਹਿਬ ਨੇ ਅੱਖਰਾਂ, ਅੰਦੋਲਨਾਂ, ਦਰਦਾਂ ਅਤੇ ਅਪਮਾਨਾਂ ਰਾਹੀਂ ਕੁੱਲ ਆਲਮ ਨੂੰ ਦੱਸਿਆ।

ਅੱਜ ਜਦੋਂ ਗੱਲ ਵਿਸ਼ਵ ਦ੍ਰਿਸ਼ਟੀਕੋਣ ਦੀ ਹੁੰਦੀ ਹੈ ਤਾਂ ਵਿਸ਼ਵ ਪੰਚਾਇਤ (ਯੂ.ਐਨ.ਓ.) ਵੀ ਉਹਨਾਂ ਦਾ ਜਨਮ ਦਿਹਾੜਾ ਮਨਾਉਣ ਲੱਗੀ ਹੈ। ਕੋਲੰਬੀਆ ਯੂਨੀਵਰਸਿਟੀ ਅਮਰੀਕਾ ਨੇ ਉਹਨਾਂ ਨੂੰ 'ਆਧੁਨਿਕ ਭਾਰਤ ਦੇ ਪਿਤਾਮਾ' ਮੰਨਿਆ ਹੈ ਅਤੇ ਸੀ.ਐਨ.ਐਨ./ਆਈ.ਬੀ.ਐਨ. ਐਂਡ ਹਿਸਟਰੀ ਟੀ.ਵੀ. ਇੰਡੀਆ ਨੇ ਉਹਨਾਂ ਨੂੰ 2012 ਵਿੱਚ 'ਮਹਾਨ ਭਾਰਤੀ' ਐਲਾਨਿਆ ਹੈ। ਜੇ ਡਿਗਰੀਆਂ ਦੀ ਗੱਲ ਕਰੀਏ ਤਾਂ ਉਹਨਾਂ ਨੇ ਬੀ.ਏ., ਐਮ.ਏ., ਪੀ.ਐਚ.ਡੀ., ਐਮ.ਐਸ.ਸੀ., ਬਾਰ-ਐਟ ਲਾਅ, ਡੀ.ਐਸ.ਸੀ., ਐਲ.ਐਲ.ਡੀ., ਡੀ. ਲਿੱਟ ਵਰਗੀਆਂ ਮਹਾਨਤਮ ਡਿਗਰੀਆਂ ਹਾਸਲ ਕੀਤੀਆਂ। ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਦੇ ਰਹਿ ਚੁੱਕੇ ਰਾਸ਼ਟਰਪਤੀ ਬਰਾਕ ਹੁਸੈਨ ਓਬਾਮਾ ਨੇ ਉਹਨਾਂ ਨੂੰ ਸੂਰਜ ਦੀ ਉਪਾਧੀ ਦਿੱਤੀ। ਅਫ਼ਰੀਕਾ ਦੇ ਮਰਹੂਮ ਰਾਸ਼ਟਰਪਤੀ ਨੈਲਸਨ ਮੰਡੇਲਾ ਨੇ ਆਖਿਆ ਕਿ ਭਾਰਤ ਵਿੱਚੋਂ ਜੇਕਰ ਕੋਈ ਖਰੀਦਣਯੋਗ ਚੀਜ਼ ਹੈ ਤਾਂ ਉਹ ਸਿਰਫ ਡਾ. ਬੀ. ਆਰ. ਅੰਬੇਡਕਰ ਦੁਆਰਾ ਲਿਖਿਆ "ਭਾਰਤੀ ਸੰਵਿਧਾਨ" ਹੈ। ਪ੍ਰਸਿੱਧ ਧਾਰਮਿਕ ਆਗੂ ਦਲਾਈਲਾਮਾ ਨੇ ਬਾਬਾ ਸਾਹਿਬ ਨੂੰ "ਬੋਧੀਸਤਵ" ਦਾ ਨਾਮ ਦੇ ਸਨਮਾਨਿਤ ਕੀਤਾ। ਨੋਬਲ ਪੁਰਸਕਾਰ ਵਿਜੇਤਾ ਅੰਮ੍ਰਿਤਿਆ ਸੇਨ ਨੇ ਬਾਬਾ ਸਾਹਿਬ ਨੂੰ "ਅਰਥ ਸ਼ਾਸਤਰ" ਵਿੱਚ ਆਪਣਾ ਪਿਤਾ ਮੰਨਿਆ। 20ਵੀਂ ਸਦੀ ਦੇ ਦਾਰਸ਼ਨਿਕ ਓਸ਼ੋ ਰਜਨੀਸ਼ ਨੇ ਕਿਹਾ ਕਿ ਉਹ ਜਿਨ੍ਹਾਂ ਵੀ ਵਿਅਕਤੀਆਂ ਨੂੰ ਮਿਲੇ ਉਹਨਾਂ ਵਿੱਚੋਂ "ਸਭ ਤੋਂ ਸਰਵਸ੍ਰੇਸ਼ਠ" ਸ਼ਖ਼ਸੀਅਤ ਡਾ. ਅੰਬੇਡਕਰ ਹਨ। ਇੱਕ ਸੀਨੀਅਰ ਸਾਬਕਾ ਆਈ.ਏ.ਐਸ. ਨੇ ਕਿਹਾ ਕਿ ਭਾਰਤ ਦੇਸ਼ ਵਿੱਚ 20ਵੀਂ ਸਦੀ ਵਿੱਚ ਦੋ ਹੀ ਮੌਲਿਕ ਫ਼ਿਲਾਸਫਰ ਹੋਏ ਇੱਕ ਓਸ਼ੋ ਅਤੇ ਦੂਜੇ ਡਾ. ਅੰਬੇਡਕਰ। ਇਹ ਦੋਵੇਂ ਮਾਨਵਤਾ ਪੱਖੀ ਅਤੇ ਯੁੱਗ ਪਲਟਾਊ ਹੋਏ ਹਨ। ਇੱਕ ਖੋਜੀ ਪੱਤਰਕਾਰ ਵੀ.ਜੀ. ਨਾਇਰ ਨੇ ਲਿਖਿਆ ਹੈ ਕਿ "ਸਾਮਰਾਜਾਂ ਦਾ ਬਣਨਾ ਅਤੇ ਉੱਜੜ ਜਾਣਾ, ਵੱਡੇ-ਵੱਡੇ ਮਹਾਂਰਾਜਿਆਂ ਅਤੇ ਤਾਨਾਸ਼ਾਹਾਂ ਦਾ ਗੁਜਰ ਜਾਣਾ, ਪੁਲਾੜ ਉੱਤੇ ਜਿੱਤ, ਐਟਮ ਬੰਬ ਦੀ ਖੋਜ ਅਤੇ ਹੋਰ ਗੱਲਾਂ..." ਇਹ ਸਾਰੇ ਜ਼ਿਕਰ ਬੀਤੇ ਸਮੇਂ ਦੀ ਗੱਲ ਬਣ ਕੇ ਮੱਧਮ ਪੈ ਜਾਣਗੇ, ਪਰ ਭਾਰਤ ਦੇ ਕਰੋੜਾਂ ਦਲਿਤਾਂ ਅਤੇ ਪੱਛੜੇ ਵਰਗ ਦੇ ਬੇਖ਼ੌਫ ਆਗੂ ਬਾਬਾ ਸਾਹਿਬ ਦੀ ਜ਼ਿੰਦਾਦਿਲ ਆਵਾਜ਼, ਮਾਨਵਤਾ ਦਾ ਸੁਨੇਹਾ ਦਿੰਦੀ ਹੋਈ ਯੁੱਗਾਂ-ਯੁੱਗਾਂਤਰਾਂ ਤੱਕ ਗੂੰਜਦੀ ਰਹੇਗੀ। ਪੰਜਾਬ ਦੇ ਸੁਪ੍ਰਸਿੱਧ ਅਤੇ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਲੇਖਕ ਡਾ. ਨਰਿੰਦਰ ਸਿੰਘ ਕਪੂਰ ਨੇ ਇੱਕ ਥਾਂ ਲਿਖਿਆ ਹੈ ਕਿ "ਇਤਿਹਾਸ ਦੀ ਮਾਲ ਰੋਡ 'ਤੇ ਹੁਣ ਉਹ ਮੋੜ ਆ ਗਿਆ ਹੈ, ਜਦੋਂ ਦਲਿਤ ਵੀ ਪੂਰੇ ਜਾਹੋ-ਜਲੌਅ ਨਾਲ ਅਤੇ ਸਵੈ-ਮਾਣ ਨਾਲ, ਮੱਥੇ ਵਿੱਚ ਨਵਾਂ ਸੂਰਜ ਬਾਲ਼ ਕੇ, ਅੱਖਾਂ ਵਿੱਚ ਨਵੇਂ ਸੁਫ਼ਨੇ ਲਟਕਾ ਕੇ ਅਤੇ ਦਿਲਾਂ ਦੀਆਂ ਨਵੀਂਆਂ ਰੀਝਾਂ ਜਗਾ ਕੇ ਨਵੀਆਂ ਪੁਲਾਂਘਾਂ ਪੁੱਟਣਗੇ ਅਤੇ ਹਰ ਰੁਕਾਵਟ ਨੂੰ ਲੰਘ ਜਾਣਗੇ।" ਪੰਜਾਬੀ ਦੇ ਹੀ ਪ੍ਰਸਿੱਧ ਲੇਖਕ ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਨੇ ਆਪਣੀ ਸਵੈ-ਜੀਵਨੀ ਦੇ ਅੰਸ਼ "ਆਪਣੀ ਸੋਚ ਦੇ ਗਹਿਰੇ ਸਾਏ" ਹੇਠ ਅੰਕਿਤ ਕੀਤਾ ਕਿ ਆਰਕੀਲੌਜ਼ੀਕਲ ਲਾਇਬ੍ਰੇਰੀ ਵਿੱਚ ਉਹ ਡਾ. ਅੰਬੇਡਕਰ ਨੂੰ ਪਹਿਲੀ ਵਾਰ ਮਿਲੇ। ਡਾ. ਅੰਬੇਡਕਰ ਦੀਆਂ ਗੱਲਾਂ ਬੜੀਆਂ ਦਿਲਚਸਪ ਹੁੰਦੀਆਂ, ਗਿਆਨ ਨਾਲ ਛਲਕਦੀਆਂ ਅਤੇ ਸੋਚ ਨੂੰ ਟੁੰਬਦੀਆਂ ਸਨ। ਆਖਿਰ ਆਰ.ਐੱਸ.ਐੱਸ. ਨੇ ਵੀ 2015 ਵਿੱਚ ਬਾਬਾ ਸਾਹਿਬ ਦੇ 125ਵੇਂ ਜਨਮਦਿਨ 'ਤੇ ਆਪਣੇ ਮੈਗਜ਼ੀਨ ਪੰਚਜਨਿਆ ਰਾਹੀਂ ਬਾਬਾ ਸਾਹਿਬ ਨੂੰ ਸਭ ਤੋਂ ਮਹਾਨ ਮੰਨ ਲਿਆ। ਪਾਕਿਸਤਾਨ ਇੱਕ ਇਸਲਾਮਿਕ ਦੇਸ਼ ਹੈ, ਜਿੱਥੇ ਸਿਰਫ ਬਾਬਾ ਸਾਹਿਬ ਜੀ ਦਾ ਜਨਮ ਦਿਹਾੜਾ ਹੀ ਮਨਾਇਆ ਜਾਂਦਾ ਹੈ। ਕਦੇ ਸਹਿਪਾਠੀਆਂ ਵਲੋਂ, ਕਦੇ ਚਪੜਾਸੀ ਹੱਥੋਂ, ਕਦੇ ਤਾਂਗੇ ਵਾਲੇ ਹੱਥੋਂ, ਕਦੇ ਨਾਈ ਹੱਥੋਂ, ਕਦੇ ਆਗੂਆਂ ਵਲੋਂ, ਕਦੇ ਕਈ ਅਖ਼ਬਾਰਾਂ ਵਲੋਂ ਵਾਰ-ਵਾਰ ਅਪਮਾਨਿਤ ਹੋਣ ਦੇ ਬਾਵਜੂਦ ਉਹ ਨਿਰੰਤਰ ਪੜ੍ਹਦੇ ਗਏ, ਲਿਖਦੇ ਗਏ। ਸਭ ਕੁੱਝ ਸਹਿਣ ਕਰਦੇ ਰਹੇ। ਲਗਾਤਾਰ ਮਿਹਨਤ ਕਰਦੇ ਰਹੇ। ਸਮਾਜ ਲਈ ਹਮੇਸ਼ਾ ਸੰਘਰਸ਼ ਕਰਦੇ ਰਹੇ। ਅਜਿਹੀ ਹੋਰ ਕੋਈ ਮਿਸਾਲ ਇਤਿਹਾਸ ਵਿੱਚੋਂ ਨਾ-ਮਾਤਰ ਮਿਲਦੀ ਹੈ। ਬਾਬਾ ਸਾਹਿਬ ਅੰਬੇਡਕਰ ਦੁਨੀਆਂ ਦੇ ਪਹਿਲੇ ਵਿਅਕਤੀ ਹੋਏ ਹਨ, ਜਿਹਨਾਂ ਨੇ ਕੋਲੰਬੀਆ ਯੂਨੀਵਰਸਿਟੀ ਅਮਰੀਕਾ ਵਿੱਚ ਪੜ੍ਹਾਈ ਕੀਤੀ ਅਤੇ ਇਸੇ ਯੂਨੀਵਰਸਿਟੀ ਵਲੋਂ ਸਨਮਾਨੇ ਗਏ ਅਤੇ ਉੱਥੇ ਉਹਨਾਂ ਦੀ ਸਵੈ-ਜੀਵਨੀ 'ਵੀਜ਼ੇ ਦੀ ਉਡੀਕ' ਪੜ੍ਹਾਈ ਜਾਂਦੀ ਹੈ, ਉਹ ਦੁਨੀਆਂ ਦੇ ਪਹਿਲੇ ਅਜਿਹੇ ਵਿਅਕਤੀ ਬਣੇ, ਜਿਹਨਾਂ ਨੇ ਇਸ ਯੂਨੀਵਰਸਿਟੀ ਵਿੱਚ ਪੜ੍ਹ ਕੇ ਮਾਨਵਤਾ ਲਈ ਸਭ ਤੋਂ ਵੱਧ ਕੰਮ ਕੀਤਾ। 5 ਜੂਨ, 1952 ਨੂੰ ਯੂਨੀਵਰਸਿਟੀ ਦੇ ਵਾਇਸ ਪ੍ਰੈਜ਼ੀਡੈਂਟ ਗਰੇਸ਼ਨ ਕਿਰਕ ਨੇ ਉਹਨਾਂ ਨੂੰ ਸਨਮਾਨ-ਪੱਤਰ ਦੇਣ ਸਮੇਂ ਇਹਨਾਂ ਸ਼ਬਦਾਂ ਨਾਲ ਸਨਮਾਨਿਤ ਕੀਤਾ ਕਿ "ਭਾਰਤ ਦੇ ਜੰਮਪਲ ਅਤੇ ਬਹੁਤ ਥੁੜਾਂ ਨਾਲ ਸਕੂਲੀ ਸਿੱਖਿਆ ਪ੍ਰਾਪਤ ਕਰਨ ਵਾਲੇ, ਬੀ.ਏ. ਦੀ ਡਿਗਰੀ ਬੰਬਈ ਯੂਨੀਵਰਸਿਟੀ ਤੋਂ ਵੀਹ ਸਾਲਾਂ ਦੀ ਉਮਰ ਵਿੱਚ ਲੈਣ ਵਾਲੇ, ਤਿੰਨ ਸਾਲ ਇਸ ਯੂਨੀਵਰਸਿਟੀ ਦੇ ਗ੍ਰੈਜੂਏਟ ਸਟੂਡੈਂਟ ਰਹੇ ਅਤੇ ਰਾਜਨੀਤੀ ਸ਼ਾਸਤਰ ਵਿੱਚ ਡਾਕਟਰੇਟ ਦੀ ਉਪਾਧੀ ਹਾਸਲ ਕਰਨ ਵਾਲੇ, ਨਾਲ ਦੀ ਨਾਲ 'ਇਨਸ ਆਫ ਕੋਰਟ' ਦੇ ਵਿਦਿਆਰਥੀ ਅਤੇ ਯੂਨੀਵਰਸਿਟੀ ਆਫ ਲੰਡਨ ਤੋਂ ਅਰਥ-ਸ਼ਾਸਤਰ ਵਿੱਚ ਡਾਕਟਰੇਟ ਦੀ ਉਪਾਧੀ ਅਤੇ ਪਿਛਲੇ ਤਿੰਨ ਦਹਾਕਿਆਂ ਤੋਂ ਬੈਰਿਸਟਰ (ਵਕੀਲ), ਯੂਨੀਵਰਸਿਟੀ ਅਧਿਆਪਕ, ਮੈਂਬਰ ਆਫ ਲੈਜ਼ਿਸਲੇਟਿਵ ਕੌਂਸਲ, ਭਾਰਤੀ ਸੰਵਿਧਾਨ ਦੇ ਕਰਤਾ, ਕੇਂਦਰੀ ਕੈਬਨਿਟ ਦੇ ਮੈਂਬਰ, ਕਾਉਂਸਲ ਆਫ ਸਟੇਟ, ਭਾਰਤ ਦੇ ਮੋਹਰੀ ਨਾਗਰਿਕ, ਮਹਾਨ ਸਮਾਜ ਸੁਧਾਰਕ ਅਤੇ ਮਨੁੱਖੀ ਅਧਿਕਾਰਾਂ ਲਈ ਸੰਘਰਸ਼ਸ਼ੀਲ ਵਿਅਕਤੀ ਹੋਣ ਕਰਕੇ। ਇਸ ਲਈ ਮੈਂ ਆਪਣੇ ਟਰੱਸਟੀਜ਼ ਵਲੋਂ ਮਿਲੇ ਅਧਿਕਾਰਾਂ ਦਾ ਇਸਤੇਮਾਲ ਕਰਦੇ ਹੋਏ ਤਹਿ ਦਿਲੋਂ ਤੁਹਾਨੂੰ 'ਡਾਕਟਰ ਆਫ ਲਾਅ' ਮਾਨਯੋਗ ਦੀ ਉਪਾਧੀ ਅਤੇ ਇਸ ਨਾਲ ਜੁੜੇ ਸਾਰੇ ਅਧਿਕਾਰ ਆਪਣੇ ਹੱਥੀਂ ਪ੍ਰਦਾਨ ਕਰਦਾ ਹਾਂ।"

ਅਸੀਂ ਸਾਰੇ ਬ੍ਰਹਿਮੰਡ 'ਚ "ਗਲੋਬਲ ਪਿੰਡ" ਦੇ ਵਸਨੀਕ ਹਾਂ। ਜਿਸ ਵਿੱਚ ਅਰਬਾਂ ਲੋਕ ਹੋਏ ਤੇ ਚਲੇ ਗਏ। ਲੱਖਾਂ ਵਿਗਿਆਨੀ ਤੇ ਖੋਜ ਕਰਤਾ ਅਤੇ ਜੀਨੀਅਸ ਮਨੁੱਖਾਂ ਨੇ ਸੰਸਾਰ ਦੀ ਕਾਇਆ ਹੀ ਕਲਪ ਦਿੱਤੀ। ਲੋਕਾਂ ਨੂੰ ਸੁੱਖ-ਸਹੂਲਤਾਂ, ਅੱਗੇ ਵੱਧਣ ਦੇ ਰਾਹ-ਰਾਸਤੇ ਅਤੇ ਭਵਿੱਖ ਦੀਆਂ ਚੁਣੌਤੀਆਂ ਲਈ ਰਾਹ ਦਸੇਰੇ ਬਣਨ ਲਈ ਜ਼ਿੰਦਗੀਆਂ ਨਿਸ਼ਾਵਰ ਕੀਤੀਆਂ ਉਹਨਾਂ ਵਿੱਚੋਂ ਇੱਕ ਸਨ ਡਾ. ਅੰਬੇਡਕਰ।

ਕਰੋੜਾਂ ਲੋਕਾਂ ਨੂੰ ਬਿਨ੍ਹਾਂ ਕਿਸੇ ਹਿੰਸਾ ਮਨੁੱਖੀ ਹੱਕ ਦਿਵਾਉਣ ਵਾਲੇ ਬਾਬਾ ਸਾਹਿਬ ਡਾ. ਅੰਬੇਡਕਰ ਨੋਬਲ ਪੁਰਸਕਾਰ ਦੇ ਹੱਕਦਾਰ ਹਨ। ਇਸ ਲਈ ਸਮੂਹਿਕ ਯਤਨਾਂ ਦੀ ਲੋੜ ਹੈ ਤੇ ਪਾਠ-ਪੁਸਤਕਾਂ ਵਿੱਚ ਮੁੜ ਤੋਂ ਬਾਬਾ ਸਾਹਿਬ ਵਾਰੇ ਵਿਦਿਆਰਥੀਆਂ ਨੂੰ ਸਹੀ ਤੇ ਨਿਰਪੱਖ ਜਾਣਕਾਰੀ ਦੇਣੀ ਜਰੂਰੀ ਹੈ।

ਖੁੱਲ੍ਹ ਉਡਾਰੀ ਲਾਵਣ ਦੇ ਲਈ, ਅੰਬਰੀ ਖੌਲ ਪੈਦਾ ਕਰ।
ਬਦਲ ਜਾਏ ਦੁਨੀਆਂ ਦਾ ਨਕਸ਼ਾ,
ਕੋਈ ਮਾਹੌਲ ਪੈਦਾ ਕਰ,
ਫੁੱਲ ਪੱਤਰਾਂ ਦੀ ਛਾਂਵੇਂ ਬਹਿ ਕੇ,
ਜ਼ਿੰਦਗੀ ਮਾਣਨ ਕੰਡੇ ਕੰਬ-ਕੰਬ ਬੋਲਣ ਚੁੱਪਾਂ ਆਪੇ,
ਅਜਿਹਾ ਹੌਲ ਪੈਦਾ ਕਰ।

## ਵਿਸਾਖੀ

ਸੋਨੇ ਰੰਗੀ ਪੱਕੀ ਕਣਕ ਨੂੰ ਦੇਖਕੇ
ਖੁਸ਼ੀ ਵਿੱਚ ਝੂਮੇ ਜੱਟ ਖੜ੍ਹਾ ਵੱਟ 'ਤੇ

ਮਿਹਨਤ ਤੇ ਕਰ ਦਿੱਤੀਆਂ ਤੂੰ ਰਹਿਮਤਾਂ
ਕਰੀਆਂ ਦੁਆਵਾਂ ਖੜ੍ਹ ਇੱਕ ਲੱਤ 'ਤੇ
ਸੋਨੇ ਰੰਗੀ ਪੱਕੀ ਕਣਕ ਨੂੰ ਦੇਖਕੇ
ਖੁਸ਼ੀ ਵਿੱਚ ਝੂਮੇ ਜੱਟ ਖੜ੍ਹਾ ਵੱਟ ਤੇ

ਚੜਿਆ ਵਿਸਾਖ ਤੇ ਵਿਸਾਖੀ ਆਈ ਐ
ਗਿੱਧੇ ਭੰਗੜੇ ਤੇ ਜੋਬਨ ਲਿਆਈ ਐ
ਮਿਹਨਤ ਕਿਸਾਨ ਦੀ ਨੂੰ ਫਲ ਲੱਗਿਆ
ਲੱਗੀ ਆ ਮੋਹਰ ਜਾਪੇ ਪੂਰੀ ਹੱਕ ਤੇ
ਸੋਨੇ ਰੰਗੀ ਪੱਕੀ ਕਣਕ ਨੂੰ ਦੇਖਕੇ
ਖੁਸ਼ੀ ਵਿੱਚ ਝੂਮੇ ਜੱਟ ਖੜ੍ਹਾ ਵੱਟ ਤੇ

ਅੱਲੜ੍ਹਾਂ ਤੇ ਹੁਸਨ ਵੀ ਪੂਰਾ ਖਿੜ੍ਹਿਆ
ਚੋਬਰਾਂ ਤੇ ਜੋਬਨ ਦਾ ਝੋਲ ਫਿਰਿਆ
ਝੂਮਣ ਸੁਆਣੀਆਂ ਜਿਉਂ ਲੋਰ ਨਸ਼ੇ ਦੀ
ਹੁੰਦਾਂ ਜਿਵੇਂ ਚਾਅ ਸਾਰਿਆਂ ਨੂੰ ਖੱਟ ਤੇ
ਸੋਨੇ ਰੰਗੀ ਪੱਕੀ ਕਣਕ ਨੂੰ ਦੇਖਕੇ
ਖੁਸ਼ੀ ਵਿੱਚ ਝੂਮੇ ਜੱਟ ਖੜ੍ਹਾ ਵੱਟ ਤੇ

ਕਰਿਆ ਸ਼ਗਨ ਦਾਤੀ ਨਾਲ ਵੱਢ ਕੇ
ਕੁੜਤੇ ਤੇ ਚਾਦਰੇ ਨਾਲ ਟੌਰਾ ਛੱਡ ਕੇ
ਬੀਂਬੜ ਦੇ ਮੱਟੂ ਪਾਈ ਜੁੱਤੀ ਕੱਢਵੀਂ
ਸਰਦਾਰਨੀ ਬਰਾਬਰ ਕਦਮ ਰੱਖ ਤੇ
ਸੋਨੇ ਰੰਗੀ ਪੱਕੀ ਕਣਕ ਨੂੰ ਦੇਖਕੇ
ਖੁਸ਼ੀ ਵਿੱਚ ਝੂਮੇ ਜੱਟ ਖੜ੍ਹਾ ਵੱਟ ਤੇ

ਮਾਰਦਾ ਦਮਾਮੇ ਸਤਨਾਮ ਮੇਲੇ ਜਾਣਾ
ਖੱਬੀ ਅੱਖ ਉੱਤੇ ਨਾਲੇ ਚੰਦ ਖੁਣਵਾਉਣਾ
ਟੇਕਣਾ ਏ ਮੱਥਾ ਦਮਦਮਾ ਸਾਹਿਬ ਜਾਕੇ
ਖਾਣੀਆਂ ਜਲੇਬੀਆਂ ਨੇ ਬਹਿਕੇ ਹੱਟ ਤੇ
ਸੋਨੇ ਰੰਗੀ ਪੱਕੀ ਕਣਕ ਨੂੰ ਦੇਖਕੇ
ਖੁਸ਼ੀ ਵਿੱਚ ਝੂਮੇ ਜੱਟ ਖੜ੍ਹਾ ਵੱਟ ਤੇ



ਇੰਜੀ ਸਤਨਾਮ ਸਿੰਘ ਮੱਟੂ
ਬੀਂਬੜ, ਸੰਗਰੂਰ
9779708257

## ਵਕਤ ਦੇ ਸਫ਼ੇ 'ਤੇ

# ਜ਼ਿੰਦਗੀ ਤੋਂ ਸੰਤੁਸ਼ਟ ਇੱਕ ਸ਼ਖਸੀਅਤ : ਮਹਿੰਦਰ ਸਿੰਘ 'ਦੋਸਾਂਝ'

## ਬਿਨ੍ਹਾਂ ਸਕੂਲ ਜਾਣ ਤੋਂ ਯੂ.ਐਨ.ਓ. ਤੱਕ ਪਹੁੰਚਣ ਵਾਲੀ ਸ਼ਖਸੀਅਤ!



ਸੰਤੋਖ ਸਿੰਘ ਜੱਸੀ
91-70876-19800

ਪੰਜਾਬੀ ਦੇ ਸਭ ਤੋਂ ਵੱਧ ਪੜ੍ਹੇ ਜਾਂਦੇ ਲੇਖਕ ਦੀਆਂ ਖ਼ੂਬਸੂਰਤ ਲਾਇਨਾਂ ਸਾਨੂੰ ਹਮੇਸ਼ਾਂ ਤਰੋ-ਤਾਜ਼ਾ ਕਰਦੀਆਂ ਹਨ ਕਿ 'ਸਾਡਾ ਉਦੇਸ਼ ਅਜਿਹੇ ਮਨੁੱਖ ਦੀ ਉਸਾਰੀ ਕਰਨਾ, ਜਿਸ ਦੀਆਂ ਬਾਹਵਾਂ ਵਿਚ ਸਾਰਾ ਸੰਸਾਰ ਆ ਸਕੇ, ਜਿਸ ਦੇ ਇਰਾਦੇ ਉਚੇ, ਕਰਤੱਵ ਸੁੱਚੇ, ਰੱਬ ਦੇ ਅਚਾਨਕ ਮਿਲ ਪੈਣ ਉੱਤੇ ਉਸ ਨਾਲ ਮੁਸਕੁਰਾ ਕੇ ਹੱਥ ਮਿਲਾ ਕੇ, ਜਿਸ ਦੀਆਂ ਅੱਖਾਂ ਵਿੱਚ ਨਵੇਂ ਸੰਸਾਰ ਦੇ ਸੁਰਮੇ ਦੀ ਚਮਕ ਹੋਵੇ ਜਿਸ ਦੇ ਦਿਲ-ਦਿਮਾਗ ਦੇ ਬੂਹੇ-ਵਾਰੀਆਂ ਖੁੱਲ੍ਹੇ ਹੋਣ, ਜਿਸ ਦੇ ਪੈਰ ਧਰਤੀ 'ਤੇ ਹੋਣ ਤੇ ਸਿਰ ਤਾਰਿਆਂ ਵਿੱਚ ਹੋਵੇ, ਜਿਹੜਾ ਜੰਗ ਦੇ ਮੈਦਾਨ ਵਿੱਚ ਵੀ ਆਪਣੀ ਤਲਵਾਰ ਨਿਹੱਥੇ ਵਿਰੋਧੀ ਨੂੰ ਤੋਹਫ਼ੇ ਵਜੋਂ ਦੇ ਸਕੇ, ਜਿਸ ਵਿੱਚ ਦੁਨੀਆਂ ਦੇ ਵਿਚਾਰਾਂ ਨਾਲ ਸਹਿਮਤ ਹੋਣ ਦੀ ਦਲੇਰੀ ਅਤੇ ਅਸਹਿਮਤ ਹੋਣ ਦਾ ਸਲੀਕਾ ਹੋਵੇ' ਅਜਿਹੇ ਮਨੁੱਖਾਂ ਦੀ ਕਲਪਨਾ ਤਾਂ ਕੀਤੀ ਜਾ ਸਕਦੀ ਹੈ, ਲੋੜ੍ਹ ਤਾਂ ਜਰੂਰ ਹੈ ਅਜਿਹੇ ਮਨੁੱਖਾਂ ਦੀ ਪਰ ਚਿੰਤਾ ਅਤੇ ਗਿਲੇ-ਸ਼ਿਕਵੇ, ਕਿਸੇ ਦਾ ਕਿਸੇ ਮੁਸ਼ਕਿਲਾਂ 'ਚ ਫਸੇ ਹੋਣ ਕਾਰਨ ਅਸਲੀ ਰੂਪ ਦੇਣਾ ਬੜਾ ਔਖਾ ਜਿਹਾ ਲੱਗਦਾ ਹੈ। ਹਰ ਕੋਈ ਹਫ਼ਰਾ-ਤਫ਼ਰੀ 'ਚ ਛੇਤੀ ਕਰੋ-ਛੇਤੀ ਕਰੋ ਦੇ ਚੱਕਰ 'ਚ ਉਲਝਿਆ ਹੋਇਆ ਹੈ। ਪਰ ਮੈਂ ਇੱਕ ਅਜਿਹੀ ਸ਼ਖਸੀਅਤ ਨੂੰ ਜਾਣਦਾ ਹਾਂ, ਮਿਲਦਾ ਹਾਂ, ਸਿੱਖਣ ਦੀ ਕੋਸ਼ਿਸ਼ 'ਚ ਹਾਂ ਕਿ ਵਾਕਿਆ ਹੀ ਉਪਰੋਕਤ ਕਲਪਨਾ ਕੀਤੇ ਤੇ ਅੱਖਰਾਂ 'ਚ ਅਜਿਹੇ ਸੰਜੋਏ ਆਧੁਨਿਕ ਯੁੱਗ ਵਿੱਚ ਮਨੁੱਖ ਹੋ ਸਕਦਾ ਹੈ ਤਾਂ ਜਵਾਬ ਹੈ ਹਾਂ।

ਸੱਚਮੁੱਚ ਇਹ ਹਾਂ ਨੂੰ ਝੂਠੀ ਨਹੀਂ, ਸਗੋਂ ਸੱਚ ਸਿੱਧ ਕਰਦੀ ਹੈ ਕਿ ਮੈਂ ਇੱਕ ਸੰਤੁਸ਼ਟ ਸ਼ਖਸੀਅਤ ਨੂੰ ਮਿਲਿਆ। ਜਿਸ ਦਾ ਨਾਮ ਹੈ ਮਹਿੰਦਰ ਸਿੰਘ ਦੋਸਾਂਝ (ਜਗਤਪੁਰ ਵਾਲੇ) 82 ਸਾਲ ਦੀ ਉਮਰ 'ਚ ਉਸ ਸੰਤੁਸ਼ਟ ਮੇਰੀ ਨਾਗੂਣੀ ਸਮਝ ਤੇ ਪੈਂਦੇ ਵਾਹ-ਵਾਸਤਿਆਂ ਵਿੱਚ ਇਹ ਵਿਅਕਤੀ ਨਹੀਂ ਸਗੋਂ ਇੱਕ 'ਪੰਜਾਬ' ਜਿਸ ਤੋਂ ਪੁਰਾਣਾ ਤੇ ਨਵੇਂ ਹਾਲਾਤਾਂ ਵਾਰੇ ਜਾਣਕਾਰੀ ਲਈ 'ਖਜ਼ਾਨਾ' ਭਰਿਆ ਜਾ ਸਕਦਾ ਹੈ, ਪਰ ਗੱਲ ਸਿਰਫ ਤੁਹਾਡੀ ਨੀਅਤ ਤੇ ਨੀਤੀ ਦੀ ਹੈ। ਦੇਸ਼ ਤੇ ਦੁਨੀਆਂ ਦੇ ਦਾਰਸ਼ਨਿਕ ਤੇ ਖੋਜੀ ਦਿਸਦੇ ਹਨ।

ਇਸ ਸ਼ਖਸੀਅਤ ਦਾ ਤਾਅਰੁਫ਼ ਕਰਾਉਣ ਤੋਂ ਪਹਿਲਾਂ ਇਹ ਵੀ ਸਮਝਣਾ ਪਵੇਗਾ ਕਿ ਇਹ ਸ਼ਖਸੀਅਤ ਸੰਸਾਰ ਦੀ ਸਭ ਤੋਂ ਵੱਡੀ 'ਵਿਸ਼ਵ ਪੰਚਾਇਤ' ਵਲੋਂ ਸਨਮਾਨੀ ਜਾ ਚੁੱਕੀ ਹੈ। ਸੋਚ ਤੇ ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਇਹ ਸ਼ਖਸੀਅਤ ਦਾ ਬਚਪਨ ਵਿੱਚ ਅਧਿਆਪਕਾਂ ਦੁਆਰਾ ਬੱਚਿਆਂ ਨੂੰ ਕੁੱਟ ਪੈਂਦੀ ਦੇਖ ਕੇ ਹਰ ਕੰਮ ਕਰ ਸਕਣ ਦੀ ਗੱਲ ਘਰਦਿਆਂ ਨੂੰ ਕਹਿਣਾ ਪਰੰਤੂ 'ਸਕੂਲੇ ਨਾ ਜਾਣਾ'। ਭਾਵ ਮਹਿੰਦਰ ਸਿੰਘ ਦੋਸਾਂਝ ਸੱਚਮੁੱਚ ਸਕੂਲੇ ਕਦੇ ਵੀ ਪੜ੍ਹਨ ਨਹੀਂ ਗਿਆ। ਸਗੋਂ ਮਾਸਟਰ ਜੀ ਘਰੇ ਆ ਕੇ ਪੜ੍ਹਾਉਣ ਲੱਗੇ। ਇੰਝ ਦੋਸਾਂਝ ਕੁੱਟ ਤੋਂ ਬਚਦੇ ਗਏ।

ਅੱਜ ਪੰਜਾਬ ਨਹੀਂ ਸਗੋਂ ਵਿਸ਼ਵ ਪੱਧਰ 'ਤੇ ਉਹਨਾਂ ਦੀਆਂ ਖੇਤੀ ਪ੍ਰਤੀ ਖੋਜ਼ਾਂ, ਕੁਦਰਤ, ਪੰਜਾਬੀ ਸੱਭਿਆਚਾਰ ਪ੍ਰਤੀ ਲਗਾਓ ਤੇ ਸਮਾਜ ਸੁਧਾਰ ਤੇ ਦਿੱਤੇ ਜਾਂਦੇ ਸੁਝਾਵਾਂ ਨੂੰ ਲੋਕ ਹੀ ਨਹੀਂ, ਸਗੋਂ ਯੂਨੀਵਰਸਿਟੀਆਂ ਵੀ ਬੜੀ ਗੰਭੀਰਤਾ ਨਾਲ ਲੈਂਦੀਆਂ ਹਨ।

ਸ. ਦੋਸਾਂਝ ਦੀ ਸਾਦਗੀ ਵੀ ਬੜੀ ਬਾ-ਕਮਾਲ ਦੀ ਹੈ। ਉਹ ਹਮੇਸ਼ਾਂ ਕੁੜਤੇ-ਪਜਾਮੇ ਵਿੱਚ ਮਿਲਣਗੇ। ਉਹ ਬਿਰਧ ਅਵਸਥਾ ਵਿੱਚ ਹੋਣ ਦੇ ਬਾਵਜੂਦ ਵੀ ਉਹਨਾਂ ਦਾ ਦਿਲ ਜਵਾਨਾਂ ਵਾਲਾ ਹੈ। ਜਵਾਨਾਂ ਨੂੰ ਤੰਦਰੁਸਤ ਰਹਿਣ, ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਵਾਲੀ ਸ਼ਖਸੀਅਤ ਹੈ, ਉਹ ਬਹੁਤ ਸੰਵਾਦ ਰਚਾਉਂਦੇ ਹਨ।

ਸੰਤਾਪਾਂ ਅਤੇ ਸੰਕਟਾਂ, ਮੁਸ਼ਕਿਲਾਂ ਅਤੇ ਮੁਸੀਬਤਾਂ ਦੇ ਅਜੋਕੇ ਯੁੱਗ ਵਿੱਚ ਪਹਿਲਾਂ ਨਾਲੋਂ ਵੀ ਕਿਸੇ ਵੀ ਸਮੇਂ ਦੇ ਮੁਕਾਬਲੇ ਉਹਨਾਂ ਮਨੁੱਖਾਂ ਦੀ ਵਧੇਰੇ ਲੋੜ ਹੈ। ਜਿਹੜੇ ਅੰਦਰੋਂ ਭਰੇ ਹੋਣ ਤੇ ਸਾਨੂੰ ਅਨੇਕਾਂ ਸ਼ਖਸੀਅਤਾਂ ਨੇ ਪ੍ਰਭਾਵਿਤ ਕੀਤਾ ਹੈ, ਪਰ ਸਭ ਤੋਂ ਵੱਧ ਪ੍ਰਭਾਵਿਤ ਆਪਣੇ ਇਲਾਕੇ ਦੇ ਜਿਸ ਇਨਸਾਨ ਵਾਰੇ ਹਰ ਕੋਈ ਆਮ ਅਤੇ ਖਾਸ ਵਿਦਿਆਰਥੀ ਤੇ ਵਿਗਿਆਨੀ, ਡੀ.ਸੀ. ਤੋਂ ਕੇਂਦਰੀ ਖੇਤੀਬਾੜੀ ਮੰਤਰੀ ਤੱਕ ਸਭ ਜਾਣੂ ਹਨ, ਨੇ ਸਾਡੀ ਰੂਹ ਕੱਝ ਲਈ ਹੈ ਤੇ ਭਰ ਦਿੱਤੀ ਹੈ। ਕਿਉਂਕਿ ਅਜਿਹੇ ਮਨੁੱਖ ਸਾਨੂੰ ਨਿੱਜ ਤੋਂ ਉੱਚੇ ਹੋ ਕੇ ਦੂਰ-ਦੁਮੇਲਾ ਮੰਜ਼ਿਲਾਂ ਸਰ ਕਰਨ ਦਾ ਹੁਨਰ ਸਿਖਾਉਂਦੇ ਹਨ।

ਇਹ ਗੱਲ ਸੋਲ਼ਾਂ ਆਨੇ ਵੀਹ ਵਿਸਵੇ ਸੱਚ ਹੈ ਕਿ ਸੋਹਣਿਆਂ ਨਾਲ ਨੱਚਣ ਅਤੇ ਤੁਰਨ ਵਿੱਚ ਕਦੇ ਥਕਾਵਟ ਨਹੀਂ ਹੁੰਦੀ, ਇਵੇਂ ਸਿਆਣੇ, ਸੁਲਝੇ ਹੋਏ ਇਨਸਾਨ ਤੁਹਾਨੂੰ ਛੋਟਾ



ਮਹਿਸੂਸ ਹੋਣ ਨਹੀਂ ਦਿੰਦੇ। ਸਗੋਂ ਦੋਸਾਂਝ ਵਰਗੇ ਖੰਭ ਲਾ ਕੇ ਮਨੁੱਖ ਨੂੰ ਅੱਗੇ ਤੋਰਦੇ ਹਨ।

ਕਿਸਾਨੀ ਪਰਿਵਾਰ 'ਚ ਜਨਮੇ ਇਸ ਬਹੁਪੱਖੀ ਮਾਨਵੀ ਸ਼ਖਸੀਅਤ ਪਹਿਲਾਂ ਕਹੀ ਨਾਲ ਆਪਣੇ ਬਾਗ਼ (ਫ਼ਾਰਮ) 'ਤੇ ਫ਼ਲਾਂ, ਫੁੱਲਾਂ, ਬੂਟਿਆਂ, ਦਰੱਖਤਾਂ, ਪਸ਼ੂਆਂ, ਪੰਛੀਆਂ ਭਾਵ ਕਿ ਕੁਦਰਤ ਦੀ ਲੀਲਾ ਦਾ ਉਪਾਸਕ ਹੈ। ਜਦੋਂ ਕਹੀ ਵਾਹੁਣੀ ਛੱਡਣੀ ਫਿਰ ਕਾਪੀ ਤੇ ਕਲਮ ਚੁੱਕ ਲੈਣੀ, ਉਸ ਦੀ ਉਤਸ਼ਾਹ ਭਰੀ ਜ਼ਿੰਦਗੀ ਦਾ ਇਹ ਅਹਿਮ ਕਦਮ ਹੈ। ਉਹ ਬੁਢਾਪੇ ਦੀ ਇੰਨੀ ਉਮਰ ਹੋਣ ਦੇ ਬਾਵਜੂਦ ਆਪਣੇ ਬਾਗ਼ ਅੰਦਰ ਦਰੱਖਤਾਂ ਉੱਪਰ ਚੜ੍ਹ ਕੇ ਫੁੱਲ-ਫ਼ਲ ਤੋੜ੍ਹਨ ਦੀ ਸਮਰੱਥਾ ਰੱਖਦਾ ਹੈ। ਘਰ ਵਿੱਚ ਕਾਰਾਂ, ਸਕੂਟਰ ਸਭ ਕੁੱਝ ਹੈ, ਪਰ ਉਹ ਹਮੇਸ਼ਾਂ ਪੈਦਲ ਤੇ ਸਾਇਕਲ ਨੂੰ ਤਰਜੀਹ ਦਿੰਦੇ ਹਨ। ਇੱਕ ਵਾਰੀ ਇੱਕ ਸੰਸਥਾ ਦੇ ਨੁਮਾਇੰਦੇ ਉਹਨਾਂ ਨੂੰ ਮੁੱਖ ਮਹਿਮਾਨ ਵਜੋਂ ਸੱਦਾ-ਪੱਤਰ ਦੇਣ ਆਏ, ਪਰ ਉਹਨਾਂ ਨੇ ਇੱਕ ਸ਼ਰਤ ਰੱਖੀ ਕਿ ਆਵਾਂਗਾ ਜਰੂਰ, ਪਰੰਤੂ ਸਾਇਕਲ 'ਤੇ। ਇੰਝ ਅਜਿਹੀਆਂ ਪ੍ਰੇਰਣਾਦਾਇਕ ਤੇ ਕੁਦਰਤੀ ਅਤੇ ਵੱਡੀਆਂ ਤੇ ਛੋਟੀਆਂ ਪ੍ਰਾਪਤੀਆਂ ਨੂੰ ਸਰ ਕਰਨ ਵਾਲੇ ਹਮੇਸ਼ਾਂ ਗਿਆਨਵਾਨ, ਦਾਰਸ਼ਨਿਕ, ਖੋਜੀ, ਜਗਿਆਸੂ ਮਨੁੱਖ ਹੀ ਹੋ ਸਕਦੇ ਹਨ। ਸ. ਦੋਸਾਂਝ ਦਾ ਕਹਿਣਾ ਹੈ ਕਿ ਉਹ ਇਸ ਉਮਰ ਵਿੱਚ ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿੱਚ ਹਨ। ਮੈਂ ਇਸ ਬੁਢਾਪੇ ਦੇ ਦੌਰ ਵਿੱਚ ਆਪਣੇ ਅੰਦਰਲੇ ਅਤੇ ਬਾਹਰਲੇ ਸੰਸਾਰ ਵਿੱਚ ਸੰਪੰਨ ਸੰਤੁਸ਼ਟ ਤੇ ਖੁਸ਼ ਹਾਂ। ਜ਼ਿੰਦਗੀ ਦੀ ਕਮਾਈ ਨਾਲ ਭਰੇ ਖਜ਼ਾਨੇ ਨੂੰ ਉਹ ਬੁਢਾਪੇ ਵਿੱਚ ਖੁਸ਼ੀ ਨਾਲ ਵਰਤ ਰਿਹਾ ਹੈ।

ਸਰਦੀ 'ਚ ਜਦੋਂ ਮਨੁੱਖ ਕੰਬ਼ਲ, ਰਜਾਈਆਂ, ਚਾਹ ਤੇ ਸ਼ਰਾਬ ਦੀ ਵਰਤੋਂ ਕਰਦੇ ਹਨ ਤਾਂ ਇਹ ਕਹੀ ਚੁੱਕ ਲੈਂਦੇ ਹਨ। ਸਾਹਿਤਕ ਖੇਤਰ 'ਚ ਉਹਨਾਂ ਨੇ ਅਨੇਕਾਂ ਕਿਤਾਬਾਂ ਦੀ ਸਿਰਜਣਾ ਕੀਤੀ ਤੇ ਅਖ਼ਬਾਰਾਂ 'ਚ ਲੇਖ ਲਿਖ ਕੇ ਸਮਾਜ ਪ੍ਰਤੀ ਬਣਦੇ ਫਰਜ਼ਾਂ ਨੂੰ ਦੁਨੀਆਂ ਭਰ ਵਿੱਚ ਪਹੁੰਚਾਉਣ ਲਈ ਯਤਨ ਕਰਦੇ, ਅਕਸਰ ਪੜ੍ਹਨ ਨੂੰ ਮਿਲ ਕੇ ਮਾਰਗ ਦਰਸ਼ਕ ਵਜੋਂ ਤੁਹਾਨੂੰ 'ਕੁਦਰਤ ਦਾ ਸੁਨੇਹਾ' ਜਾਂ ਭਵਿੱਖ ਕਿਵੇਂ ਸੁਰੱਖਿਅਤ ਰਹਿ ਸਕਦਾ, ਸਵਾਲ ਮਨੁੱਖ 'ਤੇ ਸੁੱਟ ਦਿੰਦੇ ਹਨ ਕਿ ਸਾਵਧਾਨ ਹੋ ਜਾਵੋ। ਸਮਾਂ ਅਗਲਾ ਬਣਾ ਚੁਣੌਤੀਆਂ ਵਾਲਾ ਹੈ। ਜੇ ਅੱਜ ਨਾ ਸਮਝੇ ਤਾਂ ਫਿਰ ਤੰਬੂ ਬਾਲਣਾ...।

ਜਿੱਥੇ ਪਰਿਵਾਰ ਖੇਤੀਬਾੜੀ ਦੇ ਕੰਮ-ਧੰਦੇ ਨਾਲ ਸੰਬੰਧਿਤ ਤੇ ਬੱਝਿਆ ਰਿਹਾ, ਉਸ ਨੂੰ ਸ. ਦੋਸਾਂਝ ਨੇ ਖ਼ੂਬਸੂਰਤ ਤੇ ਕੁਦਰਤੀ ਤਰੀਕੇ ਅਤੇ ਪ੍ਰਕਿਰਿਆਵਾਂ ਨਾਲ, ਨਵੀਂਆਂ ਤਕਨੀਕਾਂ ਰਾਹੀਂ ਰੋਸ਼ਨੀ ਨੂੰ ਸੰਸਾਰ ਪੱਧਰ 'ਤੇ ਪਹੁੰਚਾਇਆ। ਉਹਨਾਂ ਦੇ ਫਾਰਮ 'ਤੇ ਦਰਜਨਾਂ ਦੇਸ਼ਾਂ ਦੇ ਫੁੱਲ-ਬੂੱਟੇ ਤੁਹਾਨੂੰ "ਜੀ ਆਇਆਂ" ਕਹਿੰਦੇ ਨਜਰ ਆਉਣਗੇ!

ਕਣਕ ਦੇ ਵਿਸ਼ੇਸ਼ ਉਤਪਾਦਨ ਲਈ ਉਹਨਾਂ ਨੂੰ ਸਾਲ 1986 ਵਿੱਚ ਯੂ.ਐਨ.ਓ. ਵਲੋਂ ਸਨਮਾਨੇ ਜਾਣ ਦੀ ਵੀ ਅਜੀਬੋ ਗਰੀਬ ਘਟਨਾ ਹੈ। ਸਭ ਨੂੰ ਪਤਾ ਹੈ ਕਿ ਵਿਦੇਸ਼ ਜਾਣ ਲਈ ਪਾਸਪੋਰਟ ਤੇ ਵੀਜ਼ੇ ਦੀ ਜਰੂਰਤ ਹੁੰਦੀ ਹੈ। ਪਾਸਪੋਰਟ ਦਾ ਨਾ ਹੋਣਾ ਉੱਪਰੋਂ ਯੂ.ਐਨ.ਓ. ਦਾ ਭਾਰਤ ਸਰਕਾਰ ਨੂੰ ਦਬਾਅ ਤੇ ਲਗਾਤਾਰ ਪੱਤਰ-ਵਿਹਾਰ ਤੇ ਅੱਗੋਂ ਪੰਜਾਬ ਸਰਕਾਰ ਨੂੰ ਭਾਰਤ ਸਰਕਾਰ ਦੇ ਦਬਾਅ ਉਪਰੰਤ ਆਖਿਰ ਸ. ਦੋਸਾਂਝ ਨੂੰ ਪਾਸਪੋਰਟ ਅਤੇ ਵੀਜ਼ਾ ਵੀ ਮਿਲ ਗਿਆ। ਇਸ ਤਰ੍ਹਾਂ 16 ਅਕਤੂਬਰ 1986 ਨੂੰ ਯੂ.ਐਨ.ਓ. ਵਲੋਂ ਬੈਂਕਾਕ (ਥਾਈਲੈਂਡ) ਵਿੱਚ ਉਹਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਆ ਗਿਆ। ਉੱਥੇ ਉਹ ਵਿਸ਼ਵ ਪੱਧਰ 'ਤੇ ਆਪਣੀ ਗੱਲ ਰੱਖਣ ਵਿੱਚ ਵੀ ਸਫ਼ਲ ਹੋਏ।

ਇਸ ਵੇਲੇ ਦੁਨੀਆਂ ਦੀ ਆਬਾਦੀ 7 ਅਰਬ 20 ਕਰੋੜ ਤੋਂ ਉੱਪਰ ਦਿਨ-ਬ-ਦਿਨ ਜਾ ਰਹੀ ਹੈ। ਸੰਸਾਰ ਨੂੰ ਸਿਰਫ਼ ਕੁੱਝ ਲੱਖਾਂ ਹੀ ਜੀਨੀਅਸ ਜਿਹੇ ਮਨੁੱਖ ਹੀ ਚਲਾ ਰਹੇ ਹਨ। ਉਹਨਾਂ ਵਿੱਚੋਂ ਸ. ਮਹਿੰਦਰ ਸਿੰਘ ਦੋਸਾਂਝ ਇੱਕ ਹਨ। ਉਹ "ਗਲੋਬਲ ਪਿੰਡ" ਤੇ 'ਵਿਸ਼ਵ ਨਾਗਰਿਕ' ਹਨ। ਉਹ 82ਵੇਂ ਵਰ੍ਹੇ 'ਚ ਮੌਤ ਦੀ ਗੱਲ ਕਰਦਿਆਂ ਬੜੇ ਬੇਵਾਕੀ ਨਾਲ ਕਹਿੰਦੇ ਹਨ ਕਿ ਜਿਵੇਂ ਇੱਕ ਨੌਜਵਾਨ ਆਪਣੀ ਖ਼ੂਬਸੂਰਤ ਪ੍ਰੇਮਿਕਾ ਨੂੰ ਮਿਲਣ ਲਈ ਤਾਂਘਦਾ ਹੈ, ਉਵੇਂ ਮੈਂ ਮੌਤ ਨੂੰ ਘੁੱਟ ਕੇ ਗਲਵੱਕੜੀ ਪਾ ਕੇ ਮਿਲਾਂਗਾ। ਸ. ਦੋਸਾਂਝ ਵਰਗੀਆਂ ਦੁਨੀਆਂ ਭਰ ਦੀਆਂ ਮਸ਼ਹੂਰ ਤੇ ਮਹਾਨ ਸ਼ਖਸੀਅਤਾਂ ਸਮਾਜ ਲਈ ਚਾਨਣ ਮੁਨਾਰਾ ਹਨ। ਫੁੱਲਾਂ 'ਚੋਂ ਖ਼ੂਬਸੂਰਤ ਫੁੱਲ ਅਨੇਕਾਂ ਹਨ। ਅਜਿਹੀਆਂ ਸ਼ਖਸੀਅਤਾਂ ਨੇ ਦੇਸ਼, ਸਮਾਜ ਤੇ ਵਿਸ਼ਵ ਨੂੰ ਆਪਣੀ ਤੀਖਣ ਬੁੱਧੀ ਨਾਲ ਵੱਡ-ਮੁੱਲੀਆਂ ਸੇਵਾਵਾਂ ਦੇ ਕੇ ਨਿਵਾਜਿਆ ਹੈ। ਜੇਕਰ ਅਜਿਹੀ ਵਿਸ਼ਵ ਪੱਧਰੀ ਸ਼ਖਸੀਅਤ ਵਾਰੇ ਇੱਕ ਵਾਕ ਵਿੱਚ ਕਹਿਣਾ ਹੋਵੇ ਤਾਂ ਉਹ ਪ੍ਰਾਪਤੀਆਂ ਦਾ ਸੂਰਜ ਹੈ, ਕੁਦਰਤ ਦਾ ਪ੍ਰੇਮੀ ਹੈ, ਵਿਚਾਰਾਂ ਦਾ ਖ਼ੂਬਸੂਰਤ ਗੁਲਦਸਤਾ, ਪੁਸਤਕਾਂ ਦਾ ਪ੍ਰੇਮੀ ਅਤੇ ਸਾਹਿਤਕਾਰ ਹੈ।

82ਵੇਂ ਸਾਲ ਵਿੱਚ ਵੀ ਉਹ ਦਰਜਨਾਂ ਤੋਂ ਵੱਧ ਉੱਚ ਪੱਧਰੀ ਸਰਕਾਰੀ ਤੇ ਗੈਰ-ਸਰਕਾਰੀ ਕਮੇਟੀਆਂ ਦਾ ਸਲਾਹਕਾਰ ਹੀ ਨਹੀਂ, ਸਗੋਂ ਮਾਰਗ ਦਰਸ਼ਕ ਹੈ। ਇਸ ਜਗਿਆਸੂ ਸ਼ਖਸੀਅਤ ਨੇ ਰੇਡੀਓ ਤੇ ਟੈਲੀਵਿਜ਼ਨ ਆਦਿ 'ਤੇ ਸੌ ਤੋਂ ਵੱਧ ਵੱਖ-ਵੱਖ ਵਿਸ਼ਿਆਂ 'ਤੇ ਆਪਣੇ ਵਿਚਾਰਾਂ ਰਾਹੀਂ ਦਰਸ਼ਕਾਂ ਤੇ ਸਰੋਤਿਆਂ 'ਤੇ ਡੂੰਘੀ ਛਾਪ ਛੱਡੀ।

ਉਹ ਲਗਾਤਾਰ ਗਤੀਸ਼ੀਲ, ਚੜ੍ਹਦੀ ਕਲਾ ਤੇ ਅੰਤਾਂ ਦੀ ਸਾਦਗੀ ਨੂੰ ਕਾਇਮ ਰੱਖਦਿਆਂ ਹੋਇਆਂ ਦੇਸ਼, ਸੱਭਿਆਚਾਰ, ਵਾਤਾਵਰਣ, ਕੁਦਰਤ ਦੇ ਰਹੱਸਾਂ ਤੇ ਕਿਸਾਨੀ 'ਚ ਵੰਨਸੁਵੰਨਤਾ ਦੇ ਹਾਮੀ ਹਨ। ਉਹ "ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ" ਨੂੰ ਜ਼ਿੰਦਗੀ ਦੇ ਆਖਰੀ ਸਾਹਾਂ ਤੱਕ ਨਿਭਾਉਣ ਲਈ ਯਤਨਸ਼ੀਲ ਹਨ।



ਆਪਣੀ ਪਤਨੀ ਸਮੇਤ ਹਰਿਆਣੇ ਦੇ ਚੋਣਵੇਂ ਕਿਸਾਨਾਂ ਨਾਲ।



ਹਰਿਆਣੇ ਦੇ ਕਿਸਾਨਾਂ ਨੂੰ ਹਰਬਲ ਪੌਦਿਆਂ ਬਾਰੇ ਜਾਣਕਾਰੀ ਦਿੰਦੇ ਹੋਏ ਸ. ਮਹਿੰਦਰ ਸਿੰਘ 'ਦੋਸਾਂਝ'।



ਦੋਸਾਂਝ ਫਾਰਮ 'ਤੇ ਕਿਸਾਨਾਂ ਦੇ ਟਰੇਨਿੰਗ ਕੈਂਪ ਸਮੇਂ ਦੀ ਤਸਵੀਰ।

# ਗਰਮੀਆਂ ਵਿਚ ਵੀ ਖ਼ੂਬਸੂਰਤ ਫੁੱਲਾਂ ਨਾਲ ਸਜ ਸਕਦੇ ਹਨ ਘਰ, ਵਿਹੜੇ, ਮਾਰਗ ਤੇ ਪਾਰਕ

ਪੰਜਾਬ ਵਿਚ ਸਰਦੀ ਰੁੱਤ ਨੂੰ ਫੁਲਾਂ ਦੀ ਰਾਣੀ ਕਿਹਾ ਜਾਂਦਾ ਹੈ ਤੇ ਬਹੁਤੇ ਮੌਸਮੀ ਫੁੱਲਾਂ ਦੀ ਕਾਸ਼ਤ ਸਰਦੀਆਂ ਵਿਚ ਹੀ ਕੀਤੀ ਜਾਂਦੀ ਹੈ, ਪਰ ਠੀਕ ਤਕਨੀਕ ਤੇ ਵਿਓਂਤਬੰਦੀ ਨਾਲ ਫੁੱਲਾਂ ਦੀਆਂ ਢੁਕੱਵੀਆਂ ਕਿਸਮਾਂ ਦੀ ਕਾਸ਼ਤ ਦੁਆਰਾ ਗਰਮੀਆਂ ਵਿਚ ਵੀ ਘਰਾਂ ਦੇ ਵਿਹੜਿਆਂ, ਪਾਰਕਾਂ ਤੇ ਰਸਤਿਆਂ ਤੇ ਫੁੱਲਾਂ ਦੇ ਖ਼ੂਬਸੂਰਤ ਰੰਗ ਖਿਲਾਰੇ ਜਾ ਸਕਦੇ ਹਨ ਤੇ ਹਵਾਵਾਂ ਵਿਚ ਸੁਖਾਵੀਆਂ ਮਹਿਕਾਂ ਖਿਲਾਰੀਆਂ ਜਾ ਸਕਦੀਆਂ ਹਨ, ਭਾਵੇਂ ਕਿ ਗਰਮੀਆਂ ਵਿਚ ਮਹਿਕਾਂ ਵੰਢਣ ਵਾਲੇ ਫੁੱਲਾਂ ਦੀਆਂ ਕਿਸਮਾਂ ਬਹੁਤ ਘੱਟ ਹਨ।

ਗਰਮੀਆਂ ਵਿਚ ਫੁੱਲਾਂ ਦੀਆਂ ਕਈ ਕਿਸਮਾਂ ਦੀ ਕੱਟ ਫਲਾਵਰ ਲਈ ਕਾਸ਼ਤ ਕਰਕੇ ਗਰਮੀਆਂ ਵਿੱਚ ਮਹਿੰਗੇ ਭਾਅ ਤੇ ਤਾਜ਼ੇ ਕੱਟੇ ਫੁੱਲ ਵੇਚੇ ਵੀ ਜਾ ਸਕਦੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਗਰਮੀਆਂ ਲਈ ਗੇਂਦੇ ਦੀ ਇੱਕ ਗੁਣਕਾਰੀ ਕਿਸਮ "ਪੰਜਾਬ ਗੇਂਦਾ ਨੰ 1" ਵਿਕਸਤ ਕੀਤੀ ਗਈ ਹੈ,ਏਸੇ ਕਿਸਮ ਨੂੰ ਗੂੜੇ ਸੰਤਰੀ ਰੰਗ ਤੇ ਕੱਟ ਫਲਾਵਰ ਦੀ ਲੋੜ ਲਈ ਢੁੱਕਵੇਂ ਸਾਈਜ਼ ਦੇ ਭਰਪੂਰ ਤੇ ਖ਼ੂਬਸੂਰਤ ਫੁੱਲ ਪੈਂਦੇ ਹਨ।

ਭਾਰਤ ਦੀ ਅਜ਼ਾਦੀ ਤੋਂ ਪਹਿਲਾਂ ਪੰਜਾਬ ਵਿਚ ਗੇਂਦੇ ਦੀਆਂ ਸੰਤਰੀ ਤੇ ਪੀਲੇ ਰੰਗ ਦੇ ਫੁੱਲਾਂ ਵਾਲੀਆਂ ਕਿਸਮਾਂ ਪ੍ਰਚਲਤ ਸਨ ਜੋ ਗਰਮੀ ਤੇ ਬਰਸਾਤ ਦੇ ਮੌਸਮ ਵਿਚ ਖ਼ੂਬਸੂਰਤ ਤੇ ਭਰਪੂਰ ਫੁੱਲ ਦਿੰਦੀਆਂ ਸਨ ਪਰ ਹੁਣ ਇਹ ਕਿਸਮਾਂ ਗ਼ਾਇਬ ਹੋ ਚੁੱਕੀਆਂ ਹਨ।

ਅਗਸਤ ਤੋਂ ਅਕਤੂਬਰ ਤੱਕ ਰਜ਼ਨੀਗੰਧਾ (ਟੀਊਬਰੋਜ਼) ਦੇ ਬੂਟੇ, ਜੋ ਕਿਸੇ ਵੀ ਮੌਸਮ ਵਿਚ ਬਾਲਬ ਬੀਜ ਕੇ ਉਗਾਏ ਜਾ ਸਕਦੇ ਹਨ ਤੇ ਇਹ ਚਿੱਟੇ, ਲਾਲ ਤੇ ਕਰੀਮ ਰੰਗ ਦੇ ਖ਼ੂਬਸੂਰਤ ਤੇ ਭਰਪੂਰ ਫੁੱਲ ਦਿੰਦੇ ਹਨ, ਲੰਮੀਆਂ ਡੰਡੀਆਂ 'ਤੇ ਖਿੜੇ ਇੰਨ੍ਹਾਂ ਸੁੰਦਰ ਫੁੱਲਾਂ ਵਿਚੋ ਕਰੀਮ ਤੇ ਚਿੱਟੇ ਰੰਗ ਦੇ ਸਿੰਗਲਪੱਤੀ ਫੁੱਲ ਕੱਟ ਕੇ ਜੇ ਗੁਲਦਸਤੇ ਵਿਚ ਰੱਖ ਦਈਏ ਤਾਂ ਇਹ ਸਾਰੇ ਕਮਰੇ ਨੂੰ ਮਹਿਕਾ ਦੇਣ ਦੀ ਸਮਰੱਥਾ ਰੱਖਦੇ ਹਨ ਅਤੇ ਇੰਨ੍ਹਾਂ ਦੀ ਵਰਤੋਂ ਕਈ ਤਰਾਂ ਦੇ ਇਤਰ (ਪ੍ਰੋਫੀਊਮ) ਵਿਚ ਕੀਤੀ ਜਾਂਦੀ ਹੈ।

ਗਰਮੀਆਂ ਦੇ ਮੌਸਮ ਵਿਚ ਖ਼ੂਬਸੂਰਤ ਫੁੱਲ ਪ੍ਰਾਪਤ ਕਰਨ ਲਈ ਕਿਸੇ ਵੀ ਮੌਸਮ ਵਿਚ ਇਸਦੇ ਬਾਲਬ ਬੀਜ ਕੇ ਫੁੱਲਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ, ਲਿੱਲੀ ਦੇ ਬੂਟੇ ਦੀਆਂ ਦਰਮਿਨੀਆਂ ਤੇ ਮੋਟੀਆਂ ਡੰਡੀਆਂ 'ਤੇ ਬਹੁਤ ਮੋਟੇ ਆਕ੍ਰਸ਼ਿਤ ਤੇ ਲਾਲ ਰੰਗ ਦੇ ਫੁ਼ਲ ਅਪ੍ਰੈਲ ਮਹੀਨੇ ਵਿਚ ਖਿੜਦੇ ਹਨ, ਇੰਨ੍ਹਾਂ ਫੁੱਲਾਂ ਨੂੰ ਵੀ ਠੀਕ ਢੰਗ ਵਰਤ ਕੇ 8-10 ਦਿਨ ਗੁਲੱਦਸਤੇ 'ਚ ਤਾਜ਼ੀ ਹਾਲਤ ਵਿਚ ਰੱਖਿਆ ਜਾ ਸਕਦਾ ਹੈ।

ਹਿਮਾਚਲੀ ਲਿਲੀ ਦੇ ਬਾਲਬ ਵੀ ਹਰ ਮੌਸਮ ਵਿੱਚ ਬੀਜ ਸਕਦੇ ਹਾਂ ਪਰ ਫੁੱਲ ਇਸਦੇ ਬੂਟਿਆਂ 'ਤੇ ਮਈ ਮਹੀਨੇ ਵਿਚ ਪੈਂਦੇ ਹਨ, ਬਦਾਮੀ ਰੰਗ ਦੇ ਇਹ ਫੁੱਲ ਵੀ ਲੰਮੀਆਂ ਡੰਡੀਆਂ 'ਤੇ ਲਗਦੇ ਹਨ ਤੇ ਇੰਨ੍ਹਾਂ ਨੂੰ ਵੀ ਪਾਣੀ ਪਾ ਕੇ ਗੁਲਦ-ਸਤਿਆਂ ਵਿਚ 8 ਤੋ 10 ਦਿਨਾਂ ਲਈ ਤਾਜ਼ੀ ਹਾਲਤ ਵਿਚ ਰੱਖਿਆਂ ਜਾ ਸਕਦਾ ਹੈ।

ਗੁਲਾਬ ਦੀਆਂ ਕੁੱਝ ਕਿਸਮਾਂ ਤੋਂ ਵੀ ਗਰਮੀਆਂ ਵਿੱਚ ਫੁੱਲ ਪ੍ਰਾਪਤ ਕੀਤੇ ਜਾ ਸਕਦੇ ਹਨ ਪਰ ਗਰਮੀਆਂ ਵਿਚ ਗੁਲਾਬ ਦੇ ਫੁੱਲਾਂ 'ਚ ਕੁਆਲਿਟੀ ਦੀ ਕਮੀ ਵੇਖੀ ਜਾਂਦੀ ਹੈ, ਹਾਂ! ਗੁਲਾਬ, ਜਰਬਰੇ ਤੇ ਕੁੱਝ ਹੋਰ ਕਿਸਮਾਂ ਦੇ ਫੁੱਲਾਂ ਦੀ ਖ਼ੂਬਸੂਰਤੀ ਬਰਕਾਰ ਰੱਖਣ ਲਈ ਕੂਲਿੰਗ ਤੇ ਅਨੁਕੂਲ ਵਾਤਾਵਰਨ ਵਾਲੇ ਪੌਲੀਹਾਉਸ ਵਿਚ ਉਗਾ ਕੇ ਗਰਮੀਆਂ ਦੇ ਮੌਸਮ ਵਿਚ ਕੱਟ ਫਲਾਵਾਰ ਦੀ ਲੋੜ ਲਈ ਸੁੰਦਰ ਤੇ ਵੰਨ ਸੁਵੰਨੇਂ ਰੰਗਾਂ ਵਾਲੇ ਫੁੱਲ ਪ੍ਰਾਪਤ ਕੀਤੇ ਜਾ ਸਕਦੇ ਹਨ।

ਕੀਮਤੀ ਤੇ ਖ਼ੂਬਸੂਰਤ ਫ਼ੁੱਲ, ਕੱਟ ਫਲਾਵਰ ਦੇ ਰੂਪ 'ਚ ਜਿੰਨਾਂ ਦੀ ਉੱਚੀ ਕੀਮਤ ਮਿਲ ਸਕਦੀ ਹੈ ਵਿਚ ਗਲੈਡੀਊਲਿਸ, ਕਾਰਨੇਸ਼ਨ ਤੇ ਲਿੱਲੀਅਮ ਸ਼ਾਮਿਲ ਹਨ ਇੰਨ੍ਹਾਂ ਕਿਸਮਾਂ ਦੇ ਗੰਢੇ ਜਾਂ ਬੂਟੇ ਲੇਟ ਤੇ ਸਰਦੀਆਂ ਵਿਚ ਲਾ ਕੇ ਇੰਨ੍ਹਾਂ ਤੋਂ ਸੁੰਦਰ ਵੰਨ ਸੁਵੰਨੀ ਬਣਤਰ ਤੇ ਵੰਨ ਸੁਵੰਨੇਂ ਰੰਗਾਂ ਵਾਲੇ ਫ਼ੁੱਲ ਮਾਰਚ ਅਪ੍ਰੈਲ ਵਿਚ ਵੀ ਲਏ ਜਾ ਸਕਦੇ ਹਨ, ਪਰ ਗਰਮੀਆਂ ਵਿਚ ਅਗਲੇ ਸਾਲ ਲਈ ਗੰਢੇ ਤੇ ਬੂਟੇ ਜੀਉਂਦੇ ਨਹੀਂ ਪੰਜਾਬ ਵਿਚ ਜਾਂ ਤਾਂ ਜੀਊਂਦੇ ਨਹੀਂ ਰਹਿਣਗੇ ਤੇ ਜਾਂ ਕਮਜ਼ੋਰ ਬਣਨਗੇ। ਕੱਟੇ ਹੋਏ ਫੁੱਲਾਂ ਨੂੰ ਪਾਣੀ ਪਾਕੇ ਗੁਲੱਦਸਤੇ 'ਚ ਲੰਮੇ ਸਮੇਂ ਲਈ ਤਾਜ਼ੀ ਹਾਲਤ ਵਿਚ ਰੱਖਿਆ ਜਾ ਸਕਦਾ ਹੈ, ਏਸ ਵਾਸਤੇ ਹਰ ਤੀਜੇ ਦਿਨ ਗੁੱਲਦਸਤੇ ਵਿਚੋ ਕੱਢ ਕੇ ਫੁੱਲਾਂ ਦੀਆਂ ਡੰਡੀਆਂ ਦੇ ਹੇਠਲੇ ਪਾਸੇ ਕਲਮ ਕਰਨ ਵਰਗਾ ਕੱਟ ਲਾ ਦੇਣਾ ਚਾਹੀਦਾ ਹੈ, ਅਜਿਹਾ ਕਰਨ ਨਾਲ ਪਾਣੀ ਨੂੰ ਫੁੱਲਾਂ ਤੱਕ ਜਾਣ ਲਈ ਤੇ ਫੁੱਲਾਂ ਨੂੰ ਤਾਜੇ ਰੱਖਣ ਵਾਸਤੇ ਡੰਡੀ ਉੱਪਰ ਜ਼ਿਆਦਾ ਥਾਂ ਮਿਲ ਜਾਂਦਾ ਹੈ, ਤੀਜੇ ਦਿਨ ਤਿਰਛਾ ਕੱਟ ਏਸ ਕਰਕੇ ਲਾਉਣਾ ਜ਼ਰੂਰੀ ਹੈ, ਕਿਉਂਕਿ ਕੱਟਾਂ 'ਤੇ ਸਹਿਜੇ ਸਹਿਜੇ ਬਕਟੀਰੀਆਂ ਦੀ ਤਹਿ ਜੰਮ ਜਾਂਦੀ ਹੈ ਤੇ ਫੁੱਲਾਂ ਲਈ ਪਾਣੀ ਦੀ ਸਪਲਾਈ ਬੰਦ ਹੋਣ ਨਾਲ ਤੇ ਫੁੱਲਾਂ ਤੱਕ ਬਕਟੀਰੀਆਂ ਦੇ ਪਹੁੰਚ ਜਾਣ ਨਾਲ ਅਕਸਰ ਫੁੱਲਾਂ ਦੀ ਖ਼ੂਬਸੂਰਤੀ 'ਤੇ ਕੁਆਲਿਟੀ ਪ੍ਰਭਾਵਤ ਹੁੰਦੀ ਹੈ।

ਫੁੱਲਾਂ ਦੀ ਕੁਆਲਿਟੀ ਤੇ ਖ਼ੂਬਸੂਰਤੀ ਨੂੰ ਸਥਿੱਰ ਰੱਖਣ ਲਈ ਗੁਲਦਸਤੇ ਦੇ ਪਾਣੀ ਵਿਚ ਅੱਧੀ ਕੁ ਗੋਲੀ ਐਨ-ਾਸੀਨ, ਐਸਪਰੋ, ਕਰੋਸੀਨ, ਸੈਰੋਡੀਨ ਜਾਂ ਕਿਸੇ ਵੀ ਦਰਦ ਨਿ-ਵਾਰਕ ਗੋਲੀ ਨੂੰ ਪੀਸ ਕੇ ਤੇ ਗੁਲਦਸਤੇ ਦੇ ਪਾਣੀ ਵਿਚ ਪਾ ਕੇ ਉਹਦੀ ਵਰਤੋਂ ਕੀਤੀ ਜਾ ਸਕਦੀ ਹੈ ਤੇ ਫ਼ੁੱਲਾਂ ਦੀ ਤਾਜ਼ਗੀ ਕਾਇਮ ਰੱਖੀ ਜਾ ਸਕਦੀ ਹੈ।

ਪਾਰਕਾਂ ਤੇ ਵਿਹੜਿਆਂ ਨੂੰ ਸਜਾਉਣ ਵਾਸਤੇ ਗਰਮੀ ਵਿਚ ਖਿੜਨ ਵਾਲਿਆਂ ਫੁੱਲਾਂ ਦੀਆਂ ਕਈ ਕਿਸਮਾਂ ਦੇ ਬੀਜ ਬੀਜੇ ਜਾ ਸਕਦੇ ਹਨ, ਅਜਿਹੀਆਂ ਕਿਸਮਾਂ ਵਿਚ ਰੰਗ ਬਰੰਗੇ, ਖ਼ੂਬ-ਸੂਰਤ ਤੇ ਭਰਵੀਂ ਗਿਣਤੀ ਵਿਚ ਫੁੱਲ ਦੇਣ ਵਾਲੀਆਂ ਕਿਸਮਾਂ ਵਿਚ ਨਰਗਸ ਦੀਆਂ ਵੀ ਕੁਝ ਕਿਸਮਾਂ ਸ਼ਾਮਿਲ ਹਨ ਪਰ ਪੀਲੇ ਪੋਲਨਾਂ ਵਾਲੀ ਤੇ ਮਹਿਕ ਦੇਣ ਵਾਲੀ ਨਰਗਸ ਦੇ ਫ਼ੁੱਲ ਗਰਮੀਆਂ ਵਿਚ ਨਹੀਂ ਮਿਲਦੇ।

ਨਰਗਸ ਦੇ ਬੂਟੇ ਬੜੀ ਘੈਂਟ ਕਿਸਮ ਦੇ ਹੁੰਦੇ ਹਨ,ਇਸਦੇ ਗੰਢੇ ਚੰਗੀ ਰੂੜੀ ਪਾ ਕੇ ਕਿਸੇ ਵੀ ਮੌਸਮ ਅੰਦਰ ਮਿੱਟੀ ਵਿੱਚ ਦੱਬ ਦਿਓ, ਫੇਰ ਇਸਦੇ ਬੂਟੇ ਕੋਈ ਪਰਵਾਹ ਨਹੀਂ ਕਰਦੇ ਤੇ ਹਰ ਤਰ੍ਹਾਂ ਦੀ ਸਮੱਸਿਆਂ ਦਾ ਸਾਹਮਣਾ ਕਰ ਸਕਦੇ ਹਨ, ਸਿਰਫ਼ ਘਾਹ ਫੂਸ ਕੱਢ ਕੇ ਤੇ ਰੂੜੀ ਪਾਕੇ ਬੀਜਣ ਤੋਂ ਬਿੰਨਾਂ ਨਰਗਸ ਦੇ ਬੂਟਿਆਂ ਲਈ ਹੋਰ ਕਿਸੇ ਤਰ੍ਹਾਂ ਦੀ ਸੇਵਾ ਦੀ ਕੋਈ ਬਹੁਤੀ ਲੋੜ ਨਹੀਂ ਹੁੰਦੀ,ਇੱਕ ਵਾਰ ਬੀਜੇ ਬੂਟੇ ਕਈ ਸਾਲਾਂ ਤੱਕ ਫੁੱਲ ਦਿੰਦੇ ਰਹਿੰਦੇ ਹਨ, ਨਰਗਸ ਦੀਆਂ ਵੱਖ-ਵੱਖ ਕਿਸਮਾਂ ਦੇ ਫੁੱਲ ਲਾਲ, ਪੀਲੇ, ਚਿੱਟੇ ਤੇ ਕਰੀਮ ਰੰਗਾਂ ਸਮੇਤ ਖਿੜਦੇ ਹਨ ਤੇ ਇਸ ਕਿਸਮ ਦੇ ਫੁੱਲਾਂ ਵਿਚ ਪੋਲਨ ਵੀ ਬਹੁਤ ਆਕ੍ਰਸਿਤ ਤੇ ਖ਼ੂਬਸੂਰਤ ਹੁੰਦੇ ਹਨ।

ਇਸ ਤੋਂ ਬਿਨ੍ਹਾਂ ਗਰਮੀ ਦੇ ਫੁੱਲਾਂ ਵਿਚ ਬਾਲਸਮ, ਜਿਸ ਨੂੰ ਪੰਜਾਬ ਵਿਚ ਕਤੀਰਾ ਕਿਹਾ ਜਾਂਦਾ ਸੀ ਦੇ ਫੁੱਲ ਹਰ ਪੱਤੇ ਦੀ ਡੰਡੀ ਦੇ ਮੁੱਢ ਨਾਲ ਲਗਦੇ ਹਨ ਤੇ ਕਈ ਰੰਗਾਂ ਵਿਚ ਹੁੰਦੇ ਹਨ, ਬਾਲਸਮ ਦੇ ਬੀਜ ਬਰਸਾਤ ਵਿਚ ਬੀਜੇ ਜਾਂਦੇ ਹਨ ਇਸਦੇ ਫ਼ੁੱਲਾਂ ਦਾ ਅਗਸਤ ਸਤੰਬਰ ਵਿਚ ਭਰ ਪੈ ਜਾਂਦਾ ਹੈ।



ਮਹਿੰਦਰ ਸਿੰਘ 'ਦੋਸਾਂਝ'

ਘਰਾਂ ਤੇ ਪਾਰਕਾਂ ਨੂੰ ਸਜਾਉਣ ਵਾਸਤੇ ਫੁੱਲਾਂ ਦੀ ਇਕ ਪੁਰਾਣੀ ਤੇ ਪ੍ਰਚਲਿਤ ਕਿਸਮ ਜੀਨੀਏ ਵਿਚ ਦੋ ਤਰ੍ਹਾਂ ਦੇ ਫੁੱਲ ਹੁੰਦੇ ਹਨ, ਸਿੰਗਲਪੱਤੀ ਅਤੇ ਡਬਲਪੱਤੀ ਇੰਨ੍ਹਾਂ ਫੁੱਲਾਂ ਦੇ ਕਈ ਵੰਨ ਸੁਵੰਨੇ ਤੇ ਖ਼ੂਬਸੂਰਤ ਰੰਗ ਹੁੰਦੇ ਹਨ, ਵਰਤਮਾਨ ਸਮੇਂ 'ਚ ਜੀਨੀਏ ਦੇ ਬੂਟਿਆਂ ਵਿਚ ਅਕਸਰ ਵਾਇਰਸ ਦਾ ਰੋਗ ਆਉਣ ਲੱਗ ਪਿਆ ਹੈ, ਜਿਸ ਨਾਲ ਪੀਲੇ ਟਿਮਕਣੇਂ ਪੈ ਕੇ ਪਤੇ ਸੁੰਗੜ ਜਾਂਦੇ ਹਨ, ਏਸ ਰੋਗ ਨੂੰ ਰੋਕਣ ਵਾਸਤੇ ਡਾਈਥੀਨ ਐਮ: 45 ਤੇ ਰੋਗਰ ਦੀ ਸਪ੍ਰੇਅ ਕਰਨ ਦੀ ਲੋੜ ਪੈਂਦੀ ਹੈ।

ਫੁੱਲਾਂ ਦੀ ਇਕ ਹੋਰ ਕਿਸਮ ਵੀ ਘਰਾਂ ਦੇ ਵਿਹੜਿਆਂ ਵਿਚ ਗਰਮੀ ਦੇ ਮੌਸਮ ਲਈ ਢੁੱਕਵੀਂ ਹੈ ਤੇ ਇਸ ਦਾ ਨਾਮ ਹੈ ਗਲਾਰਡੀਆ, ਇਸਦੇ ਫੁੱਲ ਵੰਨ ਸੁਵੰਨੇ ਰੰਗਾਂ ਵਾਲੇ ਹੁੰਦੇ ਹਨ ਤੇ ਪੱਕੇ ਹੋਏ ਫੁੱਲਾਂ ਵਿਚ ਕੰਡ ਹੁੰਦੀ ਹੈ ਜੋ ਬੰਦੇ ਦੀ ਚਮੜੀ ਤੇ ਲੜਨ ਲੱਗ ਜਾਂਦੀ ਹੈ, ਗਲਾਡੀਏ ਦੇ ਬੂਟੇ ਬਹੁਤ ਘੱਟ ਕੁਦਰਤੀ ਆਫ਼ਤਾਂ ਦਾ ਸ਼ਿਕਾਰ ਹੁੰਦਾ ਹੈ। ਫੁੱਲਾਂ ਦੀਆਂ ਵੱਖ-ਵੱਖ ਕਿਸਮਾਂ ਦੇ ਕਈ ਸਥਾਈ ਬਿਰਛ ਬੂਟੇ ਵੀ ਹਨ, ਜੋ ਗਰਮੀਆਂ ਵਿਚ ਵੰਨ ਸੁਵੰਨੇ ਤੇ ਖ਼ੂਬਸੂਰਤ ਫ਼ੁੱਲ ਦੇਣ ਦੀ ਸਮਰੱਥਾ ਰੱਖਦੇ ਹਨ, ਫ਼ੁੱਲਾਂ ਦੀਆਂ ਅਜਿਹੀਆਂ ਅਨਗਿਣਤ ਕਿਸਮਾਂ ਹਨ ਪਰ ਇੰਨ੍ਹਾਂ ਵਿਚ ਵਿਸ਼ੇਸ਼ ਕਰਕੇ ਸ਼ਾਮਿਲ ਹੈ ਵਿਸਕਸ, ਚੰਬੇਲੀ, ਵੋਗਨਵਿਲੀਆ, ਜਟਰੋਫਾ, ਕੇਲੀਆਂ ਅਤੇ ਬਿਰਛਾਂ ਵਿਚ ਸ਼ਾਮਿਲ ਹਨ ਜਕਰੰਡਾ ਜਿਸਦੇ ਫੁੱਲ ਨੀਲੇ ਰੰਗ ਨਾਲ ਮਈ ਵਿਚ ਖਿੜਦੇ ਹਨ, ਅਮਲਤਾਸ ਦੇ ਪੀਲੇ ਫੁੱਲ ਜੂਨ ਵਿਚ ਖਿੜਦੇ ਹਨ, ਗੁਲਮੋਹਰ ਦੇ ਲਾਲ ਮੈਕਸੀਕਨ ਕੌਟਨਟਰੀ ਦੇ ਦੋ ਰੰਗੇ ਤੇ ਪਿੰਕਕੇਸ਼ੀਆ ਨਿਡੋਸਾ ਦੇ ਕਈ ਰੰਗਾਂ ਦੇ ਫ਼ੁੱਲਾਂ ਦਾ ਬਹੁਤਾ ਭਰ ਸਤੰਬਰ ਅਕਤੂਬਰ ਵਿਚ ਪੈਂਦਾ ਹੈ।



ਦੋਸਾਂਝ ਫਾਰਮ 'ਤੇ ਆਏ ਫਰੀਦਕੋਟ ਦੇ ਅਗਾਂਹਵਧੂ ਕਿਸਾਨ ਨਵੀਂਆਂ ਖੇਤੀ ਖੋਜਾਂ ਬਾਰੇ ਵਿਚਾਰ ਵਿਟਾਂਦਰਾ ਕਰਦੇ ਹੋਏ।



ਇੱਕ ਸਕੂਲ ਦੇ ਵਿਦਿਆਰਥੀਆਂ ਨੂੰ ਭਵਿੱਖ ਦੀ ਖੇਤੀ ਬਾਰੇ ਜਾਣਕਾਰੀ ਦਿੰਦੇ ਹੋਏ



ਸਰੋਂ ਦੀਆਂ ਸੰਯੁਕਤ ਕਿਸਮਾਂ ਦੀ ਕਾਸ਼ਤ ਦਾ ਪ੍ਰਦਰਸ਼ਨ



ਦੋਸਾਂਝ ਫਾਰਮ 'ਤੇ ਵਿਜਿਟ ਕਰਨ ਆਏ ਪੀ. ਏ. ਯੂ. ਦੇ ਵਿਦਿਆਰਥੀ




ਲੇਖਕ ਸੰਤੋਖ ਸਿੰਘ ਜੱਸੀ
ਸ. ਮਹਿੰਦਰ ਸਿੰਘ
ਦੁਸਾਂਝ ਦੇ ਨਾਲ।

# ਜੀਵਨ ਵੇਰਵਾ ਸ.ਮਹਿੰਦਰ ਸਿੰਘ 'ਦੋਸਾਂਝ'

ਨਾਮ : ਮਹਿੰਦਰ ਸਿੰਘ ਦੋਸਾਂਝ
ਮਾਤਾ ਦਾ ਨਾਮ : ਸ਼੍ਰੀਮਤੀ ਊਧਮ ਕੌਰ
ਪਿਤਾ ਦਾ ਨਾਮ : ਪ੍ਰਿੰਸੀਪਲ ਗੁਰਚਰਨ ਸਿੰਘ ਦੁਸਾਂਝ
ਪਤਨੀ ਦਾ ਨਾਮ : ਮਹਿੰਦਰ ਕੌਰ ਦੋਸਾਂਝ
ਜਨਮ ਤਰੀਕ : ਪੰਜ ਫਰਵਰੀ ਉਨ੍ਹੀ ਸੌ ਚਾਲੀ (05-02-1940)
ਜਨਮ ਸਥਾਨ : ਜਗਤਪੁਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਪੰਜਾਬ, ਭਾਰਤ
ਕਿੱਤਾ : ਅਗਾਂਹਵਧੂ ਕਿਸਾਨ
ਸਿੱਖਿਆ : ਬੁੱਧੀਮਾਨੀ, ਗਿਆਨੀ ਅਤੇ ਬੀ. ਏ.
ਜਾਣੀਆਂ ਜਾਂਦੀਆਂ ਭਾਸ਼ਾਵਾਂ: ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ

### ਪੁਸਤਕਾਂ

- ਹੁਸੀਨ ਸੇਵੇਰੇ, ਗਾਮਗੀਨ ਸ਼ਾਮਾਂ (ਸੰਪਾਦਿਤ ਕਵਿਤਾਵਾਂ), 1967
- ਘੜੀਐ ਸ਼ਬਦੁ ਸਚੀ ਟਕਸਾਲ (ਗੁਰੂ ਨਾਨਕ ਦੇਵ ਜੀ ਵਿਆਕਤੀਤਵ 'ਤੇ ਕ੍ਰਿਤੀਤਵ ਬਾਰੇ ਸੰਪਾਦਿਤ ਲੇਖ ਸੰਗ੍ਰਿਹ), 1969
- ਦਿਸ਼ਾ (ਮੌਲਿਕ ਕਾਵਿ-ਸੰਗ੍ਰਿਹ), 1972
- ਆਪੋ-ਆਪਣੇ ਰੰਗ (ਸੰਪਾਦਿਤ ਕਵਿਤਾਵਾਂ ਅਤੇ ਕਹਾਣੀਆਂ), 1981
- ਕਿਰਤ ਨਾਲ ਜੁੜੇ ਰਿਸ਼ਤੇ (ਮੌਲਿਕ ਕਹਾਣੀ-ਸੰਗ੍ਰਿਹ), 1984
- ਸਾਡਾ ਨਵਾਂ ਸ਼ਹਿਰ (ਨਵਾਂ ਸ਼ਹਿਰ ਬਾਰੇ ਸਰਵਪੱਖੀ ਵਾਕਫੀ ਸੰਪਾਦਿਤ ਲੇਖ ਸੰਗ੍ਰਿਹ), 1998

- ਰੋਸ਼ਨੀ ਦੀ ਭਾਲ (ਮੌਲਿਕ ਕਾਵਿ-ਸੰਗ੍ਰਿਹ), 1998
- ਯਾਦਾਂ ਪਾਕਿਸਤਾਨ ਦੀਆਂ (ਯਾਤਰਾ), 2014
- ਪਸੀਨੇ ਵਿਚ ਧੋਤੀ ਜ਼ਿੰਦਗੀ (ਮੌਲਿਕ ਕਹਾਣੀ-ਸੰਗ੍ਰਿਹ) 2018
- ਪੇਂਡੂ ਪੰਜਾਬ ਤੇ ਕਿਸਾਨੀ ਦਾ ਪੁਰਾਤਨ ਸੱਭਿਆਚਾਰ (ਲੇਖ ਸੰਗ੍ਰਿਹ) 2019
- ਮੰਜ਼ਿਲ ਤੇ ਪੱਗਡੰਡੀਆਂ (ਮੌਲਿਕ ਕਾਵਿ-ਸੰਗ੍ਰਿਹ) 2021

### ਕਮੇਟੀਆਂ ਵਿਚ ਪ੍ਰਤੀਨਿੱਧਤਾ

- ਮੁੱਖ ਸਲਾਹਕਾਰ ਤੇ ਵਿਜਿਟਿੰਗ ਪ੍ਰੋਫੈਸਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ (ਜਲੰਧਰ)
- ਮੈਂਬਰ ਜ਼ਿਲ੍ਹਾ ਖੇਤੀਬਾੜੀ ਉਤਪਾਦਨ ਕਮੇਟੀ (ਸ਼. ਭ. ਸ. ਨਗਰ)।
- ਮੈਂਬਰ ਜ਼ਿਲ੍ਹਾ ਹਾਈ-ਪਾਵਰ ਕਮੇਟੀ ਸਹਿਕਾਰਤਾ ਵਿਭਾਗ, ਜ਼ਿਲਾ ਨਵਾਂਸ਼ਹਿਰ।
- ਪ੍ਰਧਾਨ ਪੰਜਾਬੀ ਲੇਖਕ ਸਭਾ, ਜਗਤਪੁਰ।

### ਕਮੇਟੀਆਂ ਤੇ ਸੰਸਥਾਵਾਂ ਦਾ ਸਾਬਕਾ ਮੈਂਬਰ ਤੇ ਅਹੁਦੇਦਾਰ

- ਸਾਬਕਾ ਮੈਂਬਰ ਖੇਤੀਬਾੜੀ ਖੋਜ ਪਰਿਸ਼ਦ, ਪੀ. ਏ. ਯੂ. ਲੁਧਿਆਣਾ।
- ਸਾਬਕਾ ਮੈਂਬਰ ਪਬਲੀਕੇਸ਼ਨ ਕਮੇਟੀ, ਪੀ. ਏ. ਯੂ. ਲੁਧਿਆਣਾ।
- ਸਾਬਕਾ ਮੈਂਬਰ ਪੰਜਾਬ ਰਾਜ ਬੀਜ ਸਬ ਕਮੇਟੀ, ਚੰਡੀਗੜ੍ਹ।
- ਸਾਬਕਾ ਮੈਂਬਰ ਗਵਰਨਿੰਗ ਬੋਰਡ, ਪੰਜਾਬ ਰਾਜ ਬੀਜ ਪ੍ਰਮਾਣੀਕਰਣ ਅਥਾਰਟੀ, ਚੰਡੀਗੜ੍ਹ।
- ਸਾਬਕਾ ਮੈਂਬਰ ਨੈਸ਼ਨਲ ਬਾਗਬਾਨੀ ਮਿਸ਼ਨ, (ਚੰਡੀਗੜ੍ਹ ਪੰਜਾਬ ਰਾਜ ਕਾਰਜਕਾਰੀ ਕਮੇਟੀ)।
- ਸਾਬਕਾ ਮੈਂਬਰ ਕੋਰ ਕਮੇਟੀ, ਦੋਆਬਾ ਸਹਿਕਾਰੀ ਖੰਡ ਮਿੱਲ, ਐਸ ਬੀ ਐਸ ਨਗਰ।
- ਸਾਬਕਾ ਮੈਂਬਰ ਪੀ. ਏ. ਯੂ. ਕਿਸਾਨ ਕਮੇਟੀ, ਪੀ। ਏ। ਯੂ। ਲੁਧਿਆਣਾ।
- ਸਾਬਕਾ ਮੈਂਬਰ ਫਾਰਮਰ ਫੈਲੋ ਪੀ, ਏ, ਯੂ, ਲੁਧਿਆਣਾ।
- ਸਾਬਕਾ ਮੈਂਬਰ ਜ਼ਿਲ੍ਹਾ ਖੇਤੀਬਾੜੀ ਉਤਪਾਦਨ ਕਮੇਟੀ, ਜਲੰਧਰ।

### ਸਾਹਿਤਕ / ਸਭਿਆਚਾਰਕ ਸੰਸਥਾਵਾਂ ਦੀ ਮੈਂਬਰਸ਼ਿਪ (ਸਮੇਂ ਸਮੇਂ ਤੇ)

- ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ
- ਪੰਜਾਬੀ ਸਭਿਆਚਾਰ ਅਕਾਦਮੀ, ਲੁਧਿਆਣਾ
- ਅੰਤਰ ਰਾਸ਼ਟਰੀ ਪੰਜਾਬੀ ਸਾਹਿਤ ਸਭਾ, ਲੰਡਨ-ਸੀਨੀਅਰ ਵਾਈਸ-ਪ੍ਰੈਜ਼ੀਡੈਂਟ (ਸਾਬਕਾ)
- ਕੈਨੇਡੀਅਨ ਅੰਤਰਰਾਸ਼ਟਰੀ ਪੰਜਾਬੀ ਸਾਹਿਤ ਸਭਾ, ਟੋਰਾਂਟੋ-ਸੀਨੀਅਰ ਵਾਈਸ-ਪ੍ਰੈਜ਼ੀਡੈਂਟ (ਸਾਬਕਾ)



- ਕੇਂਦਰ ਪੰਜਾਬੀ ਲੇਖਕ ਸ਼ਾਭਾ, ਜਲੰਧਰ ਸਕੱਤਰ (ਸਾਬਕਾ)
- ਪੰਜਾਬ ਰੂਰਲ ਐਜੂਕੇਸ਼ਨ ਪ੍ਰਮੋਸ਼ਨ ਕੌਂਸਲ, ਲੁਧਿਆਣਾ-ਸੀਨੀਅਰ ਮੀਤ ਪ੍ਰਧਾਨ (ਸਾਬਕਾ)
- ਪ੍ਰੋਗਰਾਮ ਸਲਾਹਕਾਰ ਕਮੇਟੀ, ਆਲ ਇੰਡੀਆ ਰੇਡੀ, ਜਲੰਧਰ (ਸਾਬਕਾ)
- ਪ੍ਰੋਗਰਾਮ ਸਲਾਹਕਾਰ ਕਮੇਟੀ, ਦੂਰਦਰਸ਼ਨ, ਜਲੰਧਰ (ਸਾਬਕਾ)
- ਜ਼ਿਲ੍ਹਾ ਪਬਲਿਕ ਰਿਲੇਸ਼ਨ ਕਮੇਟੀ, ਐਸ। ਬੀ। ਐਸ। ਨਗਰ (ਸਾਬਕਾ)

### ਕੁਝ ਵਿਲੱਖਣ ਪੁਰਸਕਾਰ ਅਤੇ ਸਨਮਾਨ

- ਕਣਕ ਦੇ ਵਿਸ਼ੇਸ਼ ਉਤਪਾਦਨ ਲਈ 16 ਅਕਤੂਬਰ 1986 ਨੂੰ ਬੈਂਕਾਕ (ਥਾਈਲੈਂਡ) ਵਿਖੇ ਛੇਵੇਂ ਵਿਸ਼ਵ ਭੋਜਨ ਦਿਵਸ 'ਤੇ ਸੰਯੁਕਤ ਰਾਸ਼ਟਰ ਸੰਘ ਵਲੋਂ ਅੰਤਰ-ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ।
- ਉੱਤਰ-ਪੱਛਮੀ ਰਾਜਾਂ ਦੀ ਮਛੋਵਰਾ (ਹਿਮਾਚਲ ਪ੍ਰਦੇਸ) ਵਿਖੇ ਦਿਹਾਤੀ ਸਿਖਿਆ ਬਾਰੇ ਹੋਈ ਵਰਕਸ਼ਾਪ ਸਮੇਂ ਪੇਂਡੂ ਲੋਕਾਂ ਵਿਚ ਵਿਦਿਆ ਤੇ ਜਾਗਰਿਤੀ ਪੈਦਾ ਕਰਨ ਲਈ ਸ਼੍ਰੀ ਧਨਕ ਲਾਲ ਮੰਡਲ ਗਵਰਨਰ ਹਰਿਆਣਾ ਹੱਥੀਂ ਸਨਮਾਨਿਤ।
- 1996 ਵਿਚ ਗਣਤੰਤਰਤਾ ਦਿਵਸ 'ਤੇ ਵੱਖ-ਵੱਖ ਖੇਤਰਾਂ 'ਚ ਪ੍ਰਾਪਤੀਆਂ ਲਈ ਨਵਾਂ ਸ਼ਹਿਰ ਵਿਖੇ ਸਨਮਾਨਿਤ।
- 1997 ਵਿਚ ਪੀ. ਏ. ਯੂ. ਵਿਖੇ ਕਿਸਾਨ ਮੇਲੇ 'ਤੇ ਖੇਤੀ ਖੋਜ ਲਈ ਪੁਰਸਕ੍ਰਿਤ।
- ਆਜ਼ਾਦੀ ਦਿਵਸ, 1999 'ਤੇ ਸਮਾਜ ਸੇਵਾ ਲਈ ਪੁਰਸਕਾਰ।
- ਪ੍ਰਵਾਸੀ ਪੰਜਾਬੀਆਂ ਦੀ ਭਲਾਈ ਲਈ ਐੱਨ.ਆਰ. ਆਈ. ਦਿਵਸ ਚੰਡੀਗੜ੍ਹ, 2006 ਨੂੰ ਸਨਮਾਨਿਤ।
- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕਿਸਾਨ ਮੇਲੇ ਸਮੇਂ ਖੇਤੀ ਵਿਚ ਵੰਨਸੁਵੰਨਤਾ ਲਈ 2007 ਵਿਚ ਮੁੱਖ ਮੰਤਰੀ ਪੁਰਸਕਾਰ ਨਾਲ ਸਨਮਾਨਿਤ।
- ਨਵਾਂ ਸ਼ਹਿਰ ਵਿਖੇ 2008 ਵਿਚ ਸੁਤੰਤਰਤਾ ਦਿਵਸ 'ਤੇ ਖੇਤੀ ਵਿਚ ਨਵੀਆਂ ਵਿਧੀਆਂ ਵਿਕਸਤ ਕਰਨ ਲਈ ਪੁਰਸਕਾਰ।
- ਖੇਤੀਬਾੜੀ ਵਿਭਾਗ, ਪੰਜਾਬ ਵਲੋਂ 2008 ਨੂੰ ਰੋਪੜ ਵਿਖੇ ਆਯੋਜਿਤ ਸਟੇਟ ਪੱਧਰ ਦੇ ਕਿਸਾਨ ਮੇਲੇ ਸਮੇਂ "ਦੁਸਾਂਝ ਖੇਤੀ ਫਾਰਮ" ਦੀ ਪ੍ਰਦਰਸ਼ਨੀ ਨਾਲ ਜ਼ਿਲਾ ਨਵਾਂ ਸ਼ਹਿਰ ਲਈ ਮਿਲਿਆ ਪਹਿਲਾ ਪੁਰਸਕਾਰ।
- 2010 ਵਿਚ ਰਾਸ਼ਟਰੀ ਖੇਤੀ ਮੇਲੇ ਸਮੇਂ ਵਿਭਿੰਨ ਐਗਰੋ-ਫਾਰਮਿੰਗ ਦੇ ਵੱਖਰੇ ਮਾਡਲਾਂ ਲਈ ਪੁਰਸਕਾਰ।
- ਫਰਵਰੀ 2011 ਵਿਚ ਉੱਤਰੀ-ਪੱਛਮੀ ਰਾਜਾਂ ਦੇ ਹਮੀਰਪੁਰ (ਹਿਮਾਚਲ ਪ੍ਰਦੇਸ਼) ਵਿਖੇ ਖੇਤੀਬਾੜੀ ਮੇਲੇ ਦੌਰਾਨ ਕਿਸਾਨ ਪ੍ਰੇਰਣਾ ਸਰੋਤ ਪੁਰਸਕਾਰ।

### ਖੇਤੀਬਾੜੀ ਵਿਚ ਮਹੱਤਵਪੂਰਣ ਗਤੀਵਿਧੀਆਂ

- ਭਵਿੱਖ ਲਈ ਫਾਰਮ-ਮਾਡਲ ਦੀ ਸਥਾਪਨਾ
- ਖੇਤੀ ਸਿਖਲਾਈ ਕੇਂਦਰਾਂ ਵਿੱਚ ਯੋਗਦਾਨ
- ਖੇਤੀਬਾੜੀ ਬਾਰੇ ਪਹਿਲੀ ਕਮਿਊਨਿਟੀ ਫਿਲਮ ਆਪਣੇ ਫਾਰਮ 'ਤੇ ਭਾਰਤ ਸਰਕਾਰ ਦੇ ਵਿਗਿਆਨ ਅਤੇ ਟੈਕਨੋਲੋਜੀ ਵਿਭਾਗ ਦੀ ਸਹਾਇਤਾ ਨਾਲ "ਕੋਈ ਰਾਹ ਦਿਸੇ" ਫਿਲਮ ਤਿਆਰ ਕਰਵਾਈ ਤੇ ਫਿਲਮ ਵਿਚ ਕੰਮ ਕੀਤਾ।
- ਖੇਤੀ ਉਤਪਾਦਾਂ ਦੀ ਪ੍ਰੋਸੈਸਿੰਗ
- ਵੱਖ ਵੱਖ ਥਾਵਾਂ 'ਤੇ ਵੰਨ-ਸੁਵੰਨੇ ਖੇਤੀਬਾੜੀ ਬਾਰੇ ਭਾਸ਼ਣ
- ਵੱਖ-ਵੱਖ ਵਿਸ਼ਿਆਂ 'ਤੇ 190 ਲੇਖ ਤੇ 7 ਖੋਜ ਪੱਤਰ ਲਿਖੇ ਜੋ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ਸੈ ਸੈਮੀਨਾਰਾਂ ਵਿਚ ਪੜੇ ਤੇ ਵਿਚਾਰੇ ਗਏ।
- ਖੇਤੀਬਾੜੀ ਬਾਰੇ ਸੈਮੀਨਾਰ, ਵਿਚਾਰ ਵਟਾਂਦਰੇ ਅਤੇ ਵਰਕਸ਼ਾਪਾਂ ਦਾ ਆਯੋਜਨ ਤੇ ਸ਼ਮੂਲੀਅਤ।
- ਲਗਪਗ 90 ਵੱਖ-ਵੱਖ ਵਿਸ਼ਿਆਂ 'ਤੇ ਰੇਡੀ ਤੇ ਟੀ।ਵੀ। ਇੰਟਰਵਿਊ ਦਿਤੇ।
- ਕੇਵੀਕੇ ਅਤੇ ਸਥਾਨਕ ਸੰਸਥਾਵਾਂ ਨੂੰ ਸਰਗਰਮੀਆਂ ਵਿਚ ਸਹਿਯੋਗ ਦਿਤਾ।
- ਖੇਤੀ ਉਤਪਾਦ ਪ੍ਰਦਰਸ਼ਨੀ, ਸਿਖਲਾਈ ਕੈਂਪ, ਫਾਰਮ ਮੇਲੇ ਆਦਿ ਲਾਉਣ ਦਾ ਪ੍ਰਬੰਧ ਕੀਤਾ।
- ਕਿਸਾਨਾਂ ਤੇ ਕਿਸਾਨ ਬੀਬੀਆਂ ਨੂੰ ਖੇਤੀਬਾੜੀ ਯੂਨੀਵਰਸਿਟੀਆਂ, ਫਾਰਮਾਂ ਅਤੇ ਖੇਤੀਬਾੜੀ ਖੋਜ ਕੇਂਦਰਾਂ ਦੇ ਦੌਰਾ ਕਰਵਾਏ।
- ਖੇਤੀ ਮੇਲਿਆਂ ਦੀਆਂ ਪ੍ਰਦਰਸ਼ਨੀਆਂ ਵਿਚ ਹਿੱਸਾ ਲਿਆ।
- ਵੰਨ-ਸੁਵੰਨੇ ਖੇਤੀ, ਉਤਪਾਦਨ ਅਤੇ ਮੰਡੀਕਰਨ ਵਿੱਚ ਕਿਸਾਨਾਂ ਦੀ ਮਦਦ ਕੀਤੀ।
- ਨਿਰਯਾਤ ਅਤੇ ਕਾਸ਼ਤ ਲਈ ਹਾਈਬ੍ਰਿਡ ਬੀਜਾਂ ਲਈ ਪ੍ਰਾਜੈਕਟ ਆਯੋਜਿਤ ਕੀਤਾ।
- ਫਲਾਂ / ਸਬਜ਼ੀਆਂ ਦੇ ਉਤਪਾਦਾਂ ਦੀ ਉਪਯੋਗੀ ਵਰਤੋਂ ਬਾਰੇ ਵਿਧੀਆਂ ਵਿਕਸਤ ਕੀਤੀਆਂ।
- ਆਪਣੇ ਫਾਰਮ ਦੀਆਂ ਖੇਤੀਬਾੜੀ ਪ੍ਰਦਰਸ਼ਨੀਆਂ ਦਾ ਪ੍ਰਬੰਧ ਕੀਤਾ।
- 1996 ਵਿਚ ਵੱਖ-ਵੱਖ ਫਸਲਾਂ ਵਿਚ ਹਾਈ ਬ੍ਰਿਡ ਬੀਜ ਉਤਪਾਦਨ ਦਾ ਪ੍ਰੋਜੈਕਟ ਸ਼ੁਰੂ ਕੀਤਾ।
- ਇਸੇ ਸਮੇਂ ਫੁੱਲਾਂ ਦੀ ਕਾਸ਼ਤ ਦਾ ਕੰਮ ਸ਼ੁਰੂ ਕੀਤਾ।
- ਇੰਗਲੈਂਡ ਵਿਚ ਅੰਤਰ-ਰਾਸ਼ਟਰੀ ਪੱਧਰ 'ਤੇ ਖੇਤੀ ਖੋਜ ਬਾਰੇ ਛਪਣ ਵਾਲੀ ਪੁਸਤਕ "ਫਾਰਮਰ ਰਿਸਰਚ ਐਂਡ ਪ੍ਰੈਕਟਸ" ਦੇ 1997 ਤੋਂ 2002 ਦੇ ਐਡੀਸ਼ਨ ਵਿਚ "ਦੋਸਾਂਝ ਖੇਤੀਬਾੜੀ ਫਾਰਮ" ਦੀਆਂ ਖੋਜਾਂ ਨੂੰ 9 ਪੰਨੇ ਪ੍ਰਾਪਤ ਹੋਏ ਹਨ।

### ਦੇਸ਼ ਵਿਦੇਸ਼ ਦੀਆਂ ਯਾਤਰਾ ਅਤੇ ਯਾਤਰਾਵਾਂ

ਭਾਰਤ ਅੰਦਰ ਜੰਮੂ-ਕਸ਼ਮੀਰ (1975), ਕੇਰਲ (1982), ਆਂਧਰਾ ਪ੍ਰਦੇਸ਼ (1982 ਅਤੇ 1990), ਤਾਮਿਲਨਾਡੂ (1982 ਅਤੇ 1990), ਕਰਨਾਟਕ (1990), ਮਹਾਰਾਸ਼ਟਰ (2008 ਅਤੇ 2012) ਅਤੇ ਹਿਮਾਚਲ ਪ੍ਰਦੇਸ਼ (ਕਈ ਵਾਰ)।
ਵਿਦੇਸ਼ਾਂ ਦੇ ਦੌਰੇ ਜਿਨ੍ਹਾਂ ਵਿਚ ਥਾਈਲੈਂਡ (1986), ਇੰਗਲੈਂਡ (1990), ਹਾਲੈਂਡ (1990 ਅਤੇ 1998), ਕੈਨੇਡਾ ਅਤੇ ਅਮਰੀਕਾ (1994 ਅਤੇ 1998) ਅਤੇ ਪਾਕਿਸਤਾਨ (2001)

ਪਤਾ:
ਮਹਿੰਦਰ ਸਿੰਘ ਦੁਸਾਂਝ
ਵੀ. ਪੀ. ਜਗਤਪੁਰ,
ਵਾਇਆ ਮੁਕੰਦਪੁਰ
ਐਸ ਬੀ ਐਸ ਨਗਰ (ਨਵਾਂ ਸ਼ਹਿਰ)
ਮੋਬਾਈਲ: +919463233991



ਦੋਸਾਂਝ ਫਾਰਮ ਦੀ ਵਿਜਿਟ 'ਤੇ ਆਏ ਹਿਮਾਚਲ ਦੇ ਕਿਸਾਨ ਤੇ ਸਾਇੰਸਟਿਸਟ

# ਵਿਸਾਖੀ ਦੀ ਸੱਭਿਆਚਾਰਕ, ਸਦਾਚਾਰਕ ਅਤੇ ਇਤਿਹਾਸਕ ਮਹੱਤਤਾ

ਕਰਮਜੀਤ ਕੌਰ ਮਾਨਸ਼ਾਹੀਆ
ਜਵਾਹਰਕੇ, ਮਾਨਸਾ

ਅਪਰੈਲ ਦੇ ਮਹੀਨੇ ਵਿੱਚ ਕਣਕ ਦੀ ਫ਼ਸਲ ਪੱਕ ਜਾਂਦੀ ਹੈ ਅਤੇ ਪੱਕੀ ਕਣਕ ਧਰਤੀ ਦੀ ਹਿੱਕ ਇੱਕ ਸੁਨਹਿਰੀ ਚਾਦਰ ਤਣੀ ਲੱਗਦੀ ਹੈ। ਪੱਕੀ ਫਸਲ ਤੱਕਕੇ ਕਿਸਾਨਾਂ ਦੇ ਚਿਹਰਿਆਂ ਉੱਪਰ ਖ਼ੁਸ਼ੀ ਦੀ ਲਹਿਰ ਹੁੰਦੀ ਹੈ। ਪੋਹ ਮਾਘ ਦੀਆਂ ਕਕਰੀਲੀਆਂ ਰਾਤਾਂ ਚ ਝਾਕੀਆਂ ਚਾਨਣੀਆਂ ਅਤੇ ਸੱਪਾਂ ਦੀਆਂ ਸਿੱਧੀਆਂ ਸਿਰੀਆਂ ਵਾਲੀ ਛੇ ਮਹੀਨਿਆਂ ਦੀ ਕਿਸਾਨ ਦੀ ਹੱਡ ਭੰਨਵੀਂ ਮਿਹਨਤ ਨੂੰ ਬੂਰ ਪਿਆ ਹੁੰਦਾ ਹੈ, ਕਿਉਂਕਿ ਕਿਸਾਨ ਆਪਣੀ ਫਸਲ ਨੂੰ ਪੁੱਤਾਂ ਵਾਂਗ ਪਾਲਦਾ ਹੈ। ਪੰਜਾਬ ਮੇਲਿਆਂ ਦਾ ਦੇਸ਼ ਹੈ। ਪੰਜਾਬ ਵਿੱਚ ਬਹੁਤ ਸਾਰੇ ਮੇਲੇ ਅਤੇ ਤਿਉਹਾਰ ਮਨਾਏ ਜਾਂਦੇ ਹਨ, ਪਰ ਵਿਸਾਖੀ ਦਾ ਤਿਉਹਾਰ ਹਾੜ੍ਹੀ ਦੀ ਫਸਲ ਪੱਕਣ ਦੀ ਖ਼ੁਸ਼ੀ ਚ 13 ਅਪ੍ਰੈਲ ਨੂੰ ਵਿਸਾਖ ਦੀ ਸੰਗਰਾਂਦ ਵਾਲੇ ਦਿਨ ਮਨਾਇਆ ਜਾਂਦਾ ਹੈ। ਵਿਸਾਖੀ ਦੇ ਤਿਉਹਾਰ ਨੂੰ ਕਿਸਾਨਾਂ ਦਾ ਮੇਲਾ ਵੀ ਕਿਹਾ ਜਾਂਦਾ ਹੈ। ਇਸ ਤਿਉਹਾਰ ਦਾ ਇਤਿਹਾਸ ਧਰਮ ਅਤੇ ਸੱਭਿਆਚਾਰ ਨਾਲ ਹੈ। ਇਸ ਦਿਨ ਕਿਸਾਨ ਖ਼ੁਸ਼ੀਆਂ ਮਨਾਉਂਦੇ ਭੰਗੜੇ ਪਾਉਂਦੇ ਵਿਸਾਖੀ ਦੇ ਦਿਨ ਲੱਗਦੇ ਮੇਲਿਆਂ ਤੇ ਪਹੁੰਚਦੇ ਹਨ। ਵਿਸਾਖੀ ਦਾ ਮੇਲਾ ਸਰਬ ਦਾ ਸਰਬ ਸਾਂਝਾ ਤਿਉਹਾਰ ਹੈ। ਰਾਮ ਚਾਤ੍ਰਿਕ ਦਾ ਇਹ ਗੀਤ ਬਹੁਤ ਹੀ ਮਸ਼ਹੂਰ ਹੈ

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਪੱਗ ਝੱਗਾ ਚਾਦਰਾ ਨਵਾਂ ਸਵਾਇ ਕੇ,
ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ,
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਵਿਸਾਖੀ ਦਾ ਮੇਲਾ ਸਭ ਧਰਮਾਂ ਦੇ ਲੋਕ ਬਹੁਤ ਚਾਅ ਨਾਲ ਮਨਾਉਂਦੇ ਹਨ। ਬੱਚੇ ਤੋਂ ਲੈ ਕੇ ਬੁੱਢੇ ਆਦਮੀ ਔਰਤਾਂ ਹਰ ਇੱਕ ਨੂੰ ਮੇਲੇ ਦੀ ਬੇਸਬਰੀ ਨਾਲ ਉਡੀਕ ਹੁੰਦੀ ਹੈ। ਵਿਸ-ਾਖੀ ਦਾ ਦਿਨ ਇਤਿਹਾਸਿਕ ਮਹੱਤਤਾ ਪੱਖੋਂ ਸਿੱਖ ਤਵਾਰੀਖ਼ ਨਾਲ ਜੁੜਿਆ ਹੋਇਆ ਹੈ। ਵਿਸਾਖੀ ਵਾਲੇ ਦਿਨ ਸਿੱਖਾਂ ਦੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ 13 ਅਪ੍ਰੈਲ 1699 ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਗੁਰੂ ਜੀ ਨੇ ਪੰਜ ਪੀਰਾਂ ਨੂੰ ਅੰਮ੍ਰਿਤਪਾਨ ਪਾਨ ਕਰਵਾ ਕੇ ਪੰਜ ਪਿਆਰਿਆਂ ਦਾ ਨਾਂ ਦਿੱਤਾ ਸੀ ਅਤੇ ਫਿਰ ਉਹਨਾਂ ਤੋਂ ਆਪ ਅੰਮ੍ਰਿਤ ਛਕ ਕੇ ਅਲੌਕਿਕ ਕਾਰਜ ਕੀਤਾ ਸੀ।ਹੁਣ ਵੀ ਵਿਸਾਖੀ ਵਾਲੇ ਦਿਨ ਹਰ ਸਾਲ ਗੁਰਦੁਆਰਾ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਸੰਗਤਾਂ ਦਾ ਭਾਰੀ ਇੱਕਠ ਜੁੜਦਾ ਹੈ ਲ ਇਸ ਦਿਨ ਇੱਥੇ ਭਾਰੀ ਰੌਣਕਾਂ ਤੇ ਬਹੁਤ ਜ਼ਿਆਦਾ ਭੀੜ ਹੁੰਦੀ ਹੈ। ਇਸ ਦਿਨ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਸਜਾਏ ਜਾਂਦੇ ਹਨ ਢਾਡੀ ਜਥਿਆਂ ਵੱਲੋਂ ਗੁਰੂਆਂ, ਸਿੰਘ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ ਅਤੇ ਗਤਕੇ ਦੇ ਜੌਹਰ ਦਿਖਾਏ ਜਾਂਦੇ ਹਨ।



ਵਿਸਾਖੀ ਦਾ ਮੇਲਾ ਤਲਵੰਡੀ ਸਾਬੋ ਦਮਦਮਾ ਸਾਹਿਬ ਵਿੱਚ ਵੀ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਤਲਵੰਡੀ ਸਾਬੋ ਨੂੰ ਗੁਰੂ ਕੀ ਕਾਸ਼ੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਵਿਸਾਖੀ ਦੇ ਮੇਲੇ ਤੇ ਬਹੁਤ ਹੀ ਦੂਰੋਂ ਦੂਰੋਂ ਸਿੱਖ ਸੰਗਤਾਂ ਇਥੇ ਆ ਕੇ ਦਮਦਮਾ ਸਾਹਿਬ ਵਿਖੇ ਨਤਮਸਤਕ ਹੁੰਦੀਆਂ ਹਨ। ਇਸ ਦਿਨ ਇੱਥੇ ਵੀ ਗੁਰਦੁਆਰਾ ਸਾਹਿਬ ਵਿੱਚ ਭਾਰੀ ਦੀਵਾਨ ਸਜਾਏ ਜਾਂਦੇ ਹਨ। ਇਸ ਮੌਕੇ ਰਾਜਨੀਤਿਕ ਨੇਤਾ ਵੀ ਆਪਣੀਆਂ ਕਾਨਫਰੰਸਾਂ ਕਰਨ ਤੇ ਲੋਕਾਂ ਨੂੰ ਆਪਣਾ ਭਾਸ਼ਨ ਦਿੰਦੇ ਹਨ। ਵਿਸਾਖੀ ਦੇ ਮੇਲੇ ਦੀ ਇਤਿਹਾਸਿਕ ਮਹੱਤਤਾ ਹੈ ਕਿ 13 ਅਪ੍ਰੈਲ 1919 ਨੂੰ ਜਲ੍ਹਿਆਂ ਵਾਲੇ ਬਾਗ ਅੰਮ੍ਰਿਤਸਰ ਵਿਖੇ ਇਕੱਠੇ ਹੋਏ ਲੋਕਾਂ ਤੇ ਜਨਰਲ ਡਾਇਰ ਨੇ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ ਸੀ।

ਇਸ ਬਾਗ਼ ਦਾ ਸਿਰਫ ਇੱਕ ਹੀ ਦਰਵਾਜ਼ਾ ਸੀ, ਤੇ ਉਹ ਦਰਵਾਜੇ ਵਿਚ ਇਹ ਸਿਪਾਹੀ ਬੰਦੂਕ ਲੈ ਕੇ ਖੜੇ ਹੋ ਗਏ। ਉਨ੍ਹਾਂ ਦੀਆਂ ਗੋਲੀਆਂ ਨਾਲ ਇਕੱਠੇ ਹੋਏ ਹਜ਼ਾਰਾਂ ਬੇਕਸੂਰ ਲੋਕ ਮਾਰੇ ਗਏ ਸਨ ਅਤੇ ਕਿੰਨੇ ਹੀ ਜ਼ਖਮੀ ਹੋ ਗਏ ਸਨ। ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਕੇ ਵੀ ਇਸ ਦਿਨ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕੀਤਾ ਜਾਂਦਾ ਹੈ। ਜਿਲ੍ਹਿਆਂ ਵਾਲੇ ਬਾਗ ਵਿੱਚ ਬਣਾਈ ਖੂਹ ਨੂੰ ਖੂਲ੍ਹੀ ਖ਼ੂਨ ਵੀ ਕਿਹਾ ਜਾਂਦਾ ਹੈ। ਕਿਉਂਕਿ ਲੋਕਾਂ ਨੇ ਆਪਣੀ ਜਾਨ ਬਚਾਉਣ ਲਈ ਇਸ ਖੂਹ ਵਿਚ ਛਾਲਾਂ ਮਾਰ ਦਿੱਤੀਆਂ ਸਨ। ਜਲ੍ਹਿਆਂ ਵਾਲੇ ਬਾਗ ਵਿਚ ਗੋਲੀਆਂ ਦੇ ਨਿਸ਼ਾਨ ਅੱਜ ਵੀ ਮੌਜੂਦ ਹਨ। ਹਿੰਦੂ ਧਰਮ ਮੁਤਾਬਿਕ ਇਸ ਦਿਨ 9 ਬਿਕ੍ਰਮੀ ਸੰਮਤ ਦਾ ਆਰੰਭ ਮੰਨਿਆ ਜਾਂਦਾ ਹੈ। ਲੋਕ ਇਸ ਦਿਨ ਭਗਵਾਨ ਦਾ ਭਜਨ ਕਰਦੇ ਹਨ ਅਤੇ ਦਾਨ ਦਿੰਦੇ ਹਨ। ਵਪਾਰੀ ਲੋਕ ਵਿਸਾਖੀ ਤੋਂ ਆਪਣਾ ਨਵਾਂ ਵਹੀ ਖਾਤਾ ਸ਼ੁਰੂ ਕਰਦੇ ਹਨ।

ਪੰਜਾਬ ਵਿਚ ਬਠਿੰਡਾ ਵਿੱਚ ਵੀ ਵਿਸਾਖੀ ਦਾ ਮੇਲਾ ਵੇਖਣ ਯੋਗ ਹੁੰਦਾ ਹੈ। ਲੋਕ ਨਵੇਂ-ਨਵੇਂ ਕੱਪੜੇ ਪਾ ਕੇ ਮੇਲਾ ਵੇਖਣ ਜਾਂਦੇ ਹਨ। ਮੇਲੇ ਵਿਚ ਖੇਡਾਂ ਦੀਆਂ ਦੁਕਾਨਾਂ ਮਠਿਆਈ ਦੀਆਂ ਦੁਕਾਨਾਂ, ਦੀਆਂ ਦੁਕਾਨਾਂ ਸਜਾਈਆਂ ਜਾਂਦੀਆਂ ਹਨ। ਮੇਲੇ ਵਿੱਚ ਲੋਕ ਮਠਿਆਈ ਗੋਲਗੱਪੇ ਆਦਿ ਖਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਬੱਚੇ ਛੋਟੇ ਅਤੇ ਵੱਡੇ ਝੂਲਿਆਂ ਤੇ ਝੂਟੇ ਲੈ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਮੇਲੇ ਵਿੱਚ ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਈਆਂ ਜਾਂਦੀਆਂ ਹਨ ਲੋਕ ਬੜੇ ਹੀ ਚਾਅ ਨਾਲ ਇਨ੍ਹਾਂ ਦਾ ਅਨੰਦ ਮਾਣਦੇ ਹਨ।ਇਸ ਦਿਨ ਲੋਕ ਘਰਾਂ ਚ ਪੀਲੇ ਰੰਗ ਦੇ ਮਿੱਠੇ ਚੌਲ ਬਣਾਉਂਦੇ ਹਨ।ਹਾੜੀ ਦੀ ਵਾਢੀ ਸ਼ੁਰੂ ਕਰਨ ਲਈ ਮਹੂਰਤ ਵੀ ਕਰਦੇ ਹਨ। ਇਸ ਦਿਨ ਲੋਕਾਂ ਦੇ ਮਨਾਂ ਚ ਬੜਾ ਚਾਅ,ਉਲਾਸ ਅਤੇ ਉਤਸ਼ਾਹ ਹੁੰਦਾ ਹੈ।





Heartiest congratulations on

Dr. Ambedkar's

131st Birth Anniversary





# MANY CONGRATULATIONS

## ਗੁਰੂ ਪਿਆਰੀ ਸਾਧ ਸੰਗਤ ਨੂੰ ਵਿਸਾਖ, ਵਿਸਾਖੀ, ਖਾਲਸਾ ਜੀ ਦੇ ਸਥਾਪਨਾ ਦਿਵਸ ਅਤੇ ਡਾ. ਅੰਬੇਡਕਰ ਦੇ 131ਵੇਂ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ

**Amrik Chand**
**(CPA)**

Phone : 510-490-8200
Fax : 510-490-8202
Email : achand@pacbell.net

959 Corporate Way,
Fremont, CA. 94539





# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**



Prop: Jasbir Singh Takhar
510-755-2132

Free Estimates
Free Towing

**510- 733- 2222**

1421 Industrial PKWY West#F Hay-ward, CA 94544



Harmandeep Singh



# L.A. MERCHANDISE

## Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables




New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।







Baksho Kaur Bisla Hardev Singh Bisla



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ

530-671-0439, Fax 530-822-0439 Cell- 530-844-3250

The minorities in India have loyally accepted the rule of the majority which is basically a communal majority and not a political majority. It is for the majority to realize its duty not to discriminate against minorities. Whether the minorities will continue or will vanish must depend upon this habit of majority. The moment the majority looses the habit of discriminating against the minority, the minorities can have no ground to exist. They will vanish.

Dr. Ambedkar





## Heartiest congratulations on

# Dr. Ambedkar's 131st birth anniversary



**Shri Amardeep Chahal with his Wife, Mother & Father** (File Photo)

## ਸਮੂਹ ਸ੍ਰੀ ਬਿਹਾਰੀ ਲਾਲ ਚਾਹਲ ਪਰਿਵਾਰ



# ਗੁਰੂ ਪਿਆਰੀ ਸਾਧ ਸੰਗਤ ਨੂੰ ਵਿਸਾਖ, ਵਿਸਾਖੀ, ਖਾਲਸਾ ਜੀ ਦੇ ਸਥਾਪਨਾ ਦਿਵਸ ਅਤੇ ਡਾ. ਅੰਬੇਡਕਰ ਦੇ 131ਵੇਂ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ



## ਤੀਰਥ ਸਿੰਘ ਸੋਹਲ ਅਤੇ ਸਮੂਹ ਪਰਿਵਾਰ


# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

### ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
## WASH, LUBE, BRAKES

Call:
650-642-0697

## 3525 Highway 99, West Corning, CA 96021
Across the Street from TA Truck Stop



# ਗੁਰੂ ਪਿਆਰੀ ਸਾਧ ਸੰਗਤ ਨੂੰ ਵਿਸਾਖ, ਵਿਸਾਖੀ, ਖਾਲਸਾ ਜੀ ਦੇ ਸਥਾਪਨਾ ਦਿਵਸ ਅਤੇ ਡਾ. ਅੰਬੇਡਕਰ ਦੇ 131ਵੇਂ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ

**ਅਵਤਾਰ ਸਿੰਘ ਡੌਡ ਅਤੇ ਸਮੂਹ ਪਰਿਵਾਰ**





**Learn to live in this world with self-respect. You should always cherish some ambition of doing something in this world. But remember that the age of selflessness has ended. A new epoch is set in. All things are now possible because of your being able to participate in the politics and legislature of your country.**

**- Dr. Ambedkar**

# Heartiest congratulations on

# Dr. Ambedkar's 131st Birth Anniversary



## Momi Brothers

ਖੱਬੇ ਤੋਂ ਸੱਜੇ:- ਸੁਰਜੀਤ ਮੋਮੀ, ਲਾਲੀ ਮੋਮੀ, ਪ੍ਰੇਮ ਸੋਢੀ ਮੋਮੀ, ਹਰਮਿੰਦਰ ਮੋਮੀ, ਰਾਜਿੰਦਰ ਮੋਮੀ (ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ)

DAYS INN

Holiday Inn EXPRESS HOTEL & SUITES

momi



# ਗੁਰੂ ਪਿਆਰੀ ਸਾਧ ਸੰਗਤ ਨੂੰ ਵਿਸਾਖ, ਵਿਸਾਖੀ, ਖਾਲਸਾ ਜੀ ਦੇ ਸਥਾਪਨਾ ਦਿਵਸ ਅਤੇ ਡਾ. ਅੰਬੇਡਕਰ ਦੇ 131ਵੇਂ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ



ਸੁਦੇਸ਼ ਸਿੰਘ ਅਵਟਾਲ
510-372-5061



ਜਸਵੀਰ ਸਿੰਘ ਤੱਖਰ
510-755-2132

## ਸਿੱਖ ਭਾਈਚਾਰੇ ਦੇ ਉਘੇ ਸਮਾਜ ਸੇਵੀ




Constitutional morality is not a natural sentiment. It has to be cultivated. We must realize that our people have yet to learn it. Democracy in India is only a top dressing on an Indian soil which is essentially undemocratic.

- Dr. Ambedkar

## Heartiest congratulations on Dr. Ambedkar's 131st Birth Anniversary

ਗੁਰੂ ਪਿਆਰੀ ਸਾਧ ਸੰਗਤ ਨੂੰ ਵਿਸਾਖ, ਵਿਸਾਖੀ, ਖਾਲਸਾ ਜੀ ਦੇ ਸਥਾਪਨਾ ਦਿਵਸ ਅਤੇ ਡਾ.ਅੰਬੇਡਕਰ ਦੇ 131ਵੇਂ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ

**ਕਸ਼ਮੀਰੀ ਭਾਟੀਆ ਅਤੇ ਸਮੂਹ ਭਾਟੀਆ ਪਰਿਵਾਰ**





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust





# ਗੁਰੂ ਪਿਆਰੀ ਸਾਧ ਸੰਗਤ ਨੂੰ ਵਿਸਾਖ, ਵਿਸਾਖੀ, ਖਾਲਸਾ ਜੀ ਦੇ ਸਥਾਪਨਾ ਦਿਵਸ ਅਤੇ ਡਾ. ਅੰਬੇਡਕਰ ਦੇ 131ਵੇਂ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ







ਵਿਸ਼ਵ ਰਤਨ, ਯੁੱਗ ਪੁਰਸ਼,
ਰਹਿਬਰ-ਏ-ਕੌਮ, ਸੰਵਿਧਾਨ
ਨਿਰਮਾਤਾ, ਨਾਰੀ ਮੁਕਤੀ ਦਾਤਾ
ਇੱਕ ਐਸਾ ਚਾਨਣ ਮੁਨਾਰਾ
ਜਿਸ ਨੇ, ਡਿੱਗੇ-ਢੱਠੇ ਅਤੇ ਹਾਰੇ
ਹੋਏ ਲੋਕਾਂ ਨੂੰ ਰੌਸ਼ਨੀ ਦੇ ਕੇ
ਆਪਣੇ ਹੱਕਾਂ ਪ੍ਰਤੀ ਲੜਨ ਲਈ
ਪ੍ਰੇਰਿਤ ਕੀਤਾ। ਸਾਨੂੰ ਉੱਚੀ
ਆਨ-ਬਾਨ ਤੇ ਸ਼ਾਨ ਨਾਲ
ਜਿਉਣਾ ਸਿਖਾਉਣ ਵਾਲੇ

**ਬਾਬਾ ਸਾਹਿਬ**
**ਡਾ.ਭੀਮ ਰਾਓ ਅੰਬੇਦਕਰ**

ਜੀ ਦੇ 131ਵੇਂ ਜਨਮ ਦਿਨ
ਦੀਆਂ ਲੱਖ-ਲੱਖ ਮੁਬਾਰਕਾਂ ਜੀ

**ਜੈ ਭੀਮ - ਜੈ ਭਾਰਤ ਜੀ**



# ਉਘੇ ਸਮਾਜ ਸੇਵੀ ਨੀਰਜ ਕੁਮਾਰ ਚੰਦੜ ਅਤੇ ਸਮੂਹ ਚੰਦੜ ਪਰਿਵਾਰ



Constitutional morality is not a natural sentiment. It has to be cultivated. We must re-alize that our people have yet to learn it. Democracy in India is only a top dressing on an Indian soil which is essentially undemocratic.

\- Dr. Ambedkar

**Heartiest congratulations on**

# Dr. Ambedkar's 131st Birth Anniversary



# ਸ਼੍ਰੀ ਰਾਮ ਮੂਰਤੀ ਸਰੋਏ ਅਤੇ ਸ਼੍ਰੀਮਤੀ ਸੱਤਿਆਵਤੀ ਸਰੋਏ

ਭਾਰਤੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ, ਉਘੇ ਸਮਾਜ ਸੇਵੀ ਅਤੇ ਬਿਜਨਸਮੈਨ ਸ਼੍ਰੀ ਰਾਮ ਮੂਰਤੀ ਸਰੋਏ ਅਤੇ ਸ਼੍ਰੀਮਤੀ ਸੱਤਿਆਵਤੀ ਸਰੋਏ

**Chairman, DR. B.R. AMBEDKAR EDUCATIONAL AID SOCIETY, FREMONT (CA)**

**Member of Supreme Council Sri Guru Ravidass Sabhas USA**









ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ। ਇਸ ਮੌਕੇ ਦਾਨੀ ਪਰਿਵਾਰਾਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ ਕਮੇਟੀ ਦੇ ਮੈਂਬਰ।



MANY CONGRATULATIONS

Heartiest congratulations on

Dr. Ambedkar's
131st Birth Anniversary

Bhim International USA

Vinod Kumar Chumber
Founder Member


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
rajasweetsandcatering
Follow us on Twitter
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com





ਗੁਰੂ ਪਿਆਰੀ ਸਾਧ ਸੰਗਤ ਨੂੰ ਵਿਸਾਖ, ਵਿਸਾਖੀ, ਖਾਲਸਾ ਜੀ ਦੇ ਸਥਾਪਨਾ ਦਿਵਸ ਅਤੇ ਡਾ. ਅੰਬੇਡਕਰ ਦੇ 131ਵੇਂ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ



ਮੱਖਣ ਸਿੰਘ ਬੈਂਸ

ਗਿਆਨੀ ਰਵਿੰਦਰ ਸਿੰਘ


Toll Free 1-866-FOR-RAJA
www.rajasweets.com
msbains@rajasweets.com
Follow us on:

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345



Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com